@Qpatrika
@qaumipatrika punjabi
instagram.com/qaumipatrika
Largest Circulated
विश्व भर में सबसे ज्यादा पढ़ा जाने वाला
# ਕੌਮੀ ਪਤ੍ਰਿਕਾ
Qaumi Patrika NO.1
Punjabi National Daily
दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Tuesday, 17 December 2024
VISIT: www.qaumipatrika.org
Email: qpatrika@gmail.com
ਨਵੀਂ ਦਿੱਲੀ: ਮੰਗਲਵਾਰ 17 ਦਸੰਬਰ 2024, 3 ਪੋਹ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ
R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 43, ਅੰਕ 37, qpatrika@gmail.com ਫੋਨ : 9971359517 www.qaumipatrika.org

## ਅਮਿਤ ਸ਼ਾਹ ਨੇ ਕੈਨੇਡਾ ਸਰਕਾਰ ਤੋਂ ਮੰਗੇ ਇਹ ਸਬੂਤ

**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ/ਟੋਰਾਂਟੋ, 16 ਦਸੰਬਰ : ਕੇਂਦਰੀ ਗ੍ਰਹਿ ਮੰਤਰੀ ਅਮਿਤ ਸਾਹ ਨੇ ਪਹਿਲੀ ਵਾਰ ਲਾਰੇਂਸ ਬਿਸਨੋਈ ਅਤੇ ਕੈਨੇਡਾ ਵੱਲੋਂ ਲਗਾਏ ਦੋਸਾਂ 'ਤੇ ਜਵਾਬ ਦਿੱਤਾ ਹੈ। ਉਨ੍ਹਾਂ ਨੇ ਇਸ ਮੁੱਦੇ 'ਤੇ ਭਾਰਤ ਸਰਕਾਰ ਦਾ ਸਟੈਂਡ ਵੀ ਸਪੱਸਟ ਕੀਤਾ ਹੈ। ਉਨ੍ਹਾਂ ਭਾਰਤ ਦੇ ਨਵੇਂ ਕਾਨੂੰਨਾਂ ਅਤੇ ਜੇਲ੍ਹਾਂ ਦੀ ਸਜਾ ਘਟਾਉਣ ਵਰਗੇ ਮੁੱਦਿਆਂ ਬਾਰੇ ਵੀ ਗੱਲ ਕੀਤੀ। ਇੰਡੀਆ ਟੂਡੇ ਦੇ ਇੱਕ ਪ੍ਰੋਗਰਾਮ ਵਿੱਚ ਜਦੋਂ ਅਮਿਤ ਸਾਹ ਨੂੰ ਲਾਰੈਂਸ ਬਿਸਨੋਈ ਅਤੇ ਕੈਨੇਡਾ ਦੁਆਰਾ ਲਗਾਏ ਦੋਸਾਂ ਬਾਰੇ ਪੁੱਛਿਆ ਗਿਆ ਸੀ ਕਿ ਜਸਟਿਨ ਟਰੂਡੋ ਸਰਕਾਰ ਨੇ ਦੋਸ ਲਾਇਆ ਸੀ ਕਿ ਲਾਰੇਂਸ ਜੇਲ੍ਹ ਵਿੱਚ ਹੈ ਅਤੇ ਕੇਂਦਰ ਸਰਕਾਰ ਦੇ ਸਹਿਯੋਗ ਨਾਲ ਕੈਨੇਡਾ ਵਿੱਚ ਹਿੰਸਾ ਭੜਕਾ ਰਿਹਾ ਹੈ, ਤਾਂ ਉਨ੍ਹਾਂ ਨੇ ਕੈਨੇਡਾ ਦੇ ਦੋਸਾਂ ਨੂੰ ਸਿਰੇ ਤੋਂ ਨਕਾਰ ਦਿੱਤਾ।

ਅਮਿਤ ਸਾਹ ਨੇ ਕਿਹਾ, "ਵਿਦੇਸ ਮੰਤਰੀ ਐੱਸ ਜੈਸ਼ੰਕਰ ਨੇ ਕੈਨੇਡੀਅਨ ਸਰਕਾਰ ਨੂੰ ਕਿਹਾ ਹੈ ਕਿ ਇਸ ਮਾਮਲੇ ਵਿੱਚ ਜੋ ਵੀ



ਸਬੂਤ ਹਨ, ਉਹ ਸਾਡੇ ਸਾਹਮਣੇ ਪੇਸ ਕਰਨ... ਅਸੀਂ ਸਖਤ ਕਾਰਵਾਈ ਕਰਾਂਗੇ।" ਅਪਰਾਧੀ ਹੁਣ ਜੇਲ 'ਚ ਸਜਾ ਦੀ ਬਜਾਏ ਮੌਜ-ਮਸਤੀ ਕਰ ਰਹੇ ਹਨ, ਦੇ ਸਵਾਲ ਦੇ ਜਵਾਬ 'ਚ ਅਮਿਤ ਸਾਹ ਨੇ ਕਿਹਾ ਕਿ ਅਸੀਂ ਤਿੰਨ ਨਵੇਂ ਕਾਨੂੰਨ ਲਿਆਂਦੇ ਹਨ ਅਤੇ ਦੇਸ ਦੇ ਲੋਕਾਂ ਨੂੰ ਭਰੋਸੇ ਨਾਲ ਦੱਸਣਾ ਚਾਹੁੰਦੇ ਹਾਂ ਕਿ ਕੋਈ ਵੀ ਐੱਫ.ਆਈ.ਆਰ. ਹੋਵੇ ਤਿੰਨ ਸਾਲਾਂ ਵਿੱਚ ਨਿਆਂ ਮਿਲੇਗਾ। ਕਿਸੇ ਨੂੰ ਵੀ ਬਿਨਾਂ ਵਜ੍ਹਾ ਜੇਲ੍ਹ ਵਿੱਚ ਨਹੀਂ ਰਹਿਣਾ ਪਵੇਗਾ। ਜੇਲ੍ਹ 'ਚੋਂ ਕੈਦੀਆਂ ਦਾ ਬੋਝ ਘੱਟ ਕਰਨ ਅਤੇ ਜੇਲ 'ਚ ਵਧ ਰਹੇ ਅਪਰਾਧਾਂ ਨੂੰ ਰੋਕਣ ਲਈ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਅਮਿਤ ਸਾਹ ਨੇ ਕਿਹਾ ਕਿ ਸਾਡੇ ਤਿੰਨ ਨਵੇਂ ਕਾਨੂੰਨਾਂ 'ਚ ਅਸੀਂ ਇਹ ਵੀ ਕਿਹਾ ਹੈ ਕਿ ਪਹਿਲੀ ਵਾਰ ਅਪਰਾਧ ਕਰਨ ਵਾਲੇ ਨੂੰ ਸਜਾ ਦਾ ਇਕ ਤਿਹਾਈ ਹਿੱਸਾ ਹੈ। ਇਸ ਲਈ ਉਸਨੂੰ ਜਮਾਨਤ 'ਤੇ ਬਾਹਰ ਕੱਢਣਾ ਜੇਲ੍ਹਰ ਦੀ ਜਿ਼ੰਮੇਵਾਰੀ ਹੈ। ਜੇਕਰ ਉਸ ਨੇ ਦੂਜੀ ਵਾਰ ਜੁਰਮ ਕੀਤਾ ਹੈ ਅਤੇ 50 ਫੀਸਦੀ ਸਜਾ ਭੁਗਤ ਚੁੱਕਾ ਹੈ ਤਾਂ ਉਸ ਨੂੰ ਜੇਲ੍ਹ ਤੋਂ ਬਾਹਰ ਕੱਢਣ ਦੀ ਕੋਸਿ਼ਸ ਕਰਨਾ ਵੀ ਜੇਲ੍ਹਰ ਦੀ ਜਿ਼ੰਮੇਵਾਰੀ ਹੈ। ਲਾਰੈਂਸ ਬਿਸਨੋਈ ਦੀ ਉਮਰ 31 ਸਾਲ ਹੈ ਅਤੇ ਉਹ ਪੰਜਾਬ ਦੇ ਫਿ਼ਰੋਜਪੁਰ ਜਿ਼ਲ੍ਹੇ ਦੇ ਪਿੰਡ ਧੱਤਰਾਂਵਾਲੀ ਦਾ ਰਹਿਣ ਵਾਲਾ ਹੈ। ਉਹ ਬਿਸਨੋਈ ਭਾਈਚਾਰੇ ਨਾਲ ਸਬੰਧਤ ਹੈ।

ਇਸ ਭਾਈਚਾਰੇ ਦੇ ਲੋਕ ਪੰਜਾਬ, ਹਰਿਆਣਾ ਅਤੇ ਰਾਜਸਥਾਨ ਵਿੱਚ ਹਨ। ਬਿਸਨੋਈ ਨੇ 12ਵੀਂ ਜਮਾਤ ਤੱਕ ਪਿੰਡ ਤੋਂ ਹੀ ਪੜ੍ਹਾਈ ਕੀਤੀ ਅਤੇ ਕਾਲਜ ਦੀ ਪੜ੍ਹਾਈ ਲਈ 2010 ਵਿੱਚ ਚੰਡੀਗੜ੍ਹ ਚਲਾ ਗਿਆ। ਡੀਏਵੀ ਕਾਲਜ ਵਿੱਚ ਦਾਖਲਾ ਲੈਣ ਤੋਂ ਬਾਅਦ, ਉਹ ਵਿਦਿਆਰਥੀ ਰਾਜਨੀਤੀ ਵਿੱਚ ਸਰਗਰਮ ਹੋ ਗਿਆ ਅਤੇ 2011-12 ਵਿੱਚ ਪੰਜਾਬ ਯੂਨੀਵਰਸਿਟੀ ਵਿਦਿਆਰਥੀ ਸੰਗਠਨ () ਦਾ ਪ੍ਰਧਾਨ ਬਣਿਆ। ਅਪਰਾਧਿਕ ਰਿਕਾਰਡ ਦੇ ਮੁਤਾਬਕ ਲਾਰੇਂਸ ਬਿਸਨੋਈ ਖਿ਼ਲਾਫ ਪਹਿਲੀ ਐਫ.ਆਈ.ਆਰ ਹੱਤਿਆ ਦੀ ਕੋਸਿ਼ਸ ਦੇ ਇੱਕ ਮਾਮਲੇ ਵਿੱਚ ਦਰਜ ਕੀਤੀ ਗਈ ਸੀ। ਅਪ੍ਰੈਲ 2010 ਵਿੱਚ ਜਬਰੀ ਘਰ ਵਿੱਚ ਦਾਖਲ ਹੋਣ ਅਤੇ ਫਰਵਰੀ 2011 ਵਿੱਚ ਕੁੱਟਮਾਰ ਅਤੇ ਮੋਬਾਈਲ ਫੋਨ ਚੋਰੀ ਦੇ ਮਾਮਲਿਆਂ ਵਿੱਚ ਵੀ ਐਫ.ਆਈ.ਆਰ ਦਰਜ ਕੀਤੀਆਂ ਗਈਆਂ ਸਨ।

## ਕਾਂਗਰਸ ਬਾਰੇ ਰੋਣਾ ਬੰਦ ਕਰੇ ਤੇ ਚੋਣ ਨਤੀਜਿਆਂ ਨੂੰ ਮੰਨੇ : ਉਮਰ

ਨਵੀਂ ਦਿੱਲੀ, 16 ਦਸੰਬਰ : ਜੰਮੂ-ਕਸਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਆਪਣੀ ਅਹਿਮ ਸਹਿਯੋਗੀ ਪਾਰਟੀ ਕਾਂਗਰਸ ਨਾਲ ਵਿਵਾਦ ਦਾ ਇਕ ਹੋਰ ਮੁੱਦਾ ਛੇੜਦਿਆਂ ਕਿਹਾ ਹੈ ਕਿ ਕਾਂਗਰਸ ਨੂੰ ਈ. ਵੀ. ਐੱਮ. ਬਾਰੇ ਰੋਣਾ ਬੰਦ ਕਰਨਾ ਚਾਹੀਦਾ ਹੈ ਤੇ ਚੋਣ ਨਤੀਜਿਆਂ ਨੂੰ ਪ੍ਰਵਾਨ ਕਰਨਾ ਚਾਹੀਦਾ ਹੈ। ਉਨ੍ਹਾਂ ਕਾਂਗਰਸ ਦੇ ਇਲੈਕਟ੍ਰਾਨਿਕ ਵੋਟਿੰਗ ਮਸੀਨ (ਈ. ਵੀ. ਐੱਮ.) ਬਾਰੇ ਤਿੱਖੇ ਇਤਰਾਜਾਂ ਨੂੰ ਐਤਵਾਰ ਰੱਦ ਕਰ ਦਿੱਤਾ ਤੇ ਇਕ ਤਰ੍ਹਾਂ ਨਾਲ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਰੁਖ ਨੂੰ ਦੁਹਰਾਇਆ ਕਿ ਅਜਿਹਾ ਨਹੀਂ ਹੋ ਸਕਦਾ ਕਿ ਜਦੋਂ ਤੁਸੀਂ ਚੋਣਾਂ ਜਿੱਤ ਜਾਓ ਤਾਂ ਨਤੀਜੇ ਪ੍ਰਵਾਨ ਕਰ ਲਓ ਤੇ ਜਦੋਂ ਹਾਰ ਜਾਓ ਤਾਂ ਈ. ਵੀ. ਐੱਮ. ਨੂੰ ਦੋਸੀ ਕਰਾਰ ਦੇ ਦਿਓ। ਉਮਰ ਅਬਦੁੱਲਾ ਨੇ ਕਿਹਾ ਕਿ ਜਦੋਂ ਕਾਂਗਰਸ ਦੇ 100 ਤੋਂ ਵੱਧ ਮੈਂਬਰ ਉਸੇ ਈ. ਵੀ. ਐੱਮ.



ਦੀ ਵਰਤੋਂ ਕਰਦੇ ਹੋਏ ਲੋਕ ਸਭਾ 'ਚ ਪਹੁੰਚਦੇ ਹਨ ਤਾਂ ਕਾਂਗਰਸ ਇਸ ਨੂੰ ਆਪਣੀ ਪਾਰਟੀ ਦੀ ਜਿੱਤ ਦੱਸ ਦਿੰਦੀ ਹੈ। ਕੁਝ ਮਹੀਨਿਆਂ ਬਾਅਦ ਪਾਰਟੀ ਇਹ ਨਹੀਂ ਕਹਿ ਸਕਦੀ ਕਿ ਹੁਣ ਸਾਨੂੰ ਈ. ਵੀ. ਐੱਮ. ਦੇ ਨਤੀਜੇ ਪਸੰਦ ਨਹੀਂ ਕਿਉਂਕਿ ਹੁਣ ਇਹ ਉਸ ਤਰ੍ਹਾਂ ਨਹੀਂ ਆ ਰਹੇ ਜਿਸ ਤਰ੍ਹਾਂ ਦੇ ਅਸੀਂ ਚਾਹੁੰਦੇ ਸੀ। ਜਦੋਂ ਉਨ੍ਹਾਂ ਨੂੰ ਪੁੱਛਿਆ ਗਿਆ ਕਿ ਉਹ ਭਾਜਪਾ ਦੇ ਬੁਲਾਰੇ ਵਾਂਗ ਬੋਲ ਰਹੇ ਹਨ ਤਾਂ ਅਬਦੁੱਲਾ ਨੇ ਕਿਹਾ ਕਿ ਨਹੀਂ, ਇਸ ਤਰ੍ਹਾਂ ਨਹੀਂ ਹੈ। ਜੋ ਸਹੀ ਹੈ ਉਹ ਸਹੀ ਹੈ। ਉਮਰ ਨੇ ਕਿਹਾ ਕਿ ਉਹ ਗੱਠਜੋੜ ਦੇ ਸਹਿਯੋਗੀ ਪ੍ਰਤੀ ਵਫਾਦਾਰੀ ਦੀ ਬਜਾਏ ਸਿਧਾਂਤਾਂ 'ਤੇ ਬੋਲਦੇ ਹਨ। ਉਨ੍ਹਾਂ ਸੈਂਟਰਲ ਵਿਸਟਾ ਵਰਗੇ ਬੁਨਿਆਦੀ ਢਾਂਚੇ ਦੇ ਪ੍ਰਾਜੈਕਟਾਂ ਲਈ ਆਪਣੀ ਹਮਾਇਤ ਦਾ ਜਿ਼ਕਰ ਕਰਦਿਆਂ ਕਿਹਾ ਕਿ ਇਸ ਲਈ ਵੀ ਮੈਂ ਆਪਣੀ ਆਜਾਦ ਸੋਚ ਅਪਣਾਈ। ਨੈਸਨਲ ਕਾਨਫਰੰਸ ਦੇ ਆਗੂ ਨੇ ਕਿਹਾ ਕਿ ਹਰ ਕਿਸੇ ਦੀ ਧਾਰਨਾ ਦੇ ਉਲਟ ਮੈਨੂੰ ਲੱਗਦਾ ਹੈ ਕਿ ਦਿੱਲੀ ਵਿਚ ਸੈਂਟਰਲ ਵਿਸਟਾ ਪ੍ਰਾਜੈਕਟ ਬਹੁਤ ਵਧੀਆ ਹੈ। ਮੇਰਾ ਮੰਨਣਾ ਹੈ ਕਿ ਨਵੀਂ ਸੰਸਦ ਦੀ ਇਮਾਰਤ ਬਣਾਉਣਾ ਬਹੁਤ ਵਧੀਆ ਵਿਚਾਰ ਸੀ। ਸਾਨੂੰ ਨਵੀਂ ਸੰਸਦ ਭਵਨ ਦੀ ਲੋੜ ਸੀ। ਪੁਰਾਣੀ ਇਮਾਰਤ ਆਪਣੀ ਉਪਯੋਗਤਾ ਗੁਆ ਚੁੱਕੀ ਹੈ।

## 'ਫਲਸਤੀਨ' ਲਿਖਿਆ ਹੈਂਡਬੈਂਗ ਲੈ ਕੇ ਸੰਸਦ ਪਹੁੰਚੀ ਪ੍ਰਿਯੰਕਾ ਗਾਂਧੀ

ਨਵੀਂ ਦਿੱਲੀ, 16 ਦਸੰਬਰ : ਕਾਂਗਰਸ ਜਨਰਲ ਸਕੱਤਰ ਪ੍ਰਿਯੰਕਾ ਗਾਂਧੀ ਵਾਡਰਾ ਫਲਸਤੀਨ ਦੇ ਲੋਕਾਂ ਦੇ ਪ੍ਰਤੀ ਇਕਜੁਟਤਾ ਪ੍ਰਗਟ ਕਰਦੇ ਹੋਏ ਸੋਮਵਾਰ ਨੂੰ ਇਕ ਅਜਿਹੇ ਹੈਂਡਬੈਗ ਨਾਲ ਸੰਸਦ ਪਹੁੰਚੀ, ਜਿਸ 'ਤੇ 'ਫਲਸਤੀਨ' ਲਿਖਿਆ ਹੋਇਆ ਸੀ। ਉਹ ਕਈ ਮੌਕਿਆਂ 'ਤੇ ਗਾਜਾ 'ਚ ਇਜਰਾਈਲ ਦੀ ਫੌਜ ਕਾਰਵਾਈ ਖਿ਼ਲਾਫ ਆਵਾਜ ਚੁੱਕਦੀ ਅਤੇ ਫਲਸਤੀਨੀਆਂ ਨਾਲ ਇਕਜੁਟਤਾ ਜਾਹਰ ਕਰਦੀ ਰਹੀ ਹੈ। ਉਨ੍ਹਾਂ ਨੇ ਜੋ ਹੈਂਡਬੈਗ ਫੜਿਆ ਹੋਇਆ ਸੀ, ਉਸ 'ਤੇ ਅੰਗਰੇਜੀ 'ਚ 'ਪੇਲੇਸਟਾਈਨ' (ਫਲਸਤੀਨ) ਲਿਖੇ ਹੋਣ ਨਾਲ ਫਲਸਤੀਨ ਨਾਲ ਜੁੜੇ ਕਈ ਪ੍ਰਤੀਕ ਵੀ ਬਣੇ ਹੋਏ ਸਨ। ਨਵੀਂ ਦਿੱਲੀ 'ਚ ਫਲਸਤੀਨੀ ਦੂਤਘਰ ਮੁਖੀ ਆਬਿਦ ਅਲਰਜਾਕ ਅਬੂ ਜਾਜਰ ਨੇ ਪਿਛਲੇ ਹਫਤੇ ਪ੍ਰਿਯੰਕਾ ਗਾਂਧੀ ਨਾਲ ਮੁਲਾਕਾਤ ਕਰ ਕੇ ਕਾਂਗਰਸ ਆਗੂ ਨੂੰ ਕੇਰਲ ਦੇ ਵਾਇਨਾਡ ਤੋਂ ਉਨ੍ਹਾਂ ਦੀ ਹਾਲੀਆ ਚੋਣ ਜਿੱਤ 'ਤੇ ਵਧਾਈ ਦਿੱਤੀ ਸੀ। ਦੱਸਣਯੋਗ ਹੈ ਕਿ ਹਮਾਸ ਅਤੇ ਇਜਰਾਈਲ ਵਿਚਾਲੇ 7 ਅਕਤੂਬਰ 2023 ਤੋਂ ਜੰਗ ਚੱਲ ਰਹੀ ਹੈ। ਹਮਾਸ ਨੇ ਇਜਰਾਈਲ 'ਤੇ ਹਮਲਾ ਕੀਤਾ ਸੀ। ਇਸ ਤੋਂ ਬਾਅਦ ਇਜਰਾਈਲ ਨੇ ਗਾਜਾ 'ਤੇ ਲਗਾਤਾਰ ਵਿਨਾਸਕਾਰੀ ਹਮਲੇ ਕੀਤੇ ਹਨ। ਇਨ੍ਹਾਂ ਹਮਲਿਆਂ 'ਚ ਸੰਯੁਕਤ ਰਾਸਟਰ ਦੇ ਮਨੁੱਖੀ ਅਧਿਕਾਰਾਂ ਦੇ ਹਾਈ ਕਮਿਸਨਰ (ਓ.ਐੱਚ.ਸੀ.ਐੱਚ.ਆਰ.) ਦੇ ਦਫਤਰ ਨੇ ਨਵੰਬਰ 'ਚ ਇਕ ਰਿਪੋਰਟ ਅੱਗੇ ਰੱਖੀ। ਰਿਪੋਰਟ ਅਨੁਸਾਰ ਗਾਜਾ 'ਚ ਇਜਰਾਈਲ ਦੀ ਜੰਗ ਦੇ ਪਹਿਲੇ 6 ਮਹੀਨਿਆਂ ਦੌਰਾਨ ਕਥਿਤ ਤੌਰ 'ਤੇ 34,500 ਤੋਂ ਵੱਧ ਲੋਕ ਮਾਰੇ ਗਏ ਹਨ।

## 'ਵਨ ਸਟੇਸ਼ਨ ਵਨ ਪ੍ਰੋਡਕਟ' ਯੋਜਨਾ ਦਾ ਵਿਸਥਾਰ, ਮਹਿਲਾ ਕਾਰੀਗਰਾਂ ਨੂੰ ਬਣਾ ਰਿਹੈ ਸਸ਼ਕਤ

ਨਵੀਂ ਦਿੱਲੀ, 16 ਦਸੰਬਰ : ਭਾਰਤ ਭਰ ਦੇ ਰੇਲਵੇ ਸਟੇਸ਼ਨਾਂ 'ਤੇ ਸਥਾਨਕ ਸ਼ਿਲਪਕਾਰੀ ਅਤੇ ਉਤਪਾਦਾਂ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਇਕ ਸਰਕਾਰੀ ਯੋਜਨਾ 'ਵਨ ਸਟੇਸ਼ਨ ਵਨ ਪ੍ਰੋਡਕਟ' () ਨੇ ਪੂਰੇ ਦੇਸ਼ ਵਿਚ ਵਿਕਾਸ ਵੇਖਿਆ ਹੈ। ਇਕੱਲੇ ਮੱਧ ਰੇਲਵੇ ਕੋਲ 157 ਆਊਟਲੈੱਟ ਹਨ, ਜੋ ਇਸ ਪਹਿਲਕਦਮੀ ਪ੍ਰਤੀ ਆਪਣੀ ਮਜਬੂਤ ਵਚਨਬੱਧਤਾ ਨੂੰ ਦਰਸਾਉਂਦੇ ਹਨ। ਮੱਧ ਰੇਲਵੇ ਵਿਚ ਭੁਸਾਵਲ ਡਿਵੀਜਨ 25 ਆਪ੍ਰੇਸ਼ਨਲ ਆਊਟਲੈੱਟ ਸੰਪੰਨ ਅਤੇ ਸਰਗਰਮ ਰੂਪ ਨਾਲ ਕੰਮ ਕਰ ਰਹੇ ਹਨ। ਜੋ ਭਾਰਤ ਦੇ ਅਮੀਰ ਅਤੇ ਵਿਭਿੰਨ ਸਥਾਨਕ ਉਤਪਾਦਾਂ ਨੂੰ ਪ੍ਰਦਰਸਿ਼ਤ ਕਰ ਰਹੇ ਹਨ।

ਭੁਸਾਵਲ ਡਿਵੀਜਨ ਰੇਲ ਪ੍ਰਬੰਧਕ ਇਤੀ ਪਾਂਡੇ ਦਾ ਕਹਿਣਾ ਹੈ ਕਿ ਇਹ ਸਥਾਨਕ ਅਰਥਵਿਵਸਥਾ 'ਚ ਯੋਗਦਾਨ ਦੇ ਰਿਹਾ ਹੈ। ਇਨ੍ਹਾਂ ਸਾਰਿਆਂ ਦੀ ਅਗਵਾਈ ਔਰਤਾਂ ਕਰ ਰਹੀਆਂ ਹਨ। "ਵੋਕਲ ਫਾਰ ਲੋਕਲ" ਦੇ ਵਿਜਨ ਤੋਂ ਸੂਰੂ ਹੋ ਕੇ ਪਹਿਲਕਦਮੀ ਨੇ ਭੁਸਾਵਲ ਡਿਵੀਜਨ 'ਚ ਔਰਤਾਂ ਦੇ ਸਸਕਤੀਕਰਨ 'ਚ ਮਹੱਤਵਪੂਰਨ ਤਰੱਕੀ ਕੀਤੀ ਹੈ। ਮਹਿਲਾ ਉੱਦਮੀਆਂ ਭੁਸਾਵਲ ਅਤੇ ਜਲਗਾਓਂ ਵਿਚ ਸਾੜੀਆਂ ਅਤੇ ਪਰਸ ਤੋਂ ਲੈ ਕੇ ਪੈਕਡ ਰੋਸਟੇਡ ਪ੍ਰੋਡਕਟਸ ਅਤੇ ਅਕੋਲਾ ਵਿਚ ਬਾਂਸ ਦੀ ਸਿ਼ਲਪਕਾਰੀ ਤੱਕ ਦੇ ਸਥਾਨਕ ਉਤਪਾਦਾਂ ਦਾ ਪ੍ਰਦਰਸਨ ਕਰ ਰਹੀਆਂ ਹਨ। ਇਨ੍ਹਾਂ ਉੱਦਮਾਂ ਦੀ ਅਗਵਾਈ ਘੱਟ ਆਮਦਨੀ ਵਾਲੇ ਵਰਗ ਦੀਆਂ ਔਰਤਾਂ ਕਰ ਰਹੀਆਂ ਹਨ। ਪਾਂਡੇ ਨੇ ਕਿਹਾ ਕਿ ਇਹ ਆਊਟਲੈੱਟ ਨਾ ਸਿਰਫ ਮੁਨਾਫਾ ਕਮਾਉਣ ਦਾ ਮੌਕਾ ਹਨ, ਸਗੋਂ ਇਹ ਸਮਾਜ ਦੀਆਂ ਹੋਰ ਔਰਤਾਂ ਨੂੰ ਸਿਖਲਾਈ ਅਤੇ ਰੁਜਗਾਰ ਦੇ ਮੌਕੇ ਵੀ ਪ੍ਰਦਾਨ ਕਰ ਰਹੇ ਹਨ।

## ਬਾਂਸੁਰੀ ਸਵਰਾਜ ਨੂੰ ਕੋਰਟ ਨੇ ਜਾਰੀ ਕੀਤਾ ਨੋਟਿਸ

ਨਵੀਂ ਦਿੱਲੀ, 16 ਦਸੰਬਰ : ਦਿੱਲੀ ਦੀ ਰਾਊਜ ਐਵੇਨਿਊ ਕੋਰਟ ਨੇ ਸੋਮਵਾਰ ਨੂੰ ਭਾਜਪਾ ਸੰਸਦ ਮੈਂਬਰ ਬਾਂਸੁਰੀ ਸਵਰਾਜ ਨੂੰ ਅਪਰਾਧਕ ਮਾਣਹਾਨੀ ਦਾ ਨੋਟਿਸ ਜਾਰੀ ਕੀਤਾ ਹੈ। ਇਹ ਨੋਟਿਸ ਆਮ ਆਦਮੀ ਪਾਰਟੀ (ਆਪ) ਨੇਤਾ ਸਤੇਂਦਰ ਜੈਨ ਦੀ ਪਟੀਸ਼ਨ 'ਤੇ ਬਾਂਸੁਰੀ ਨੂੰ ਜਾਰੀ ਕੀਤਾ ਗਿਆ ਹੈ। ਜੈਨ ਨੇ ਦੋਸ਼ ਲਾਇਆ ਹੈ ਕਿ ਬਾਂਸੁਰੀ ਸਵਰਾਜ ਨੇ 5 ਅਕਤੂਬਰ 2023 ਨੂੰ ਇਕ ਟੀ. ਵੀ. ਚੈਨਲ ਨੂੰ ਦਿੱਤੇ ਇੰਟਰਵਿਊ ਵਿਚ ਉਨ੍ਹਾਂ ਖਿਲਾਫ ਅਪਮਾਨਜਨਕ ਟਿੱਪਣੀ ਕੀਤੀ ਸੀ। ਕੋਰਟ ਵਲੋਂ ਦਿੱਤੇ ਗਏ ਨੋਟਿਸ ਵਿਚ ਬਾਂਸੁਰੀ ਸਵਰਾਜ ਨੂੰ 20 ਦਸੰਬਰ ਨੂੰ ਕੋਰਟ ਵਿਚ ਪੇਸ਼ ਹੋਣ ਲਈ ਕਿਹਾ ਗਿਆ। ਕੋਰਟ ਨੇ ਆਪਣੇ ਹੁਕਮ 'ਚ ਕਿਹਾ ਕਿ ਬਾਂਸੁਰੀ ਸਵਰਾਜ ਨਿੱਜੀ ਜਾਂ ਉਨ੍ਹਾਂ ਵਲੋਂ ਉਨ੍ਹਾਂ ਦੇ ਵਕੀਲ ਪੇਸ਼ ਹੋ ਸਕਦੇ ਹਨ। ਉੱਥੇ ਹੀ ਕੋਰਟ 20 ਦਸੰਬਰ ਨੂੰ ਸਤੇਂਦਰ ਜੈਨ ਅਤੇ ਉਨ੍ਹਾਂ ਦੇ ਦੋ ਗਵਾਹਾਂ ਦੇ ਬਿਆਨ ਦਰਜ ਕਰੇਗੀ।

## ਕੋਚਿੰਗ ਸੈਂਟਰ 'ਚ ਜਹਿਰੀਲੀ ਗੈਸ ਲੀਕ ਹੋਣ ਕਾਰਨ 12 ਵਿਦਿਆਰਥਣਾਂ ਹੋਈਆਂ ਬੇਹੋਸ਼

ਜੈਪੁਰ : ਜੈਪੁਰ ਦੇ ਗੋਪਾਲਪੁਰਾ ਇਲਾਕੇ 'ਚ ਇਕ ਕੋਚਿੰਗ ਇੰਸਟੀਚਿਊਟ 'ਚ ਜਹਿਰੀਲੀ ਗੈਸ ਫੈਲਣ ਕਾਰਨ 12 ਵਿਦਿਆਰਥਣਾਂ ਬੇਹੋਸ ਹੋ ਗਈਆਂ। 7 ਵਿਦਿਆਰਥਣਾਂ ਨੂੰ ਸੋਮਾਨੀ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ, ਜਿਨ੍ਹਾਂ ਵਿੱਚੋਂ 2 ਦੀ ਹਾਲਤ ਗੰਭੀਰ ਬਣੀ ਹੋਈ ਹੈ। ਮਹੇਸ ਨਗਰ ਥਾਣੇ ਦੀ ਐੱਸਐੱਚਓ ਕਵਿਤਾ ਸਰਮਾ ਅਨੁਸਾਰ ਕੋਚਿੰਗ ਸੈਂਟਰ ਵਿਚ ਗੈਸ ਦਾ ਕੋਈ ਸਰੋਤ ਨਹੀਂ ਹੈ। ਘਟਨਾ ਦੀ ਜਾਂਚ ਕੀਤੀ ਜਾ ਰਹੀ ਹੈ। ਦਰਅਸਲ, ਜੈਪੁਰ ਦੇ ਉਤਕਰਸ ਕੋਚਿੰਗ ਇਲਾਕੇ 'ਚ ਗੰਦੀ ਬਦਬੂ ਵਾਲੀ ਗੈਸ ਫੈਲਣ ਕਾਰਨ ਕਰੀਬ 12 ਵਿਦਿਆਰਥਣਾਂ ਬੇਹੋਸ ਹੋ ਗਈਆਂ ਅਤੇ ਉਨ੍ਹਾਂ ਨੂੰ ਬੇਹੋਸੀ ਦੀ ਹਾਲਤ 'ਚ ਹਸਪਤਾਲ 'ਚ ਦਾਖਲ ਕਰਵਾਇਆ ਗਿਆ। ਜਾਣਕਾਰੀ ਮੁਤਾਬਕ ਪਿੱਛੇ ਡਰੇਨ ਵਿੱਚੋਂ ਜਹਿਰੀਲੀ ਗੈਸ ਫੈਲਣ ਦੀ ਖਬਰ ਹੈ। 7 ਵਿਦਿਆਰਥਣਾਂ ਨੂੰ ਸੋਮਾਨੀ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ, ਜਿੱਥੇ ਡਾਕਟਰਾਂ ਨੇ ਦੱਸਿਆ ਕਿ 2 ਵਿਦਿਆਰਥਣਾਂ ਆਈਸੀਯੂ ਵਿਚ ਦਾਖਲ ਹਨ। ਜਾਣਕਾਰੀ ਮੁਤਾਬਕ ਅਣਪਛਾਤੇ ਜਹਿਰ ਦਾ ਮਾਮਲਾ ਸਾਹਮਣੇ ਆਇਆ ਹੈ। 5 ਵਿਦਿਆਰਥਣਾਂ ਨੂੰ ਮਾਨਸਰੋਵਰ ਦੇ ਮੈਟਰੋ ਮਾਸ ਹਸਪਤਾਲ ਲਿਜਾਇਆ ਗਿਆ ਹੈ, ਜਿੱਥੇ ਉਨ੍ਹਾਂ ਦਾ ਇਲਾਜ ਚੱਲ ਰਿਹਾ ਹੈ। ਸਾਰੀਆਂ ਵਿਦਿਆਰਥਣਾਂ ਦੀ ਹਾਲਤ ਖਤਰੇ ਤੋਂ ਬਾਹਰ ਦੱਸੀ ਜਾ ਰਹੀ ਹੈ। ਮਹੇਸ ਨਗਰ ਥਾਣੇ ਦੀ ਐੱਸਐੱਚਓ ਕਵਿਤਾ ਸਰਮਾ ਨੇ ਦੱਸਿਆ ਕਿ ਕੋਚਿੰਗ ਸੈਂਟਰ ਦੀਆਂ ਸਾਰੀਆਂ ਖਿੜਕੀਆਂ ਬੰਦ ਸਨ। ਕਲਾਸ ਦੌਰਾਨ ਦਰਵਾਜਾ ਵੀ ਬੰਦ ਸੀ। ਕੋਚਿੰਗ ਸੈਂਟਰ ਵਿਚ ਨਾ ਤਾਂ ਜਹਿਰੀਲੀ ਗੈਸ ਦਾ ਉਪਕਰਨ ਹੈ ਅਤੇ ਨਾ ਹੀ ਕੋਈ ਗੈਸ ਪਾਈਪਲਾਈਨ ਹੈ। ਅਜਿਹੇ 'ਚ ਇਹ ਤੇਜ ਬਦਬੂ ਕਿਵੇਂ ਆਈ, ਇਸ ਦੀ ਜਾਂਚ ਕੀਤੀ ਜਾ ਰਹੀ ਹੈ। ਘਟਨਾ ਤੋਂ ਬਾਅਦ ਮੌਕੇ 'ਤੇ ਪਹੁੰਚੇ ਵਿਦਿਆਰਥੀ ਆਗੂ ਨਿਰਮਲ ਚੌਧਰੀ ਅਤੇ ਕੋਚਿੰਗ ਸੰਚਾਲਕਾਂ ਵਿਚਾਲੇ ਵਧਦੇ ਤਣਾਅ ਨੂੰ ਦੇਖਦੇ ਹੋਏ ਪੁਲਸ ਫੋਰਸ ਤਾਇਨਾਤ ਕਰ ਦਿੱਤੀ ਗਈ ਹੈ। ਹਾਲਾਂਕਿ, ਸਾਰੀਆਂ ਵਿਦਿਆਰਥਣਾਂ ਖਤਰੇ ਤੋਂ ਬਾਹਰ ਦੱਸੀਆਂ ਜਾ ਰਹੀਆਂ ਹਨ।

## ਭਾਰਤ ਸਰਕਾਰ ਦੇ ਖਰੜੇ ਤੋਂ ਬਾਅਦ ਪੰਜਾਬ ਸਰਕਾਰ ਦਾ ਵੱਡਾ ਕਦਮ

ਚੰਡੀਗੜ੍ਹ, 16 ਦਸੰਬਰ : ਪੰਜਾਬ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਅੱਜ ਇੱਥੇ ਆਪਣੇ ਦਫ਼ਤਰ ਵਿਖੇ 'ਖੇਤੀ ਮੰਡੀਕਰਨ ਬਾਰੇ ਕੌਮੀ ਨੀਤੀ ਢਾਂਚੇ' ਦੇ ਖਰੜੇ 'ਤੇ ਵਿਭਾਗ ਦੇ ਸੀਨੀਅਰ ਅਧਿਕਾਰੀਆਂ ਨਾਲ ਸੰਜੀਦਗੀ ਨਾਲ ਵਿਚਾਰ ਵਟਾਂਦਰਾ ਕਰਨ ਉਪਰੰਤ ਇਸ ਸਬੰਧੀ ਸਲਾਹ-ਮਸ਼ਵਰੇ ਅਤੇ ਚਰਚਾ ਲਈ ਇਸੇ ਹਫਤੇ ਕਿਸਾਨਾਂ ਅਤੇ ਸਬੰਧਤ ਭਾਈਵਾਲਾਂ ਨਾਲ ਮੀਟਿੰਗ ਸੱਦਣ ਦਾ ਫੈਸਲਾ ਕੀਤਾ ਹੈ। ਗੁਰਮੀਤ ਸਿੰਘ ਖੁੱਡੀਆਂ, ਜਿਨ੍ਹਾਂ ਨਾਲ ਵਧੀਕ ਮੁੱਖ ਸਕੱਤਰ ਖੇਤੀਬਾੜੀ ਅਤੇ ਕਿਸਾਨ ਭਲਾਈ ਅਨੁਰਾਗ ਵਰਮਾ, ਪੰਜਾਬ ਰਾਜ ਕਿਸਾਨ ਤੇ ਖੇਤ ਮਜਦੂਰ ਕਮਿਸਨ ਦੇ ਚੇਅਰਮੈਨ ਡਾ. ਸੁਖਪਾਲ ਸਿੰਘ, ਸਕੱਤਰ ਪੰਜਾਬ ਮੰਡੀ ਬੋਰਡ ਰਾਮਵੀਰ ਵੀ ਮੌਜੂਦ ਸਨ, ਨੇ ਵਿਭਾਗ ਦੇ ਅਧਿਕਾਰੀਆਂ ਨੂੰ ਕਿਸਾਨਾਂ ਦੇ ਨੁਮਾਇੰਦਿਆਂ, ਖੇਤੀ ਮਾਹਿਰਾਂ ਅਤੇ ਹੋਰ ਭਾਈਵਾਲਾਂ ਨਾਲ ਤੁਰੰਤ ਮੀਟਿੰਗ ਬੁਲਾ ਕੇ ਭਾਰਤ ਸਰਕਾਰ ਵੱਲੋਂ ਸਾਂਝੇ ਕੀਤੇ ਗਏ ਨੀਤੀ ਦੇ ਖਰੜੇ ਦਾ ਗੰਭੀਰਤਾ ਨਾਲ ਅਧਿਐਨ ਅਤੇ ਸਲਾਹ-ਮਸ਼ਵਰਾ ਕਰਨ ਲਈ ਕਿਹਾ ਹੈ। ਉਨ੍ਹਾਂ ਕਿਹਾ ਕਿ ਇਸ ਨੀਤੀ ਦੇ ਖਰੜੇ ਦਾ ਡੂੰਘਾਈ ਨਾਲ ਅਧਿਐਨ ਕਰਨ ਅਤੇ ਸਬੰਧਤ ਭਾਈਵਾਲਾਂ ਨਾਲ ਸਲਾਹ-ਮਸਵਰੇ ਦੀ ਲੋੜ ਹੈ ਕਿਉਂਕਿ ਅਜਿਹਾ ਨਾ ਕਰਨ ਦੀ ਸੂਰਤ ਵਿਚ ਇਸਦੇ ਪੰਜਾਬ ਅਤੇ ਇਸ ਦੇ ਕਿਸਾਨਾਂ ਲਈ ਗੰਭੀਰ ਪ੍ਰਭਾਵ ਹੋ ਸਕਦੇ ਹਨ। ਉਨ੍ਹਾਂ ਦੱਸਿਆ ਕਿ ਖੇਤੀਬਾੜੀ ਵਿਭਾਗ ਵੱਲੋਂ ਨੀਤੀ ਦੇ ਖਰੜੇ 'ਤੇ ਟਿੱਪਣੀਆਂ ਭੇਜਣ ਲਈ ਘੱਟੋ-ਘੱਟ ਤਿੰਨ ਹਫਤਿਆਂ ਦਾ ਸਮਾਂ ਦੇਣ ਵਾਸਤੇ ਉਪ ਖੇਤੀਬਾੜੀ ਮੰਡੀਕਰਨ ਸਲਾਹਕਾਰ ਅਤੇ ਡਰਾਫਟ ਕਮੇਟੀ, ਭਾਰਤ ਸਰਕਾਰ ਦੇ ਕਨਵੀਨਰ ਡਾ. ਐੱਸ.ਕੇ. ਸਿੰਘ ਨੂੰ ਪਹਿਲਾਂ ਹੀ ਪੱਤਰ ਭੇਜਿਆ ਜਾ ਚੁੱਕਾ ਹੈ। ਅਧਿਕਾਰੀਆਂ ਨੂੰ ਖਰੜਾ ਨੀਤੀ ਦਾ ਡੂੰਘਾਈ ਨਾਲ ਅਧਿਐਨ ਕਰਨ ਦੇ ਨਿਰਦੇਸ ਦਿੱਤੇ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਸ ਦੀ ਇਕ ਵੀ ਨੁਕਤਾ ਵਿਚਾਰ ਖੁਣੋਂ ਨਾ ਰਹਿ ਜਾਵੇ, ਜੋ ਕਿਸਾਨਾਂ ਲਈ ਭਵਿੱਖ ਵਿਚ ਮਹਿੰਗਾ ਸਾਬਤ ਹੋਵੇ। ਉਨ੍ਹਾਂ ਨੇ ਸਬੰਧਤ ਅਧਿਕਾਰੀਆਂ ਨੂੰ ਮੰਡੀ ਬੋਰਡ ਵਿਸ਼ੇਸ਼ ਕਰਕੇ ਸੂਬੇ ਦੇ ਖੇਤੀ ਮੰਡੀਕਰਨ ਢਾਂਚੇ ਦੀ ਮਜ਼ਬੂਤੀ ਲਈ ਘੱਟੋ-ਘੱਟ ਸਮਰਥਨ ਮੁੱਲ, ਮੰਡੀ ਫੀਸ ਵਰਗੇ ਮੁੱਦਿਆਂ 'ਤੇ ਵਿਸੇਸ ਧਿਆਨ ਦੇਣ ਦੇ ਨਾਲ-ਨਾਲ ਵੱਡੇ ਕਾਰਪੋਰੇਟਾਂ ਤੋਂ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਲਈ ਸੁਰੱਖਿਅਤ ਮਾਹੌਲ ਯਕੀਨੀ ਬਣਾਉਣ ਲਈ ਵੀ ਕਿਹਾ।

## ਡੱਲੇਵਾਲ ਦੇ ਮਰਨ ਵਰਤ 'ਤੇ ਸੰਸਦ 'ਚ ਬੋਲੇ ਹਰਸਿਮਰਤ ਬਾਦਲ

**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ, 16 ਦਸੰਬਰ : ਸ੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਬਠਿੰਡਾ ਤੋਂ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਅੱਜ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਘੱਟੋ-ਘੱਟ ਸਮਰਥਨ ਮੁੱਲ () ਕਾਨੂੰਨੀ ਗਾਰੰਟੀ ਬਣਾਉਣ ਸਮੇਤ ਕਿਸਾਨਾਂ ਦੀਆਂ ਮੰਗਾਂ ਮੰਨਣ ਤਾਂ ਜੋ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਜਾਨ ਬਚਾਈ ਜਾ ਸਕੇ, ਜੋ ਪਿਛਲੇ 21 ਦਿਨਾਂ ਤੋਂ ਮਰਨ ਵਰਤ 'ਤੇ ਹਨ। ਇਹ ਇੰਨਾ ਗੰਭੀਰ ਮੁੱਦਾ ਹੈ। ਉਨ੍ਹਾਂ ਕਿਹਾ ਕਿ ਇਹ ਬਹੁਤ ਹੀ ਮੰਦਭਾਗੀ ਗੱਲ ਹੈ ਕਿ ਸੁਪਰੀਮ ਕੋਰਟ ਵੱਲੋਂ ਸੂਬਾ ਤੇ ਕੇਂਦਰ ਸਰਕਾਰ ਦੋਵਾਂ ਨੂੰ ਡੱਲੇਵਾਲ ਨੂੰ ਮਰਨ ਵਰਤ ਖਤਮ ਕਰਨ ਲਈ ਰਾਜੀ ਕਰਨ ਦੀ ਹਦਾਇਤ ਦੇਣ ਦੇ ਬਾਵਜੂਦ ਕੇਂਦਰ ਨੇ ਇਕ ਜੂਨੀਅਰ ਅਧਿਕਾਰੀ ਦੀ ਡਿਊਟੀ ਲਗਾ ਦਿੱਤੀ ਹੈ ਜੋ ਕੋਈ ਵੀ ਪੇਸਕਸ ਨਹੀਂ ਕਰ ਸਕਦਾ ਅਤੇ ਉਹ ਸਿਰਫ ਇਹ ਕਹਿ ਕੇ ਮੁੜ ਗਿਆ ਕਿ ਉਹ ਤਾਂ ਕਿਸਾਨਾਂ ਦੇ ਵਿਚਾਰ ਜਾਣਨ ਆਇਆ ਸੀ। ਕਿਸਾਨ ਆਗੂ ਜਗਜੀਤ ਡੱਲੇਵਾਲ ਦੀ ਨਾਜੁਕ ਹਾਲਤ ਦਾ ਮੁੱਦਾ ਚੁੱਕਦਿਆਂ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 4 ਸਾਲ ਪਹਿਲਾਂ ਤਿੰਨ ਖੇਤੀ ਕਾਨੂੰਨ ਰੱਦ ਕਰਨ ਸਮੇਂ ਕਿਸਾਨਾਂ ਨਾਲ ਵਾਅਦਾ ਕੀਤਾ ਸੀ ਕਿ ਉਨ੍ਹਾਂ ਦੀਆਂ ਸਾਰੀਆਂ ਮੰਗਾਂ ਪ੍ਰਵਾਨ ਕੀਤੀਆਂ ਜਾਣਗੀਆਂ। ਉਨ੍ਹਾਂ ਕਿਹਾ ਕਿ ਇਕ ਕਮੇਟੀ ਗਠਿਤ ਕਰਨ ਦਾ ਵਾਅਦਾ ਕੀਤਾ ਗਿਆ ਸੀ ਜੋ ਕਿਸਾਨਾਂ ਦੀਆਂ ਸਾਰੀਆਂ ਮੰਗਾਂ 'ਤੇ ਵਿਚਾਰ ਕਰੇਗੀ



ਸਰਕਾਰ ਨੂੰ ਆਪਣੀ ਗੱਲ ਤੋਂ ਪਿੱਛੇ ਨਹੀਂ ਹਟਣਾ ਚਾਹੀਦਾ। ਕਿਸਾਨ ਅੰਦੋਲਨ ਵਿਚ 700 ਕਿਸਾਨ ਸ਼ਹੀਦ ਹੋਣ ਦੇ ਬਾਵਜੂਦ ਉਨ੍ਹਾਂ ਦੀਆਂ ਮੰਗਾਂ ਹਾਲੇ ਤੱਕ ਨਹੀਂ ਮੰਨੀਆਂ ਗਈਆਂ। ਮੈਂ ਸਰਕਾਰ ਨੂੰ ਬੇਨਤੀ ਕਰਦੀ ਹਾਂ ਕਿਸਾਨਾਂ ਦੀ ਮੰਗਾਂ ਪੂਰੀਆਂ ਕਰ ਕੇ ਕਿਸਾਨ ਆਗੂ ਜਗਜੀਤ ਡੱਲੇਵਾਲ ਦੀ ਜਾਨ ਬਚਾ ਲਓ। ਹਰਸਿਮਰਤ ਨੇ ਕਿਹਾ ਕਿ ਡੱਲੇਵਾਲ ਦੀ ਜਾਨ ਬਚਾਉਣ ਲਈ ਫੌਰੀ ਕਾਰਵਾਈ ਦੀ ਜਰੂਰਤ ਹੈ ਅਤੇ ਇਸ ਲਈ ਕੇਂਦਰ ਸਰਕਾਰ ਨੂੰ , ਕਰਜਾ ਮੁਆਫੀ, ਕਿਸਾਨਾਂ ਅਤੇ ਖੇਤੀਬਾੜੀ ਵਰਕਰਾਂ ਲਈ ਪੈਨਸਨ ਸਮੇਤ ਸਾਰੀਆਂ ਮੰਗਾਂ ਮੰਨਣੀਆਂ ਚਾਹੀਦੀਆਂ ਹਨ ਅਤੇ ਭਰੋਸਾ ਦਿਵਾਇਆ ਜਾਣਾ ਚਾਹੀਦਾ ਹੈ ਕਿ ਖੇਤੀਬਾੜੀ ਸੈਕਟਰ ਲਈ ਬਿਜਲੀ ਦਰਾਂ ਵਿਚ ਵਾਧਾ ਨਹੀਂ ਕੀਤਾ ਜਾਵੇਗਾ, ਪੁਲਸ ਕੇਸ ਵਾਪਸ ਲਏ ਜਾਣਗੇ ਅਤੇ 2021 ਦੀ ਲਖੀਮਪੁਰ ਖੀਰੀ ਹਿੰਸਾ ਤੋਂ ਪ੍ਰਭਾਵਿਤ ਲੋਕਾਂ ਨੂੰ ਨਿਆਂ ਮਿਲੇਗਾ।



# ਹਰਿਆਣਵੀਂ ਮੁੰਡੇ ਦਾ ਫਰਾਂਸ ਦੀ ਗੋਰੀ 'ਤੇ ਆਇਆ ਦਿਲ, ਹਿੰਦੂ ਰੀਤੀ-ਰਿਵਾਜਾਂ ਨਾਲ ਕਰਵਾਇਆ ਵਿਆਹ

ਪਲਵਲ, 16 ਦਸੰਬਰ : ਹਰਿਆਣਾ ਦੇ ਪਲਵਲ ਦੇ ਵਾਸੀ ਯੋਗਾ ਟੀਚਰ ਅਮਿਤ ਨਰਵਾਰ ਫਰਾਂਸ ਤੋਂ ਵਿਦੇਸ਼ੀ ਲਾੜੀ ਲਿਆਇਆ। ਅਮਿਤ ਅਤੇ ਸਿਸੇਲ ਮੈਰੀਲੀ ਦਾ 12 ਦਸੰਬਰ 2024 ਨੂੰ ਪਲਵਲ ਦੇ ਵਿਸ਼ਨੂੰ ਗਾਰਡਨ 'ਚ ਹਿੰਦੂ ਰੀਤੀ-ਰਿਵਾਜ ਨਾਲ ਵਿਆਹ ਹੋਇਆ। ਵਿਦੇਸ਼ੀ ਲਾੜੀ ਨੂੰ ਵੇਖਣ ਲਈ ਪਿੰਡ ਦੀਆਂ ਔਰਤਾਂ ਉਨ੍ਹਾਂ ਦੇ ਘਰ ਪਹੁੰਚੀਆਂ। ਆਪਣੇ ਪਤੀ ਅਤੇ ਸਹੁਰੇ ਪਰਿਵਾਰ ਦੇ ਲੋਕਾਂ ਨਾਲ ਵਿਦੇਸ਼ੀ ਲਾੜੀ ਨੇ ਹਰਿਆਣਵੀਂ ਗਾਣਿਆਂ 'ਤੇ ਠੁਮਕੇ ਲਾ ਕੇ ਸਾਰਿਆਂ ਦਾ ਮਨ ਮੋਹ ਲਿਆ। ਜਾਣਕਾਰੀ ਮੁਤਾਬਕ ਉੱਤਰਾਖੰਡ ਦੇ ਰਿਸੀਕੇਸ 'ਚ 30 ਸਾਲਾ ਅਮਿਤ ਨਰਵਾਰ ਦੀ ਦੋਸਤੀ ਫਰਾਂਸ ਦੇ ਰਹਿਣ ਵਾਲੇ ਸਿਸੇਲ ਮੈਰੀਲੀ ਨਾਲ ਹੋਈ ਸੀ। ਕੋਰੋਨਾ ਕਾਲ ਤੋਂ ਪਹਿਲਾਂ ਅਮਿਤ 2019 ਵਿਚ ਰਿਸੀਕੇਸ ਵਿਚ ਇਕ ਯੋਗਾ ਟੀਚਰ ਵਜੋਂ ਕੰਮ ਕਰਦਾ ਸੀ ਅਤੇ ਸਿਸੇਲ ਮੈਰੀਲੀ ਯੋਗਾ ਸਿੱਖਣ ਲਈ 2 ਮਹੀਨੇ ਦਾ ਕੋਰਸ ਕਰਨ ਲਈ ਰਿਸੀਕੇਸ ਆਈ ਅਤੇ ਫਿਰ ਦੋਵਾਂ ਵਿਚ ਪਿਆਰ ਹੋ ਗਿਆ।



ਸਿਸੇਲ ਮੈਰੀਲੀ ਆਪਣੇ ਕੋਰਸ ਮਗਰੋਂ ਵਾਪਸ ਫਰਾਂਸ ਚਲੀ ਗਈ, ਕੁਝ ਦਿਨਾਂ ਤੱਕ ਵੀਡੀਓ ਕਾਲ 'ਤੇ ਗੱਲ ਹੁੰਦੀ ਰਹੀ। ਅਮਿਤ ਦੇ ਪਰਿਵਾਰ ਵਾਲੇ ਉਸ ਦਾ ਵਿਆਹ ਕਿਸੇ ਹੋਰ ਕੁੜੀ ਨਾਲ ਕਰਨਾ ਚਾਹ ਰਹੇ ਸਨ ਤਾਂ ਅਮਿਤ ਨੇ ਆਪਣੇ ਪਿਆਰ ਦੀ ਕਹਾਣੀ ਆਪਣੇ ਪਰਿਵਾਰ ਨੂੰ ਦੱਸ ਦਿੱਤੀ ਪਰ ਵਿਆਹ ਲਈ ਸਹਿਮਤੀ ਨਾ ਬਣ ਸਕਣ ਮਗਰੋਂ ਅਮਿਤ ਨਵੰਬਰ 2021 ਨੂੰ ਆਪਣਾ ਘਰ ਅਤੇ ਨੌਕਰੀ ਛੱਡ ਕੇ ਫਰਾਂਸ ਚਲਾ ਗਿਆ। ਸਿਸੇਲ ਮੈਰੀਲੀ ਨੇ ਆਰਟਸ ਵਿਚ ਮਾਸਟਰਜ ਕੀਤੀ ਤਾਂ ਉਸ ਨੂੰ ਫਰਾਂਸ ਵਿਚ ਸਰਕਾਰੀ ਨੌਕਰੀ ਮਿਲ ਗਈ। ਦੋਵੇਂ ਲਿਵ-ਇਨ ਰਿਲੇਸਨਸ਼ਿਪ 'ਚ ਰਹਿਣ ਲੱਗੇ। ਅਮਿਤ ਨੇ ਦੱਸਿਆ ਕਿ ਉਹ ਯੋਗਾ ਟੀਚਰ ਹੈ। ਸਾਲ 2019 ਵਿਚ ਸਿਸੇਲ ਮੈਰੀਲੀ ਯੋਗਾ ਕਲਾਸ ਲੈਣ ਲਈ ਰਿਸ਼ੀਕੇਸ਼ ਆਈ ਤਾਂ ਪਹਿਲੇ ਨਜਰ ਉਸ ਨਾਲ ਪਿਆਰ ਹੋ ਗਿਆ। ਯੋਗਾ ਕਲਾਸ ਖਤਮ ਹੁੰਦੇ ਹੀ ਉਹ ਆਪਣੇ ਦੇਸ਼ ਫਰਾਂਸ ਪਰਤ ਗਈ ਸੀ। ਕੋਰੋਨਾ ਕਾਰਨ ਉਹ ਇਕ-ਦੂਜੇ ਨੂੰ ਮਿਲ ਨਹੀਂ ਸਕਦੇ ਸੀ। ਫੋਨ ਅਤੇ ਵੀਡੀਓ ਕਾਲ ਜਰੀਏ ਗੱਲਬਾਤ ਹੁੰਦੀ ਰਹੀ। ਸਿਸੇਲ ਮੈਰੀਲੀ ਦੇ ਪਿਤਾ ਦੀ ਕੈਂਸਰ ਨਾਲ ਮੌਤ ਹੋ ਚੁੱਕੀ ਸੀ। ਪਰਿਵਾਰ ਵਿਚ ਉਨ੍ਹਾਂ ਦਾ ਭਰਾ ਅਤੇ ਮਾਂ ਹੈ। ਉਨ੍ਹਾਂ ਨੇ ਵਿਆਹ ਕਰਾਉਣ ਦਾ ਫੈਸਲਾ ਲਿਆ ਅਤੇ ਆਪਣੇ ਮਾਤਾ-ਪਿਤਾ ਨਾਲ ਵਿਆਹ ਦੀ ਗੱਲ ਕੀਤੀ ਤਾਂ ਉਹ ਵੀ ਰਾਜੀ ਹੋ ਗਏ।

# ਰਣਜੀਤ ਬਾਵਾ ਨੇ ਕਿਹਾ- ਪੰਜਾਬ 'ਚ ਸਾਨੂੰ ਕੋਈ ਘਾਟ ਨਹੀਂ...

ਐਂਟਰਟੇਨਮੈਂਟ ਡੈਸਕ, 16 ਦਸੰਬਰ : ਹਿਮਾਚਲ ਪ੍ਰਦੇਸ ਦੇ ਨਾਲਾਗੜ੍ਹ ਵਿਚ 3 ਰੋਜਾ ਜ਼ਿਲ੍ਹਾ ਪੱਧਰੀ ਰੈੱਡ ਕਰਾਸ ਮੇਲਾ ਲਗਾਇਆ ਜਾ ਰਿਹਾ ਹੈ। ਇਹ ਮੇਲਾ 13 ਦਸੰਬਰ ਤੋਂ 15 ਦਸੰਬਰ ਤੱਕ ਲਗਾਇਆ ਜਾ ਗਿਆ ਸੀ। ਇਸ ਮੇਲੇ ਵਿਚ ਪਹਿਲਾਂ ਪੰਜਾਬੀ ਗਾਇਕ ਰਣਜੀਤ ਬਾਵਾ ਪਰਫਾਰਮੈਂਸ ਦੇਣ ਜਾ ਰਹੇ ਸਨ ਪਰ ਹਿੰਦੂ ਜਥੇਬੰਦੀਆਂ ਵੱਲੋਂ ਲਗਾਤਾਰ ਰੈਲੀਆਂ ਕਰਕੇ ਗਾਇਕ ਦਾ ਵਿਰੋਧ ਕੀਤਾ ਜਾ ਰਿਹਾ ਸੀ, ਜਿਸ ਤੋਂ ਬਾਅਦ ਬਾਵਾ ਦਾ ਇਹ ਸ਼ੋਅ ਰੱਦ ਹੋ ਗਿਆ ਸੀ। ਦੱਸ ਦਈਏ ਕਿ ਹਿੰਦੂ ਸੰਗਠਨਾਂ ਵੱਲੋਂ ਰਣਜੀਤ ਬਾਵਾ ਦਾ ਵਿਰੋਧ ਲਗਾਤਾਰ ਕੀਤਾ ਜਾ ਰਿਹਾ ਸੀ, ਕਿਉਂਕਿ ਗਾਇਕ ਨੇ ਕੁੱਝ ਸਮਾਂ ਪਹਿਲਾਂ ਗੀਤ 'ਮੇਰਾ ਕੀ ਕਸੂਰ' ਗਾਇਆ ਸੀ, ਜਿਸ ਵਿਚ ਕੁੱਝ ਗੱਲਾਂ ਤੋਂ ਹਿੰਦੂ ਸੰਗਠਨ ਵਾਲੇ ਨਾਰਾਜ ਸਨ। ਇਸ 'ਤੇ ਹਿੰਦੂ ਸੰਗਠਨਾਂ 'ਚ ਗੁੱਸਾ ਸੀ ਅਤੇ ਉਹ ਲਗਾਤਾਰ ਬਾਵਾ ਦੇ ਸੋਅ ਨੂੰ ਰੱਦ ਕਰਨ ਦੀ ਕੋਸ਼ਿਸ ਕਰ ਰਹੇ ਸਨ। ਹੁਣ ਪ੍ਰਸਾਸਨ ਨੇ ਨਾਲਾਗੜ੍ਹ ਦਾ ਮਾਹੌਲ ਕਿਸੇ ਵੀ ਤਰ੍ਹਾਂ ਨਾਲ ਖਰਾਬ ਨਾ ਹੋਣ ਦੇਣ ਲਈ ਵੱਡਾ ਫੈਸਲਾ ਲਿਆ ਅਤੇ ਰਣਜੀਤ ਬਾਵਾ ਦਾ ਸੋਅ ਰੱਦ ਕਰ ਦਿੱਤਾ। ਗਾਇਕ ਰਣਜੀਤ ਬਾਵਾ ਨੇ ਇਸ 'ਤੇ ਪ੍ਰਤੀਕਿਰਿਆ ਦਿੰਦਿਆਂ ਆਪਣੇ ਸ਼ੋਸਲ ਮੀਡੀਆ ਪਲੇਟਫਾਰਮ 'ਤੇ ਸ਼ੋਅ ਸਬੰਧੀ ਪੋਸਟ ਸਾਂਝੀ ਕੀਤੀ ਹੈ ਅਤੇ ਲਿਖਿਆ ਹੈ, "ਨਾਲਾਗੜ੍ਹ ਸ਼ੋਅ ਰੱਦ ਕਰਵਾ ਕੇ ਕੁੱਝ ਲੋਕਾਂ ਨੇ ਨਫਰਤ ਫੈਲਾ ਕੇ ਇਸ ਗੱਲ ਦਾ ਸਬੂਤ ਦੇ ਦਿੱਤਾ ਹੈ ਕਿ ਰਾਜਨੀਤੀ ਖੇਡ ਕੇ ਹਿੰਦੂ ਸਿੱਖ ਦਾ ਮੁੱਦਾ ਬਣਾ ਲਓ, ਜੋੜਨਾ ਸਿੱਖੋ, ਤੋੜਨਾ ਨਹੀਂ ਚਾਹੀਦਾ। ਇਹ ਦੇਸ਼ ਸਭ ਦਾ ਸਾਂਝਾ ਹੈ, ਕਿਸੇ ਇੱਕ ਦਾ ਨਹੀਂ ਜੋ ਜਦੋਂ ਜੀਅ ਕੀਤਾ ਰੌਲਾ ਪਾ ਲਿਆ। ਮੈਂ ਮਾਣਯੋਗ ਸੀ. ਐੱਮ. ਹਿਮਾਚਲ ਜੀ ਨੂੰ ਬੇਨਤੀ ਕਰਦਾ ਹਾਂ ਕਿ ਸਾਡਾ ਤੀਜਾ ਸ਼ੋਅ ਹਿਮਾਚਲ ਵਿਚ ਰੱਦ ਹੋਇਆ, ਪਿਛਲੇ ਇੱਕ ਸਾਲ ਵਿਚ। ਸਾਨੂੰ ਕੋਈ ਕਮੀ ਨਹੀਂ... ਪੰਜਾਬ ਵਿਚ ਹੀ ਬਹੁਤ ਸ਼ੋਅ ਨੇ...ਬਸ ਗੱਲ ਇਹ ਹੈ ਕਿ ਤੁਸੀਂ ਇਸ ਨਫਰਤ ਨੂੰ ਜ਼ਿਆਦਾ ਓਵਰ ਕਰ ਰਹੇ ਹੋ, ਤੁਸੀਂ ਇੰਨ੍ਹਾਂ ਲੋਕਾਂ ਨੂੰ ਥੋੜ੍ਹਾ ਸਮਝਾਓ ਜਿਹੜੇ ਧਰਮ ਦੇ ਨਾਂ 'ਤੇ ਰਾਜਨੀਤੀ ਖੇਡਦੇ ਨੇ। ਕਲਾਕਾਰ ਲੋਕਾਂ ਦੇ ਮਨੋਰੰਜਨ ਲਈ ਹੁੰਦੇ ਆ ਪਰ ਤੁਸੀਂ ਲੋਕ ਹੁਣ ਨਫਰਤ ਦਾ ਸਬੂਤ ਦੇ ਰਹੇ ਹੋ।" ਰਣਜੀਤ ਬਾਵਾ ਨੇ ਅੱਗੇ ਲਿਖਿਆ, "ਅਸੀਂ ਸਭ ਧਰਮਾਂ ਦਾ ਸਤਿਕਾਰ ਕਰਦੇ ਹਾਂ ਪਰ ਇਹ ਕੁੱਝ ਕੁ ਲੋਕ ਧਰਮ ਦੇ ਨਾਂ 'ਤੇ ਲੜਾਈ ਖਤਮ ਨਹੀਂ ਕਰਨਾ ਚਾਹੁੰਦੇ, ਹਰ ਗੱਲ ਵਿਚ ਹਿੰਦੂ ਸਿੱਖ ਦੇ ਮਸਲਾ ਬਣਾ ਦਿੰਦੇ ਹੋ। ਬਹੁਤ ਸਾਰੇ ਫੈਨਜ ਦੇ ਸੰਦੇਸ਼ ਆ ਰਹੇ ਆ, ਜਿੰਨ੍ਹਾਂ ਦੂਰ ਨੇੜੇ ਤੋਂ ਸ਼ੋਅ ਦੇਖਣ ਆਉਣਾ ਸੀ ਪਰ ਅਸੀਂ ਅੱਜ ਨਹੀਂ ਆ ਰਹੇ।" ਗਾਇਕ ਨੇ ਅੱਗੇ ਲਿਖਿਆ, "ਤੁਹਾਡੇ ਆਪਣੇ ਲੋਕ ਇਸ ਨਫਰਤ ਨੂੰ ਖਤਮ ਨਹੀਂ ਕਰਨਾ ਚਾਹੁੰਦੇ... 4 ਸਾਲ ਹੋਗੇ ਇਸ ਗਾਣੇ (ਮੇਰਾ ਕੀ ਕਸੂਰ) ਨੂੰ ਰੀਮੂਵ ਕਰਿਆ ਅਤੇ ਅਸੀਂ ਇਸ ਬਾਰੇ ਵੀਡੀਓ ਪਾ ਕੇ ਕਿਹਾ ਵੀ ਸੀ ਕਿ ਜੇ ਕਿਸੇ ਦੇ ਦਿਲ ਨੂੰ ਦੁੱਖ ਲੱਗਿਆ ਤਾਂ ਅਸੀਂ ਮੁਆਫੀ ਚਾਹੁੰਦੇ ਹਾਂ, ਤੁਸੀਂ ਹਾਲੇ ਵੀ ਇੱਕੋਂ ਗੱਲ ਨੂੰ ਲੈ ਕੇ ਧਰਨੇ ਲਾਈ ਜਾਂਦੇ ਹੋ।"



## ਤਿਲਕ ਲਾ ਕੇ ਸਕੂਲ ਪਹੁੰਚੀ ਵਿਦਿਆਰਥਣ ਨੂੰ ਜਮਾਤ 'ਚ ਦਾਖਲ ਹੋਣੋਂ ਰੋਕਿਆ

ਰਿਸ਼ੀਕੇਸ਼, 16 ਦਸੰਬਰ : ਉੱਤਰਾਖੰਡ ਦੇ ਰਿਸ਼ੀਕੇਸ਼ 'ਚ ਮੱਥੇ 'ਤੇ ਤਿਲਕ ਲਾ ਕੇ ਸਕੂਲ ਪਹੁੰਚੀ ਇਕ ਵਿਦਿਆਰਥਣ ਨੂੰ ਕਥਿਤ ਤੌਰ 'ਤੇ ਜਮਾਤ ਵਿਚ ਦਾਖਲ ਨਾ ਹੋਣ ਦੀ ਘਟਨਾ ਸਾਹਮਣੇ ਆਈ ਹੈ। ਸਕੂਲੀ ਸਿੱਖਿਆ ਦੇ ਡਾਇਰੈਕਟਰ ਜਨਰਲ ਝਰਨਾ ਕਾਮਠਾਨ ਨੇ ਉੱਤਰਾਖੰਡ ਦੇ ਟੀਹਰੀ ਗੜਵਾਲ ਜ਼ਿਲ੍ਹੇ ਦੇ ਮੁੱਖ ਸਿੱਖਿਆ ਅਧਿਕਾਰੀ ਨੂੰ ਵੀ ਮਾਮਲੇ ਦੀ ਜਾਂਚ ਕਰਨ ਲਈ ਕਿਹਾ ਹੈ। 8ਵੀਂ ਜਮਾਤ ਦੀ ਇਕ ਵਿਦਿਆਰਥਣ ਨੂੰ ਉਸ ਦੀ ਅਧਿਆਪਕਾ ਨੇ ਮੱਥੇ ਤੋਂ ਤਿਲਕ ਹਟਾਉਣ ਲਈ ਕਿਹਾ ਅਤੇ ਦੱਸਿਆ ਕਿ ਸਕੂਲ ਵਿਚ ਇਸ ਦੀ ਇਜਾਜਤ ਨਹੀਂ। ਕੁੜੀ ਨੇ ਅਧਿਆਪਕਾ ਦੀ ਗੱਲ ਮੰਨ ਲਈ ਅਤੇ ਤਿਲਕ ਹਟਾਉਣ ਤੋਂ ਬਾਅਦ ਜਮਾਤ ਵਿਚ ਹਾਜਰ ਰਹੀ ਪਰ ਬਾਅਦ 'ਚ ਉਸ ਨੇ ਆਪਣੇ ਮਾਪਿਆਂ ਨੂੰ ਇਸ ਬਾਰੇ ਦੱਸਿਆ। ਇਸ ਤੋਂ ਬਾਅਦ ਕੁੜੀ ਦੇ ਮਾਪੇ ਹਿੰਦੂ ਸੰਗਠਨਾਂ ਦੇ ਨਾਲ ਸਕੂਲ ਵਿਚ ਰੋਸ ਪ੍ਰਗਟ ਕਰਨ ਲਈ ਪਹੁੰਚੇ। ਪ੍ਰਿੰਸੀਪਲ ਵੱਲੋਂ ਕੁੜੀ ਦੇ ਮਾਤਾ-ਪਿਤਾ ਤੋਂ ਇਲਾਵਾ ਵਿਸ਼ਵ ਹਿੰਦੂ ਪ੍ਰੀਸ਼ਦ, ਬਜਰੰਗ ਦਲ ਤੇ ਰਾਸ਼ਟਰੀ ਹਿੰਦੂ ਸ਼ਕਤੀ ਸੰਗਠਨ ਸਮੇਤ ਵਿਖਾਵਾਕਾਰੀ ਹਿੰਦੂ ਸੰਗਠਨਾਂ ਤੋਂ ਮੁਆਫੀ ਮੰਗੇ ਜਾਣ ਤੋਂ ਬਾਅਦ ਮਾਮਲਾ ਹੱਲ ਹੋ ਗਿਆ।

## ਪੀਐੱਮ ਸੂਰਿਆਘਰ ਯੋਜਨਾ 'ਚ ਇੱਕ ਸਾਲ ਵਿੱਚ ਇੱਕ ਦਹਾਕੇ ਦਾ ਸੂਰਜੀ ਊਰਜਾ ਵਿਕਾਸ ਸੰਭਵ

ਨਵੀਂ ਦਿੱਲੀ, 16 ਦਸੰਬਰ : ਇੱਕ ਸੀਨੀਅਰ ਸਰਕਾਰੀ ਅਧਿਕਾਰੀ ਨੇ ਦੱਸਿਆ ਕਿ ਪੀਐੱਮ ਸੂਰਿਆਘਰ ਮੁਫਤ ਬਿਜਲੀ ਯੋਜਨਾ ਇਸ ਸਾਲ ਫਰਵਰੀ ਵਿੱਚ ਸੁਰੂ ਹੋਣ ਤੋਂ ਬਾਅਦ ਹੁਣ ਤੱਕ 685,763 ਇੰਸਟਾਲੇਸ਼ਨ ਦੇਖ ਚੁੱਕੀ ਹੈ, ਜੋ ਕਿ ਉਸ ਤੋਂ ਪਹਿਲਾਂ ਇੱਕ ਦਹਾਕੇ ਵਿੱਚ ਸਥਾਪਿਤ ਕੀਤੇ ਗਏ ਕੰਮਾਂ ਦਾ 86% ਹੈ। ਮੁੱਖ ਮੰਗ 3-5 ਕਿਲੋਵਾਟ ਲੋਡ ਹਿੱਸੇ ਤੋਂ ਆਈ ਹੈ ਜਿਸ ਦੀ ਆਮ ਤੌਰ 'ਤੇ 300 ਯੂਨਿਟਾਂ ਤੋਂ ਵੱਧ ਖਪਤ ਹੁੰਦੀ ਹੈ। ਕੁੱਲ ਇੰਸਟਾਲੇਸ਼ਨ ਵਿੱਚੋਂ, 77% 3-5 ਕਿਲੋਵਾਟ ਸੈਗਮੈਂਟ ਵਿੱਚ ਸੀ, ਜਦੋਂ ਕਿ 14% 5 ਤੋਂ ਵੱਧ ਵਾਲੇ ਸੈਗਮੈਂਟ ਵਿੱਚ ਸੀ। ਗੁਜਰਾਤ 'ਚ ਸਭ ਤੋਂ ਵੱਧ ਇੰਸਟਾਲੇਸ਼ਨ ਦਿਖੀਆਂ। ਉਸ ਤੋਂ ਬਾਅਦ ਮਹਾਰਾਸਟਰ, ਉੱਤਰ ਪ੍ਰਦੇਸ ਅਤੇ ਕੇਰਲ ਦਾ ਸਥਾਨ ਰਿਹਾ। ਅਧਿਕਾਰੀ ਨੇ ਕਿਹਾ ਕਿ ਸਬਸਿਡੀ ਤੋਂ ਇਲਾਵਾ ਖਪਤਕਾਰਾਂ ਵਲੋਂ ਇਸ ਨੂੰ ਜ਼ਿਆਦਾ ਅਪਣਾਇਆ ਜਾਣਾ ਉਪਭੋਗਤਾ ਰੁਕਾਵਟਾਂ - ਨਿਰੀਖਣ, ਮੀਟਰ ਦੀ ਉਪਲਬਧਤਾ ਅਤੇ ਸਮਝੌਤੇ 'ਤੇ ਹਸਤਾਖਰ ਕਰਨ ਨੂੰ ਹਟਾਉਣ ਦੇ ਕਾਰਨ ਹੋਇਆ ਹੈ। ਹੁਣ ਤੱਕ 100 ਤੋਂ ਘੱਟ ਇੰਸਟਾਲੇਸ਼ਨ ਵਾਲੇ ਪ੍ਰਮੁੱਖ ਰਾਜ ਤ੍ਰਿਪੁਰਾ, ਝਾਰਖੰਡ, ਅਰੁਣਾਚਲ ਪ੍ਰਦੇਸ ਅਤੇ ਮਨੀਪੁਰ ਹਨ।

## ਕੇਂਦਰ ਵਲੋਂ ਜੰਮੂ-ਮੇਂਢਰ ਰੂਟ ਲਈ ਰਿਆਇਤੀ ਦਰਾਂ 'ਤੇ ਹੈਲੀਕਾਪਟਰ ਸੇਵਾ ਨੂੰ ਮਨਜੂਰੀ

ਜੰਮੂ, 16 ਦਸੰਬਰ : ਕੇਂਦਰ ਨੇ ਜੰਮੂ-ਪੁੰਛ-ਮੇਂਢਰ ਦੇ ਨਵੇਂ ਰੂਟ 'ਤੇ ਰਿਆਇਤੀ ਹੈਲੀਕਾਪਟਰ ਸੇਵਾਵਾਂ ਚਲਾਉਣ ਦੇ ਪ੍ਰਸਤਾਵ ਨੂੰ ਮਨਜੂਰੀ ਦੇ ਦਿੱਤੀ ਹੈ। ਜਿਸ ਵਿਚ ਜੰਮੂ-ਮੇਂਢਰ-ਜੰਮੂ ਦਾ ਵਾਧੂ ਵਿਕਲਪ ਵੀ ਸ਼ਾਮਲ ਹੈ। ਇਕ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ। ਅਧਿਕਾਰੀ ਨੇ ਦੱਸਿਆ ਕਿ ਇਹ ਫੈਸਲਾ ਜੰਮੂ-ਕਸ਼ਮੀਰ ਨਾਗਰਿਕ ਹਵਾਬਾਜੀ ਵਿਭਾਗ ਦੇ ਸਕੱਤਰ ਮੁਹੰਮਦ ਏਜਾਜ ਅਸਦ ਵਲੋਂ ਦੂਰ-ਦੁਰਾਡੇ ਖੇਤਰ ਮੇਂਢਰ ਨੂੰ ਸਰਦੀਆਂ ਦੀ ਰਾਜਧਾਨੀ ਜੰਮੂ ਨਾਲ ਸਿੱਧੇ ਜੋੜਨ ਦੇ ਪ੍ਰਸਤਾਵ ਮਗਰੋਂ ਲਿਆ ਗਿਆ ਹੈ। ਜੰਮੂ-ਕਸ਼ਮੀਰ ਦੇ ਕਈ ਹਿੱਸਿਆਂ 'ਚ ਰਿਆਇਤੀ ਦਰ ਵਾਲੀ ਹੈਲੀਕਾਪਟਰ ਸੇਵਾਵਾਂ ਪਹਿਲਾਂ ਤੋਂ ਹੀ ਚਾਲੂ ਹਨ, ਜਿਨ੍ਹਾਂ 'ਚ ਕਿਸ਼ਤਵਾੜ-ਸਾਉਂਡਰ-ਨਵਾਪਾਚੀ-ਈਸ਼ਾਨ-ਕਿਸ਼ਤਵਾੜ, ਜੰਮੂ-ਰਾਜੌਰੀ-ਪੁੰਛ-ਜੰਮੂ, ਜੰਮੂ-ਡੋਡਾ-ਕਿਸਤਵਾੜ-ਜੰਮੂ, ਬਾਂਦੀਪੋਰਾ-ਕੰਜਾਲਵਾਨ-ਦਾਵਰ-ਨਿਰੀ-ਬਾਂਦੀਪੁਰਾ ਅਤੇ ਕੁਪਵਾੜਾ-ਮਾਛਿਲ-ਤੰਗਧਾਰ-ਕੇਰਨ ਸ਼ਾਮਲ ਹਨ। ਗ੍ਰਹਿ ਮੰਤਰਾਲਾ ਤੋਂ ਮਿਲੀ ਸੂਚਨਾ ਦਾ ਹਵਾਲਾ ਦਿੰਦੇ ਹੋਏ ਅਧਿਕਾਰੀ ਨੇ ਦੱਸਿਆ ਕਿ ਮੰਤਰਾਲਾ ਨੇ ਜੰਮੂ-ਪੁੰਛ-ਮੇਂਢਰ ਦੇ ਨਵੇਂ ਰੂਟ 'ਤੇ ਰਿਆਇਤੀ ਹੈਲੀਕਾਪਟਰ ਸੇਵਾਵਾਂ ਚਾਲੂ ਕਰਨ ਦੇ ਪ੍ਰਸਤਾਵ ਨੂੰ ਮਨਜੂਰੀ ਦੇ ਦਿੱਤੀ ਹੈ, ਜਿਸ ਵਿਚ ਜੰਮੂ-ਮੇਂਢਰ-ਜੰਮੂ ਦਾ ਵਾਧੂ ਵਿਕਲਪ ਵੀ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਕੇਂਦਰੀ ਸਾਸਿਤ ਪ੍ਰਦੇਸ ਨੂੰ ਗ੍ਰਹਿ ਮੰਤਰਾਲੇ ਤੋਂ ਮਨਜੂਰ ਬਜਟ ਅਲਾਟਮੈਂਟ ਦੇ ਅੰਦਰ ਸਬਸਿਡੀ (ਰਿਆਇਤ) ਦਾ ਦਾਅਵਾ ਕਰਨ ਦੀ ਸਲਾਹ ਦਿੱਤੀ ਗਈ ਹੈ।

## ਫਲਾਂ ਅਤੇ ਸਬਜੀਆਂ ਦੀ ਪ੍ਰਤੀ ਵਿਅਕਤੀ ਉਪਲਬਧਤਾ 'ਚ ਵਾਧਾ: ਰਿਪੋਰਟ

ਨਵੀਂ ਦਿੱਲੀ, 16 ਦਸੰਬਰ : ਰਿਪੋਰਟ ਮੁਤਾਬਕ ਪਿਛਲੇ 10 ਸਾਲਾਂ 'ਚ ਫਲਾਂ ਅਤੇ ਸਬਜੀਆਂ ਦੀ ਪ੍ਰਤੀ ਵਿਅਕਤੀ ਉਪਲਬਧਤਾ ਵਿਚ ਕ੍ਰਮਵਾਰ 7 ਕਿਲੋ ਅਤੇ 12 ਕਿਲੋਗ੍ਰਾਮ ਦਾ ਵਾਧਾ ਹੋਇਆ ਹੈ। ਹਾਲਾਂਕਿ ਇਹ ਅੰਕੜਾ ਖੇਤੀਬਾੜੀ ਸਪਲਾਈ ਲੜੀ ਵਿਚ ਕਈ ਚੁਣੌਤੀਆਂ ਨੂੰ ਉਜਾਗਰ ਕਰਦਾ ਹੈ ਜੋ ਦੇਸ ਭਰ ਵਿਚ ਭੋਜਨ ਦੀ ਖਪਤ ਨੂੰ ਪ੍ਰਭਾਵਿਤ ਕਰਨਾ ਜਾਰੀ ਰੱਖਦੇ ਹਨ। ਜ਼ਿਕਰਯੋਗ ਹੈ ਕਿ ਮੱਧ ਪ੍ਰਦੇਸ, ਉੱਤਰ ਪ੍ਰਦੇਸ, ਪੰਜਾਬ ਅਤੇ ਜੰਮੂ-ਕਸਮੀਰ ਵਰਗੇ ਸੂਬਿਆਂ 'ਚ ਫਲਾਂ ਅਤੇ ਸਬਜੀਆਂ ਦੇ ਪ੍ਰਤੀ ਵਿਅਕਤੀ ਉਤਪਾਦਨ ਵਿਚ ਵਾਧਾ ਹੋਇਆ ਹੈ। ਹਾਲਾਂਕਿ ਕਈ ਉੱਤਰ-ਪੂਰਬੀ ਸੂਬਿਆਂ 'ਚ ਪ੍ਰਤੀ ਵਿਅਕਤੀ ਉਤਪਾਦਨ ਵਿਚ ਗਿਰਾਵਟ ਦਰਜ ਕੀਤੀ ਗਈ ਹੈ। ਭਾਰਤ ਪ੍ਰਤੀ ਵਿਅਕਤੀ ਪ੍ਰਤੀ ਸਾਲ ਲਗਭਗ 227 ਕਿਲੋਗ੍ਰਾਮ ਫਲ ਅਤੇ ਸਬਜੀਆਂ ਦਾ ਉਤਪਾਦਨ ਕਰਦਾ ਹੈ, ਜੋ ਕਿ ਪ੍ਰਤੀ ਵਿਅਕਤੀ ਸਾਲਾਨਾ 146 ਕਿਲੋਗ੍ਰਾਮ ਦੀ ਆਮ ਸਿਫਾਰਸ ਤੋਂ ਵੱਧ ਹੈ। ਹਾਲਾਂਕਿ ਫਲਾਂ ਅਤੇ ਸਬਜੀਆਂ ਦਾ ਇਕ ਮਹੱਤਵਪੂਰਨ ਹਿੱਸਾ - 30-35 ਫੀਸਦੀ ਉਨ੍ਹਾਂ ਦੇ ਜਲਦੀ ਖਰਾਬ ਹੋਣ ਦੇ ਨਾਲ-ਨਾਲ ਕਟਾਈ, ਸਟੋਰੇਜ, ਆਵਾਜਾਈ ਅਤੇ ਪੈਕੇਜਿੰਗ ਵਿਚ ਅਯੋਗਤਾਵਾਂ ਕਾਰਨ ਬਰਬਾਦ ਹੋ ਜਾਂਦਾ ਹੈ।

# ਏਅਰ ਫੋਰਸ ਦੀ ਵੈਪਨ ਸਿਸਟਮ ਬ੍ਰਾਂਚ ਦਾ ਪਹਿਲਾ ਬੈਚ ਹੋਇਆ ਸੁਰੂ

ਨਵੀਂ ਦਿੱਲੀ, 16 ਦਸੰਬਰ : ਭਾਰਤੀ ਹਵਾਈ ਸੈਨਾ () ਦੀ ਨਵੀਂ ਬਣੀ ਹਥਿਆਰ ਪ੍ਰਣਾਲੀ ਸਾਖਾ ਲਈ ਅਧਿਕਾਰੀਆਂ ਦਾ ਪਹਿਲਾ ਬੈਚ ਸਨੀਵਾਰ ਨੂੰ ਹੈਦਰਾਬਾਦ ਨੇੜੇ ਡੁੰਡੀਗਲ ਸਥਿਤ ਏਅਰ ਫੋਰਸ ਅਕੈਡਮੀ () ਤੋਂ ਪਾਸ ਆਊਟ ਹੋ ਗਿਆ। ਉਹ 204 ਕੈਡਿਟਾਂ ਵਿੱਚ ਸਾਮਲ ਸਨ, ਜਿਨ੍ਹਾਂ ਵਿੱਚ ਫਲਾਇੰਗ ਅਤੇ ਜਮੀਨੀ ਡਿਊਟੀ ਸਟਰੀਮ ਦੀਆਂ 26 ਔਰਤਾਂ ਵੀ ਸਾਮਲ ਸਨ, ਜਿਨ੍ਹਾਂ ਨੂੰ ਕੰਬਾਈਨਡ ਗ੍ਰੈਜੂਏਸਨ ਪਰੇਡ ਵਿੱਚ ਫਲਾਇੰਗ ਅਫਸਰ ਵਜੋਂ ਕਮਿਸਨ ਦਿੱਤਾ ਗਿਆ ਸੀ, ਜਿਸ ਦੀ ਹਵਾਈ ਸੈਨਾ ਦੇ ਮੁਖੀ ਏਅਰ ਚੀਫ ਮਾਰਸਲ ਏ.ਪੀ. ਸਿੰਘ ਦੁਆਰਾ ਸਮੀਖਿਆ ਕੀਤੀ ਗਈ ਸੀ। ਹਥਿਆਰ ਪ੍ਰਣਾਲੀ ਆਪਰੇਟਰਾਂ ਲਈ ਇੱਕ ਦੋ-ਪੜਾਅ ਸਿਖਲਾਈ ਪਾਠਕ੍ਰਮ ਤਿਆਰ ਕੀਤਾ ਗਿਆ ਹੈ, ਜਿਸ ਵਿੱਚ ਵਿੱਚ ਸੁਰੂਆਤੀ ਸਿਖਲਾਈ ਅਤੇ ਬਾਅਦ ਵਿੱਚ ਵਿਸੇਸ ਹੁਨਰਾਂ 'ਤੇ ਧਿਆਨ ਕੇਂਦਰਿਤ ਕਰਨ ਲਈ ਹੈਦਰਾਬਾਦ ਦੇ ਨੇੜੇ ਬੇਗਮਪੇਟ ਵਿਖੇ ਨਵੇਂ ਸਥਾਪਿਤ ਹਥਿਆਰ ਸਿਸਟਮ ਸਕੂਲ ਵਿੱਚ ਸਿਖਲਾਈ ਦਿੱਤੀ ਗਈ ਹੈ। 2022 ਵਿੱਚ ਚੰਡੀਗੜ੍ਹ ਵਿਖੇ ਹੋਏ ਹਵਾਈ ਸੈਨਾ ਦਿਵਸ ਦੇ ਜਸਨਾਂ ਦੌਰਾਨ, ਤਤਕਾਲੀ ਹਵਾਈ ਸੈਨਾ ਦੇ ਮੁਖੀ, ਏਅਰ ਚੀਫ ਮਾਰਸਲ ਵਿਵੇਕ ਰਾਮ ਚੌਧਰੀ, ਨੇ ਆਪਣੇ ਅਫਸਰਾਂ ਲਈ ਹਥਿਆਰ ਪ੍ਰਣਾਲੀ ਸਾਖਾ ਬਣਾਉਣ ਦਾ ਐਲਾਨ ਕੀਤਾ ਸੀ, ਜਿਸਦਾ ਉਦੇਸ ਸਾਰੇ ਹਥਿਆਰ ਸਿਸਟਮ ਆਪਰੇਟਰਾਂ ਨੂੰ ਅਧਾਰਿਤ ਸਿਸਟਮ ਅਤੇ ਇੱਕ ਸਿੰਗਲ ਸਟ੍ਰੀਮ ਦੇ ਅਧੀਨ ਏਅਰਬੋਰਨ ਪਲੇਟਫਾਰਮ ਵਿਚ ਏਕੀਕਰਨ ਕਰਨਾ ਸੀ। ਆਜਾਦੀ ਤੋਂ ਬਾਅਦ ਇਹ ਪਹਿਲਾ ਮੌਕਾ ਹੈ ਜਦੋਂ ਭਾਰਤੀ ਹਵਾਈ ਸੈਨਾ ਵਿੱਚ ਨਵੀਂ ਸੰਚਾਲਨ ਸਾਖਾ ਬਣਾਈ ਗਈ ਹੈ। ਚੌਧਰੀ ਨੇ ਆਪਣੇ ਸੰਬੋਧਨ ਦੌਰਾਨ ਕਿਹਾ ਕਿ ਸਤ੍ਹਾ ਤੋਂ ਸਤ੍ਹਾ 'ਤੇ ਮਾਰ ਕਰਨ ਵਾਲੀਆਂ ਮਿਜਾਈਲਾਂ, ਸਤ੍ਹਾ ਤੋਂ ਹਵਾ 'ਚ ਮਾਰ ਕਰਨ ਵਾਲੀਆਂ ਮਿਜਾਈਲਾਂ, ਰਿਮੋਟਲੀ ਪਾਇਲਟ ਏਅਰਕ੍ਰਾਫਟ ਅਤੇ ਦੋ ਅਤੇ ਮਲਟੀ-ਕਰੂ ਜਹਾਜਾਂ 'ਚ ਹਥਿਆਰ ਪ੍ਰਣਾਲੀ ਸੰਚਾਲਕਾਂ ਦੇ ਪ੍ਰਬੰਧਨ ਲਈ ਹੋਵੇਗਾ। ਇਸ ਸਾਖਾ ਦੇ ਬਣਨ ਨਾਲ ਫਲਾਇੰਗ ਟਰੇਨਿੰਗ 'ਤੇ ਖਰਚ ਘੱਟ ਹੋਣ ਕਾਰਨ 3,400 ਕਰੋੜ ਰੁਪਏ ਤੋਂ ਵੱਧ ਦੀ ਬਚਤ ਹੋਵੇਗੀ। ਸਾਖਾ ਨੂੰ ਚਾਰ ਉਪ-ਭਾਗਾਂ ਵਿੱਚ ਵੰਡਿਆ ਗਿਆ ਹੈ, ਜਿਵੇਂ , ਹਰ ਇੱਕ ਦੀ ਆਪਣੀ ਵਿਸੇਸਤਾ, ਹਥਿਆਰਾਂ ਨੂੰ ਲਾਂਚ ਕਰਨ, ਜਾਣਕਾਰੀ ਇਕੱਠੀ ਕਰਨ ਅਤੇ ਸਪੇਸ ਸੰਪਤੀਆਂ ਨੂੰ ਚਲਾਉਣ ਲਈ ਵੀ ਹੈ। ਇਹ ਸਤ੍ਹਾ-ਤੋਂ-ਸਤ੍ਹਾ ਮਿਜਾਈਲਾਂ, ਸਤ੍ਹਾ-ਤੋਂ-ਹਵਾਈ ਗਾਈਡਡ ਮਿਜਾਈਲਾਂ, ਮਾਨਵ ਰਹਿਤ ਹਵਾਈ ਵਾਹਨ (ਯੂ.ਏ.ਵੀ. ) ਅਤੇ ਟਵਿਨ-ਸੀਟ ਅਤੇ ਮਲਟੀ-ਕਰੂ ਏਅਰਕ੍ਰਾਫਟ ਵਿਚ ਸਾਰੇ ਹਥਿਆਰ ਪ੍ਰਣਾਲੀ ਸੰਚਾਲਕ ਹਨ। ਪਹਿਲਾ ਉਪ-ਸੈਕਸਨ 'ਫਲਾਇੰਗ' ਹੈ ਇਸ ਸ੍ਰੇਣੀ ਵਿੱਚ ਅਧਿਕਾਰੀ -30 'ਚ ਹਥਿਆਰ ਪ੍ਰਣਾਲੀ ਦੇ ਸੰਚਾਲਕ, -64 ਅਪਾਚੇ 'ਚ ਹਮਲਾਵਰ ਹੈਲੀਕਾਪਟਰ, ਸੋਵੀਅਤ ਮੂਲ ਦੇ -25/35 'ਚ ਸਵਦੇਸੀ ਪ੍ਰਚੰਡ ਅਤੇ ਵਿਸੇਸ 130 'ਚ ਸੁਪਰ ਹਰਕੂਲੀਸ ਵਰਗੇ ਹਵਾਈ ਜਹਾਜਾਂ ਹੋਣਗੇ। ਦੂਜਾ ਉਪ-ਭਾਗ 'ਰਿਮੋਟ' ਹੈ, ਜਿਸ ਵਿੱਚ ਜਾਂ ਡਰੋਨ ਦੁਆਰਾ ਸੰਚਾਲਨ ਸਾਮਲ ਹੈ। ਭਾਰਤੀ ਹਵਾਈ ਸੈਨਾ ਦੁਆਰਾ ਵੱਖ-ਵੱਖ ਮਿਸਨਾਂ ਜਿਵੇਂ ਕਿ ਹਮਲੇ, ਨਿਗਰਾਨੀ ਅਤੇ ਲੌਜਿਸਟਿਕਸ ਲਈ ਕਈ ਤਰ੍ਹਾਂ ਦੀਆਂ ਦਾ ਸੰਚਾਲਨ ਕੀਤਾ ਜਾਂਦਾ ਹੈ। ਕੁਝ ਵਿਦੇਸੀ ਸਪਲਾਇਰਾਂ ਜਿਵੇਂ ਕਿ ਯੂਐਸ ਅਤੇ ਇਜਰਾਈਲ ਤੋਂ ਪ੍ਰਾਪਤ ਕੀਤੇ ਜਾਂਦੇ ਹਨ ਜਦੋਂ ਕਿ ਕੁਝ ਸਵਦੇਸੀ ਤੌਰ 'ਤੇ ਡਿਜਾਈਨ ਅਤੇ ਨਿਰਮਿਤ ਹੁੰਦੇ ਹਨ। ਤੀਜਾ ਉਪ ਭਾਗ 'ਇੰਟੈਲੀਜੈਂਸ' ਹੈ, ਜਿਸ ਵਿੱਚ ਪੁਲਾੜ, ਹਵਾਈ ਜਹਾਜ ਜਾਂ ਯੂਏਵੀ ਵਿੱਚ ਨਿਗਰਾਨੀ ਸੰਪਤੀਆਂ ਦੁਆਰਾ ਪ੍ਰਾਪਤ ਚਿੱਤਰਾਂ ਦੀ ਵਿਆਖਿਆ ਸਾਮਲ ਹੈ। ਇਸ ਵਿੱਚ ਖੁਫੀਆ ਵਿਸਲੇਸਕ, ਸੂਚਨਾ ਯੁੱਧ ਮਾਹਿਰ, ਨਿਰੀਖਕ, ਸਿਗਨਲ ਇੰਟੈਲੀਜੈਂਸ ਕੋਲੇਟਰ ਦੇ ਨਾਲ-ਨਾਲ ਪੁਲਾੜ ਪ੍ਰਣਾਲੀਆਂ ਦੇ ਆਪਰੇਟਰ ਸਾਮਲ ਹੋਣਗੇ।

# ਦਿਲਜੀਤ ਮਗਰੋਂ ਕਰਨ ਔਂਜਲਾ ਨੂੰ ਨੋਟਿਸ, ਲੱਗਾ ਬੈਨ

ਐਂਟਰਟੇਨਮੈਂਟ ਡੈਸਕ, 16 ਦਸੰਬਰ : ਹਰਿਆਣਾ ਦੇ ਗੁਰੂਗ੍ਰਾਮ ਵਿਚ ਪੰਜਾਬੀ ਗਾਇਕ ਕਰਨ ਔਂਜਲਾ ਦੇ ਸੋਅ ਨੂੰ ਲੈ ਕੇ ਪ੍ਰਸਾਸਨ ਅਲਰਟ ਮੋਡ ਵਿਚ ਹੈ।

ਵਿਸਵ ਸਿਹਤ ਸੰਗਠਨ ਦੇ ਦਿਸਾ-ਨਿਰਦੇਸਾਂ ਦਾ ਹਵਾਲਾ ਦਿੰਦੇ ਹੋਏ, ਗੁਰੂਗ੍ਰਾਮ ਜ਼ਿਲ੍ਹਾ ਪ੍ਰਸਾਸਨ ਨੇ ਕਰਨ ਔਂਜਲਾ ਨੂੰ ਨੋਟਿਸ ਜਾਰੀ ਕਰਕੇ ਚਿਤਾਵਨੀ ਦਿੱਤੀ ਹੈ ਕਿ ਉਹ ਆਪਣੇ ਸੋਅ ਦੌਰਾਨ ਬੱਚਿਆਂ ਨੂੰ ਸਟੇਜ 'ਤੇ ਨਾ ਲਿਆਉਣ। ਨੋਟਿਸ ਵਿਚ ਇਹ ਵੀ ਕਿਹਾ ਗਿਆ ਹੈ ਕਿ ਉਹ ਸਰਾਬ, ਨਸ਼ਿਆਂ ਨੂੰ ਉਤਸਾਹਿਤ ਕਰਨ ਤੇ ਹਿੰਸਾ ਦੀ ਵਡਿਆਈ ਕਰਨ ਵਾਲੇ ਗੀਤ ਨਾ ਗਾਉਣ। ਇਸ ਤੋਂ ਪਹਿਲਾਂ ਚੰਡੀਗੜ੍ਹ ਪ੍ਰਸ਼ਾਸਨ ਨੇ ਦਿਲਜੀਤ ਦੋਸਾਂਝ ਨੂੰ ਵੀ ਨੋਟਿਸ ਜਾਰੀ ਕੀਤਾ ਸੀ। ਦੱਸ ਦਈਏ ਕਿ ਪੰਜਾਬੀ ਗਾਇਕ ਕਰਨ ਔਂਜਲਾ 15, 17 ਤੇ 19 ਦਸੰਬਰ ਨੂੰ ਗੁਰੂਗ੍ਰਾਮ 'ਚ ਸੋਅ ਕਰ ਰਹੇ ਹਨ। ਇਸ ਨੂੰ ਲੈ ਕੇ ਗੁਰੂਗ੍ਰਾਮ ਦੇ ਮਹਿਲਾ ਤੇ ਬਾਲ ਵਿਕਾਸ ਵਿਭਾਗ ਨੇ ਕਰਨ ਔਂਜਲਾ ਨੂੰ ਨੋਟਿਸ ਜਾਰੀ ਕੀਤਾ ਹੈ। ਮਹਿਲਾ ਤੇ ਬਾਲ ਵਿਕਾਸ ਵਿਭਾਗ ਦੇ ਜ਼ਿਲ੍ਹਾ ਪ੍ਰੋਗਰਾਮ ਅਫਸਰ ਵੱਲੋਂ ਜਾਰੀ ਨੋਟਿਸ ਵਿਚ ਲਿਖਿਆ ਗਿਆ ਹੈ, "ਡਬਲਿਯੂ. ਐੱਚ. ਓ. ਦੇ ਅਨੁਸਾਰ, ਬਾਲਗਾਂ ਨੂੰ 140 ਡੀਬੀ ਤੋਂ ਵੱਧ ਆਵਾਜ ਦੇ ਦਬਾਅ ਦੇ ਪੱਧਰ ਵਾਲੀ ਆਵਾਜ ਦੇ ਸੰਪਰਕ ਵਿਚ ਨਹੀਂ ਆਉਣਾ ਚਾਹੀਦਾ। ਬੱਚਿਆਂ ਲਈ ਇਹ ਪੱਧਰ 120 ਡੀਬੀ ਤੱਕ ਘਟਾਇਆ ਜਾਣਾ ਚਾਹੀਦਾ ਹੈ। ਇਸ ਲਈ ਤੁਹਾਡੇ ਲਾਈਵ ਸੋਅ ਦੌਰਾਨ ਬੱਚਿਆਂ ਨੂੰ ਸਟੇਜ 'ਤੇ ਨਹੀਂ ਲਿਆਉਣਾ ਚਾਹੀਦਾ, ਜਿੱਥੇ ਆਵਾਜ ਦਾ ਦਬਾਅ ਦਾ ਅਧਿਕਤਮ ਪੱਧਰ 120 ਡੀਬੀ ਤੋਂ ਵੱਧ ਹੈ। ਇਹ ਬੱਚਿਆਂ ਲਈ ਨੁਕਸਾਨਦੇਹ ਹੈ।" ਪੰਜਾਬੀ ਗਾਇਕ ਕਰਨ ਔਂਜਲਾ ਨੂੰ ਇਹ ਵੀ ਯਕੀਨੀ ਬਣਾਉਣ ਦੇ ਨਿਰਦੇਸ ਦਿੱਤੇ ਗਏ ਹਨ ਕਿ ਉਨ੍ਹਾਂ ਦੇ ਸੋਅ ਵਿਚ 21 ਸਾਲ ਤੋਂ ਘੱਟ ਉਮਰ ਦੇ ਨੌਜਵਾਨਾਂ ਨੂੰ ਸਰਾਬ ਨਾ ਦਿੱਤੀ ਜਾਵੇ। ਪ੍ਰਸਾਸਨ ਇਸ ਸਬੰਧੀ ਪ੍ਰੋਗਰਾਮ 'ਤੇ ਤਿੱਖੀ ਨਜਰ ਰੱਖੇਗਾ। ਪੰਜਾਬੀ ਗਾਇਕ ਕਰਨ ਔਂਜਲਾ ਦੇ ਸੋਅ ਨੂੰ ਲੈ ਕੇ ਚੰਡੀਗੜ੍ਹ 'ਚ ਵੀ ਵਿਵਾਦ ਹੋਇਆ ਸੀ। ਪ੍ਰੋਫੈਸਰ ਪੰਡਿਤ ਰਾਓ ਧਰਨੇਵਰ ਨੇ 7 ਦਸੰਬਰ ਨੂੰ ਚੰਡੀਗੜ੍ਹ ਵਿਚ ਹੋਣ ਵਾਲੇ ਸੋਅ ਸਬੰਧੀ ਪੁਲਸ ਨੂੰ ਸ਼ਿਕਾਇਤ ਦਿੱਤੀ ਸੀ। ਉਨ੍ਹਾਂ ਦੋਸ ਲਾਇਆ ਕਿ ਕਰਨ ਔਂਜਲਾ ਦੇ ਗੀਤ ਸਰਾਬ, ਨਸੇ ਤੇ ਹਿੰਸਾ ਨੂੰ ਉਤਸਾਹਿਤ ਕਰਦੇ ਹਨ। ਉਨ੍ਹਾਂ ਨੇ ਮੰਗ ਕੀਤੀ ਸੀ ਕਿ ਉਨ੍ਹਾਂ ਨੂੰ ਸੋਅ ਦੌਰਾਨ 'ਚਿੱਟਾ ਕੁਰਤਾ', 'ਅਧੀਆ', 'ਫਿਊ ਡੇਜ', 'ਅਲਕੋਹਲ 2', 'ਗੈਂਗਸਟਾ' ਤੇ 'ਬੰਦੂਕ' ਵਰਗੇ ਗੀਤ ਨਹੀਂ ਗਾਉਣੇ ਚਾਹੀਦੇ। ਹੁਣ ਪ੍ਰਸਾਸਨ ਗੁਰੂਗ੍ਰਾਮ 'ਚ ਕਰਨ ਔਂਜਲਾ ਦੇ ਸੋਅ 'ਤੇ ਨਜਰ ਰੱਖ ਰਿਹਾ ਹੈ।

# ਜਨਵਰੀ ਤੋਂ ਨਵੰਬਰ ਤੱਕ ਤੋਂ 223 ਲੱਖ ਕਰੋੜ ਰੁਪਏ ਦੇ 15,547 ਕਰੋੜ ਦਾ ਟ੍ਰਾਂਜੈਕਸ਼ਨ

ਨੈਸ਼ਨਲ ਡੈਸਕ, 16 ਦਸੰਬਰ : ਕੇਂਦਰੀ ਵਿੱਤ ਮੰਤਰਾਲੇ ਨੇ ਸਨੀਵਾਰ ਨੂੰ ਕਿਹਾ ਕਿ ਇਸ ਸਾਲ ਜਨਵਰੀ ਤੋਂ ਨਵੰਬਰ ਤੱਕ ਯੂਨੀਫਾਈਡ ਪੇਮੈਂਟਸ ਇੰਟਰਫੇਸ (ਯੂ. ਪੀ. ਆਈ.) ਰਾਹੀਂ 223 ਲੱਖ ਕਰੋੜ ਰੁਪਏ ਦੇ 15,547 ਕਰੋੜ ਲੈਣ-ਦੇਣ ਕੀਤੇ ਗਏ ਹਨ। ਸੋਸਲ ਮੀਡੀਆ 'ਤੇ ਇਕ ਪੋਸਟ 'ਚ, ਮੰਤਰਾਲੇ ਨੇ ਕਿਹਾ ਕਿ ਲੈਣ-ਦੇਣ ਦੇ ਅੰਕੜੇ ਭਾਰਤ 'ਚ ਵਿੱਤੀ ਲੈਣ-ਦੇਣ 'ਤੇ ਇਸ ਦੇ ਪਰਿਵਰਤਨਸੀਲ ਪ੍ਰਭਾਵ ਨੂੰ ਦਰਸਾਉਂਦੇ ਹਨ। ਇਸਨੇ ਯੂਪੀਆਈ ਦੀ ਮਹੱਤਤਾ ਨੂੰ ਵੀ ਉਜਾਗਰ ਕੀਤਾ, ਜੋ ਕਿ ਦੁਨੀਆ ਭਰ ਦੇ ਦੇਸਾਂ 'ਚ ਪ੍ਰਮੁੱਖਤਾ ਪ੍ਰਾਪਤ ਕਰ ਰਿਹਾ ਹੈ। ਇਕ ਡਿਜੀਟਲ ਭੁਗਤਾਨ ਪ੍ਰਣਾਲੀ ਹੈ ਜੋ ਉਪਭੋਗਤਾਵਾਂ ਨੂੰ ਬੈਂਕ ਖਾਤਿਆਂ ਵਿਚਕਾਰ ਤੁਰੰਤ ਪੈਸੇ ਟ੍ਰਾਂਸਫਰ ਕਰਨ ਦੀ ਆਗਿਆ ਦਿੰਦੀ ਹੈ। ਭਾਰਤ ਦੀ ਡਿਜੀਟਲ ਭੁਗਤਾਨ ਕ੍ਰਾਂਤੀ ਕੌਮਾਂਤਰੀ ਪੱਧਰ 'ਤੇ ਰਫਤਾਰ ਪ੍ਰਾਪਤ ਕਰ ਰਹੀ ਹੈ, ਅਤੇ ਦੋਵੇਂ ਸਰਹੱਦਾਂ ਦੇ ਪਾਰ ਤੇਜੀ ਨਾਲ ਫੈਲ ਰਹੇ ਹਨ। ਵਰਤਮਾਨ 'ਚ, 7 ਦੇਸਾਂ 'ਚ ਕਾਰਜਸੀਲ ਹੈ, ਜਿਸ 'ਚ ਮੁੱਖ ਬਾਜਾਰ ਜਿਵੇਂ ਕਿ , ਸਿੰਗਾਪੁਰ, ਭੂਟਾਨ, ਨੇਪਾਲ, ਸ੍ਰੀਲੰਕਾ, ਫਰਾਂਸ ਅਤੇ ਮਾਰੀਸਸ ਸਾਮਲ ਹਨ। ਦਾ ਫਰਾਂਸ 'ਚ ਦਾਖਲਾ ਖਾਸ ਤੌਰ 'ਤੇ ਮਹੱਤਵਪੂਰਨ ਹੈ ਕਿਉਂਕਿ ਇਹ ਪਹਿਲੀ ਵਾਰ ਫਰਾਂਸ ਰਾਹੀਂ ਯੂਰਪ 'ਚ ਦਾਖਲ ਹੋ ਰਿਹਾ ਹੈ। ਇਹ ਐਕਸਟੈਂਸਨ ਭਾਰਤੀ ਖਪਤਕਾਰਾਂ ਅਤੇ ਕਾਰੋਬਾਰਾਂ ਨੂੰ ਵਿਦੇਸਾਂ 'ਚ ਰਹਿੰਦੇ ਹੋਏ ਜਾਂ ਯਾਤਰਾ ਕਰਦੇ ਹੋਏ ਵੀ ਬਿਨਾਂ ਕਿਸੇ ਅੜਿੱਕੇ ਭੁਗਤਾਨ ਕਰਨ ਅਤੇ ਪ੍ਰਾਪਤ ਕਰਨ ਦੇ ਯੋਗ ਬਣਾਉਂਦਾ ਹੈ। ਅਕਤੂਬਰ 2024 'ਚ, ਨੇ ਇਕ ਮਹੀਨੇ 'ਚ 16.58 ਬਿਲੀਅਨ ਵਿੱਤੀ ਲੈਣ-ਦੇਣ ਕਰਕੇ ਇਕ ਇਤਿਹਾਸਕ ਉਪਲਬਧੀ ਹਾਸਲ ਕੀਤੀ। ਵਿੱਤ ਮੰਤਰਾਲੇ ਦੇ ਅੰਕੜਿਆਂ ਦੇ ਅਨੁਸਾਰ, ਨੇ ਅਕਤੂਬਰ 2024 'ਚ 16.58 ਬਿਲੀਅਨ ਵਿੱਤੀ ਲੈਣ-ਦੇਣ ਰਾਹੀਂ 23.49 ਲੱਖ ਕਰੋੜ ਰੁਪਏ ਦੀ ਪ੍ਰਭਾਵਸਾਲੀ ਪ੍ਰਕਿਰਿਆ ਕੀਤੀ।



# ਜਦੋਂ ਕ੍ਰਿਕਟ ਮੈਦਾਨ 'ਚ ਉਤਰੇ ਸੰਸਦ ਮੈਂਬਰ, ਖੂਬ ਲੱਗੇ ਚੌਕੇ-ਛੱਕੇ, ਅਨੁਰਾਗ ਠਾਕੁਰ ਨੇ ਜੜਤਾ ਤੂਫਾਨੀ ਸੈਂਕੜਾ

ਨਵੀਂ ਦਿੱਲੀ, 16 ਦਸੰਬਰ : ਸੰਸਦ ਦੇ ਸਰਦ ਰੁੱਤ ਸੈਸਨ ਦੌਰਾਨ ਐਤਵਾਰ (15 ਦਸੰਬਰ) ਨੂੰ ਲੋਕ ਸਭਾ ਅਤੇ ਰਾਜ ਸਭਾ ਦੇ ਸੰਸਦ ਮੈਂਬਰ ਕ੍ਰਿਕਟ ਦੇ ਮੈਦਾਨ 'ਤੇ ਹੱਥ ਮਿਲਾਉਂਦੇ ਨਜਰ ਆਏ। ਇਹ ਮੈਚ ਟੀਬੀ ਦੀ ਬਿਮਾਰੀ ਵਿਰੁੱਧ ਜਾਗਰੂਕਤਾ ਮੁਹਿੰਮ ਦੇ ਸਬੰਧ ਵਿੱਚ ਨਵੀਂ ਦਿੱਲੀ ਦੇ ਮੇਜਰ ਧਿਆਨ ਚੰਦ ਨੈਸਨਲ ਸਟੇਡੀਅਮ ਵਿੱਚ ਲੋਕ ਸਭਾ ਸਪੀਕਰ ਇਲੈਵਨ ਅਤੇ ਰਾਜ ਸਭਾ ਦੇ ਚੇਅਰਮੈਨ ਇਲੈਵਨ ਦਰਮਿਆਨ ਟੀ-20 ਫਾਰਮੈਟ ਵਿੱਚ ਖੇਡਿਆ ਗਿਆ।

ਇਸ ਮੈਚ ਵਿੱਚ ਦੋਵੇਂ ਟੀਮਾਂ ਦੇ ਖਿਡਾਰੀ ਬਕਾਇਦਾ ਟੀਮ ਕਿੱਟਾਂ ਪਾ ਕੇ ਮੈਦਾਨ ਵਿੱਚ ਉਤਰੇ। ਉਨ੍ਹਾਂ ਦੀ ਜਰਸੀ 'ਤੇ 'ਟੀਬੀ ਹਾਰੇਗੀ ਅਤੇ ਇੰਡੀਆ ਜਿੱਤੇਗੀ' ਸੰਦੇਸ ਲਿਖਿਆ ਹੋਇਆ ਸੀ। ਇਸ ਮੈਚ ਵਿੱਚ ਲੋਕ ਸਭਾ ਸਪੀਕਰ ਇਲੈਵਨ ਦੀ ਅਗਵਾਈ ਅਨੁਰਾਗ ਠਾਕੁਰ ਨੇ ਕੀਤੀ। ਉਥੇ ਹੀ ਰਾਜ ਸਭਾ ਚੇਅਰਮੈਨ ਇਲੈਵਨ ਦੀ ਕਪਤਾਨੀ ਕਿਰਨ ਰਿਜਿਜੂ ਨੇ ਕੀਤੀ। ਲੋਕ ਸਭਾ ਇਲੈਵਨ ਨੇ ਇਸ ਮੈਚ 'ਚ ਪਹਿਲਾਂ ਬੱਲੇਬਾਜੀ ਕਰਦੇ ਹੋਏ 20 ਓਵਰਾਂ 'ਚ 7 ਵਿਕਟਾਂ 'ਤੇ 251 ਦੌੜਾਂ ਦਾ ਵੱਡਾ ਸਕੋਰ ਬਣਾਇਆ। ਲੋਕ ਸਭਾ ਇਲੈਵਨ ਦੀ ਸੁਰੂਆਤ ਚੰਗੀ ਨਹੀਂ ਰਹੀ ਅਤੇ 20 ਦੌੜਾਂ ਦੇ ਅੰਦਰ ਹੀ ਇਸ ਦੇ ਦੋਵੇਂ ਸਲਾਮੀ ਬੱਲੇਬਾਜ ਮਨੋਜ ਤਿਵਾਰੀ ਅਤੇ ਦੀਪੇਂਦਰ ਸਿੰਘ ਹੁੱਡਾ ਪੈਵੇਲੀਅਨ ਪਰਤ ਗਏ। ਹੁੱਡਾ ਨੂੰ 6 ਦੌੜਾਂ ਦੇ ਨਿੱਜੀ ਸਕੋਰ 'ਤੇ ਕਿਰਨ ਰਿਜਿਜੂ ਨੇ ਐੱਲ.ਬੀ.ਡਬਲਯੂ. ਆਊਟ ਕੀਤਾ। ਮਨੋਜ ਤਿਵਾਰੀ 13 ਦੌੜਾਂ ਦੇ ਵਿਅਕਤੀਗਤ ਸਕੋਰ 'ਤੇ ਸੌਮਿਤਰਾ ਖਾਨ ਦੀ ਗੇਂਦ 'ਤੇ ਕੈਚ ਆਊਟ ਹੋ ਗਏ। ਲੋਕ ਸਭਾ ਸਪੀਕਰ ਇਲੈਵਨ ਦੇ ਕਪਤਾਨ ਅਨੁਰਾਗ ਠਾਕੁਰ ਨੇ ਟੀਮ ਦੀ ਜ਼ਿੰਮੇਵਾਰੀ ਆਪਣੇ ਮੋਢਿਆਂ 'ਤੇ ਲਈ ਅਤੇ ਚੰਦਰਸੇਖਰ ਆਜਾਦ ਦੇ ਨਾਲ ਸੈਂਕੜੇ ਦੀ ਸਾਂਝੇਦਾਰੀ ਕੀਤੀ। ਅਨੁਰਾਗ ਨੇ 65 ਗੇਂਦਾਂ 'ਚ 111 ਨਾਬਾਦ ਦੌੜਾਂ ਦੀ ਤੂਫਾਨੀ ਪਾਰੀ ਖੇਡੀ। ਚੰਦਰਸੇਖਰ ਨੇ 23 ਗੇਂਦਾਂ 'ਚ 54 ਦੌੜਾਂ ਬਣਾ ਕੇ ਅਨੁਰਾਗ ਦਾ ਚੰਗਾ ਸਾਥ ਦਿੱਤਾ। ਕਮਲੇਸ ਪਾਸਵਾਨ ਨੇ ਚੰਦਰਸੇਖਰ ਨੂੰ ਕਲੀਨ ਬੋਲਡ ਕਰਕੇ ਇਸ ਸਾਂਝੇਦਾਰੀ ਨੂੰ ਤੋੜਿਆ। ਇਸ ਤੋਂ ਬਾਅਦ ਬੱਲੇਬਾਜੀ ਕਰਨ ਆਏ ਗੁਰਮੀਤ ਹੇਅਰ ਸਿਰਫ 7 ਦੌੜਾਂ ਬਣਾ ਕੇ ਪੈਵੇਲੀਅਨ ਪਰਤ ਗਏ। ਉਨ੍ਹਾਂ ਨੂੰ ਵੀ ਕਮਲੇਸ਼ ਨੇ ਇਮਰਾਨ ਪ੍ਰਤਾਪਗੜ੍ਹੀ ਹੱਥੋਂ ਕੈਚ ਆਊਟ ਕਰਵਾਇਆ। ਰਾਮ ਮੋਹਨ ਨਾਇਡੂ ਆਪਣਾ ਖਾਤਾ ਵੀ ਨਹੀਂ ਖੋਲ੍ਹ ਸਕੇ। ਦੇਵੇਸ ਸਾਕਿਆ 3 ਦੌੜਾਂ ਬਣਾ ਕੇ ਮੁਹੰਮਦ ਅਜਹਰੂਦੀਨ ਦੇ ਹੱਥੋਂ ਬੋਲਡ ਹੋ ਗਏ। ਦੁਸਯੰਤ ਸਿੰਘ 5 ਦੌੜਾਂ ਬਣਾ ਕੇ ਰਨ ਆਊਟ ਹੋ ਗਏ। ਓਮ ਪ੍ਰਕਾਸ ਰਾਜੇ ਬਿਨਾਂ ਖਾਤਾ ਖੋਲ੍ਹੇ ਹੀ ਨਾਬਾਦ ਪਰਤੇ। ਲੋਕ ਸਭਾ ਇਲੈਵਨ ਵੱਲੋਂ ਮਿਲੇ 252 ਦੌੜਾਂ ਦੇ ਟੀਚੇ ਦਾ ਪਿੱਛਾ ਕਰਨ ਉਤਰੀ ਰਾਜ ਸਭਾ ਇਲੈਵਨ ਦੀ ਟੀਮ ਦੀ ਸੁਰੂਆਤ ਚੰਗੀ ਨਹੀਂ ਰਹੀ ਅਤੇ ਕਪਤਾਨ ਕਿਰਨ ਰਿਜਿਜੂ ਸਿਰਫ 1 ਦੌੜ ਬਣਾ ਕੇ ਪੈਵੇਲੀਅਨ ਪਰਤ ਗਏ। ਉਨ੍ਹਾਂ ਨੂੰ ਰਾਮ ਮੋਹਨ ਨਾਇਡੂ ਦੀ ਗੇਂਦ 'ਤੇ ਵਿਕਟਕੀਪਰ ਦਿਨੇਸ ਸਾਕਿਆ ਨੇ ਸਟੰਪ ਕੀਤਾ। ਇਸ ਤੋਂ ਬਾਅਦ ਅਜਹਰ ਨੇ ਕਮਲੇਸ ਪਾਸਵਾਨ ਨਾਲ ਮਿਲ ਕੇ ਪਾਰੀ ਨੂੰ ਸੰਭਾਲਿਆ। ਦੋਵਾਂ ਵਿਚਾਲੇ ਸੈਂਕੜੇ ਦੀ ਸਾਂਝੇਦਾਰੀ ਰਹੀ। ਦੀਪੇਂਦਰ ਸਿੰਘ ਹੁੱਡਾ ਨੇ ਕਮਲੇਸ ਨੂੰ ਐੱਲ.ਬੀ.ਡਬਲਯੂ. ਆਊਟ ਕਰਕੇ ਇਸ ਸਾਂਝੇਦਾਰੀ ਨੂੰ ਤੋੜ ਦਿੱਤਾ। ਉਨ੍ਹਾਂ ਨੇ 26 ਦੌੜਾਂ ਬਣਾਈਆਂ। ਇਮਰਾਨ ਪ੍ਰਤਾਪਗੜ੍ਹੀ ਆਪਣਾ ਖਾਤਾ ਵੀ ਨਹੀਂ ਖੋਲ੍ਹ ਸਕੇ। ਹੁੱਡਾ ਨੇ ਉਨ੍ਹਾਂ ਨੂੰ ਕਲੀਨ ਬੋਲਡ ਕੀਤਾ। ਅਜਹਰ ਨੇ ਆਊਟ ਹੋਣ ਤੋਂ ਪਹਿਲਾਂ 42 ਗੇਂਦਾਂ ਵਿੱਚ 74 ਦੌੜਾਂ ਦੀ ਅਰਧ ਸੈਂਕੜਾ ਲਗਾਇਆ। ਉਨ੍ਹਾਂ ਨੂੰ ਹੁੱਡਾ ਦੀ ਗੇਂਦ 'ਤੇ ਰਾਜੀਵ ਪ੍ਰਤਾਪ ਰੂਡੀ ਨੇ ਸਟੰਪ ਕੀਤਾ। ਦੀਪੇਂਦਰ ਹੁੱਡਾ ਨੇ ਨੀਰਜ ਡਾਂਗੀ ਅਤੇ ਸੀ.ਐੱਮ. ਰਮੇਸ ਨੂੰ ਰਨ ਆਊਟ ਕਰਕੇ ਰਾਜ ਸਭਾ ਇਲੈਵਨ ਦੀਆਂ ਮੁਸਕਲਾਂ ਵਧਾ ਦਿੱਤੀਆਂ ਹਨ। ਡਾਂਗੀ 28 ਦੌੜਾਂ ਅਤੇ ਰਮੇਸ 2 ਦੌੜਾਂ ਹੀ ਬਣਾ ਸਕੇ। ਕੇ. ਸੁਧਾਕਰ 27 ਦੌੜਾਂ ਬਣਾ ਕੇ ਰਿਟਾਇਰ ਹਰਟ ਹੋ ਗਏ। ਅਰੁਣ ਯਾਦਵ ਨੂੰ 5 ਦੌੜਾਂ ਦੇ ਸਕੋਰ 'ਤੇ ਨਿਸੀਕਾਂਤ ਦੂਬੇ ਨੇ ਬੋਲਡ ਕੀਤਾ। ਵੀ.ਕੇ. ਦੂਬੇ ਖਾਤਾ ਖੋਲ੍ਹੇ ਬਿਨਾਂ ਨਿਸੀਕਾਂਤ ਦੂਬੇ ਦੀ ਗੇਂਦ 'ਤੇ ਅਰੁਣ ਗੋਵਿਲ ਦੇ ਹੱਥੋਂ ਕੈਚ ਹੋ ਕੇ ਪੈਵੇਲੀਅਨ ਪਰਤ ਗਏ। ਐੱਨ ਦੂਬੇ ਖਾਤਾ ਖੋਲ੍ਹੇ ਬਿਨਾਂ ਨਾਬਾਦ ਰਹੇ। ਇਸ ਤਰ੍ਹਾਂ ਕਿਰਨ ਰਿਜਿਜੂ ਦੀ ਕਪਤਾਨੀ ਵਾਲੀ ਰਾਜ ਸਭਾ ਚੇਅਰਮੈਨ ਇਲੈਵਨ ਦੀ ਟੀਮ 20 ਓਵਰਾਂ ਵਿੱਚ 8 ਵਿਕਟਾਂ ਗੁਆ ਕੇ ਸਿਰਫ 178 ਦੌੜਾਂ ਹੀ ਬਣਾ ਸਕੀ ਅਤੇ ਉਸ ਨੂੰ ਅਨੁਰਾਗ ਠਾਕੁਰ ਦੀ ਅਗਵਾਈ ਵਾਲੀ ਲੋਕ ਸਭਾ ਸਪੀਕਰ ਇਲੈਵਨ ਦੇ ਹੱਥੋਂ 73 ਦੌੜਾਂ ਨਾਲ ਹਾਰ ਦਾ ਸਾਹਮਣਾ ਕਰਨਾ ਪਿਆ। ਟੀਬੀ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਸੰਸਦ ਮੈਂਬਰਾਂ ਦੇ ਇੱਕ ਦੋਸਤਾਨਾ ਕ੍ਰਿਕਟ ਮੈਚ ਵਿੱਚ ਸਾਂਸਦ ਮਨੋਜ ਤਿਵਾੜੀ ਨੂੰ 'ਸੁਪਰ ਕੈਚ ਆਫ ਦਾ ਮੈਚ' ਐਵਾਰਡ ਦਿੱਤਾ ਗਿਆ। ਕਾਂਗਰਸ ਦੇ ਸੰਸਦ ਮੈਂਬਰ ਦੀਪੇਂਦਰ ਸਿੰਘ ਹੁੱਡਾ ਨੂੰ ਬੈਸਟ ਗੇਂਦਬਾਜ ਦਾ ਐਵਾਰਡ ਦਿੱਤਾ ਗਿਆ। ਸਾਂਸਦ ਨਿਸੀਕਾਂਤ ਦੂਬੇ ਨੂੰ ਬੈਸਡ ਫੀਲਡਰ ਵਜੋਂ ਸਨਮਾਨਿਤ ਕੀਤਾ ਗਿਆ।



# ਭਾਰਤ 'ਚ 69 ਫੀਸਦੀ ਘਟੇ ਮਲੇਰੀਆ ਦੇ ਮਾਮਲੇ

ਨਵੀਂ ਦਿੱਲੀ, 16 ਦਸੰਬਰ : ਸੱਤ ਸਾਲਾਂ (2013-2023) ਵਿੱਚ ਭਾਰਤ ਵਿੱਚ ਮਲੇਰੀਆ ਦੇ ਕੇਸਾਂ ਵਿੱਚ 69 ਪ੍ਰਤੀਸਤ ਦੀ ਕਮੀ ਆਈ ਹੈ। ਇਸ ਬਿਮਾਰੀ ਨਾਲ ਹੋਣ ਵਾਲੀਆਂ ਮੌਤਾਂ ਦੀ ਗਿਣਤੀ ਵਿੱਚ ਵੀ ਇੰਨੀ ਹੀ ਗਿਰਾਵਟ ਆਈ ਹੈ। ਵਿਸਵ ਮਲੇਰੀਆ ਰਿਪੋਰਟ ਬੁੱਧਵਾਰ ਨੂੰ ਜਾਰੀ ਕੀਤੀ ਗਈ। ਇਸ 'ਚ ਦੁਨੀਆ ਭਰ 'ਚ ਮਲੇਰੀਆ ਦੀ ਬੀਮਾਰੀ ਦੇ ਅੰਕੜੇ ਜਾਰੀ ਕੀਤੇ ਗਏ। ਭਾਰਤ ਵਿੱਚ ਮਲੇਰੀਆ ਦੇ ਮਾਮਲਿਆਂ ਵਿੱਚ ਕਮੀ ਦੀ ਵਿਸਵ ਸਿਹਤ ਸੰਸਥਾ ਵੱਲੋਂ ਵੀ ਸਲਾਘਾ ਕੀਤੀ ਗਈ ਹੈ। ਭਾਰਤ ਉਨ੍ਹਾਂ ਕੁਝ ਦੇਸਾਂ ਵਿੱਚੋਂ ਇੱਕ ਹੈ ਜਿੱਥੇ ਇਸ ਬਿਮਾਰੀ ਨੂੰ ਇੰਨੀ ਚੰਗੀ ਤਰ੍ਹਾਂ ਕਾਬੂ ਕੀਤਾ ਗਿਆ ਹੈ। ਹਾਲਾਂਕਿ ਦੇਸ ਵਿੱਚ ਜਿਸ ਦਰ ਨਾਲ ਮਲੇਰੀਆ ਦੇ ਮਾਮਲੇ ਘਟੇ ਹਨ, ਉਸ ਦੇ ਮੁਕਾਬਲੇ ਡੇਂਗੂ ਦੇ ਕੇਸ ਘੱਟ ਨਹੀਂ ਹਨ। ਹਰ ਸਾਲ ਡੇਂਗੂ ਦੇ ਕੇਸ ਸਾਹਮਣੇ ਆਉਂਦੇ ਹਨ ਅਤੇ ਇਸ ਕਾਰਨ ਮਰੀਜਾਂ ਦੀ ਮੌਤ ਵੀ ਹੋ ਜਾਂਦੀ ਹੈ। ਵੱਡਾ ਸਵਾਲ ਇਹ ਹੈ ਕਿ ਜਦੋਂ ਡੇਂਗੂ ਅਤੇ ਮਲੇਰੀਆ ਦੋਵੇਂ ਬੀਮਾਰੀਆਂ ਮੱਛਰਾਂ ਕਾਰਨ ਹੁੰਦੀਆਂ ਹਨ ਤਾਂ ਫਿਰ ਇਸ 'ਤੇ ਕਾਬੂ ਕਿਉਂ ਨਹੀਂ ਆ ਰਿਹਾ? ਸਿਹਤ ਨੀਤੀ ਮਾਹਿਰ ਡਾ: ਅੰਸੂਮਨ ਕੁਮਾਰ ਦਾ ਕਹਿਣਾ ਹੈ ਕਿ ਡੇਂਗੂ ਅਤੇ ਮਲੇਰੀਆ ਦੋਵੇਂ ਬਿਮਾਰੀਆਂ ਮੱਛਰਾਂ ਤੋਂ ਹੋਣ ਵਾਲੀਆਂ ਬਿਮਾਰੀਆਂ ਹਨ, ਪਰ ਦੋਵਾਂ ਵਿਚ ਬਹੁਤ ਅੰਤਰ ਹੈ . ਡੇਂਗੂ ਇੱਕ ਵਾਇਰਸ ਹੈ, ਜਦੋਂ ਕਿ ਮਲੇਰੀਆ ਇੱਕ ਪਰਜੀਵੀ ਹੈ ਕਿਉਂਕਿ ਇਹ ਵਾਇਰਸ ਸਰੀਰ ਦੇ ਸੈੱਲਾਂ ਵਿੱਚ ਦਾਖਲ ਹੋ ਸਕਦਾ ਹੈ, ਪਰ ਦਵਾਈਆਂ ਰਾਹੀਂ ਪਰਜੀਵੀ ਨੂੰ ਕਾਬੂ ਕੀਤਾ ਜਾ ਸਕਦਾ ਹੈ। ਮਲੇਰੀਆ ਲਈ ਕਈ ਤਰ੍ਹਾਂ ਦੀਆਂ ਦਵਾਈਆਂ ਹਨ ਜੋ ਇਸ ਬਿਮਾਰੀ ਨੂੰ ਆਸਾਨੀ ਨਾਲ ਕਾਬੂ ਕਰ ਸਕਦੀਆਂ ਹਨ, ਇਹ ਐਂਟੀਮਲੇਰੀਅਲ ਦਵਾਈਆਂ ਦੁਆਰਾ ਕੀਤਾ ਜਾਂਦਾ ਹੈ, ਪਰ ਡੇਂਗੂ ਵਿੱਚ ਮਰੀਜ ਦੇ ਲੱਛਣਾਂ ਦੇ ਅਨੁਸਾਰ ਇਲਾਜ ਕੀਤਾ ਜਾਂਦਾ ਹੈ। ਇਸ ਲਈ ਕੋਈ ਇਕੱਲੀ ਨਿਰਧਾਰਤ ਦਵਾਈ ਨਹੀਂ ਹੈ। ਡੇਂਗੂ ਵਿੱਚ ਸੌਕ ਸਿੰਡਰੋਮ ਵਰਗੀ ਸਥਿਤੀ ਵੀ ਹੁੰਦੀ ਹੈ, ਜਿਸ ਵਿੱਚ ਮਰੀਜ ਦੀ ਜਾਨ ਬਚਾਉਣੀ ਮੁਸਕਲ ਹੁੰਦੀ ਹੈ, ਪਰ ਮਲੇਰੀਆ ਵਿੱਚ ਅਜਿਹੇ ਕੇਸ ਘੱਟ ਹੁੰਦੇ ਹਨ। ਡਾ: ਅੰਸੁਮਨ ਦੱਸਦੇ ਹਨ ਕਿ ਡੇਂਗੂ ਏਡੀਜ ਮੱਛਰ ਦੁਆਰਾ ਫੈਲਦਾ ਹੈ, ਜਦੋਂ ਕਿ ਮਲੇਰੀਆ ਐਨੋਫਿਲਿਸ ਮੱਛਰ ਦੁਆਰਾ ਫੈਲਦਾ ਹੈ। ਏਡੀਜ ਮੱਛਰ ਵਧੇਰੇ ਆਮ ਹਨ ਅਤੇ ਸਾਫ ਪਾਣੀ ਵਿੱਚ ਆਸਾਨੀ ਨਾਲ ਪੈਦਾ ਹੁੰਦੇ ਹਨ ਅਤੇ ਮਨੁੱਖਾਂ ਨੂੰ ਕੱਟਦੇ ਹਨ। ਡਾ: ਅੰਸੁਮਨ ਦੱਸਦੇ ਹਨ ਕਿ ਡੇਂਗੂ ਦਾ ਵਾਇਰਸ ਮਲੇਰੀਆ ਦੇ ਪੈਰਾਸਾਈਟ ਨਾਲੋਂ ਕਿਤੇ ਜ਼ਿਆਦਾ ਖਤਰਨਾਕ ਹੈ। ਡੇਂਗੂ ਦੇ ਵਾਇਰਸ ਇੱਕ ਨਹੀਂ ਬਲਕਿ ਚਾਰ ਕਿਸਮ ਦੇ ਹੁੰਦੇ ਹਨ। ਇਹ ਚਾਰ ਤਣਾਅ ਕਿਸੇ ਨਾ ਕਿਸੇ ਸਮੇਂ ਸੰਕਰਮਿਤ ਕਰ ਸਕਦੇ ਹਨ। ਡੇਂਗੂ ਲਈ ਅਜੇ ਤੱਕ ਕੋਈ ਪ੍ਰਭਾਵੀ ਟੀਕਾ ਉਪਲਬਧ ਨਹੀਂ ਹੈ, ਜਦੋਂ ਕਿ ਮਲੇਰੀਆ ਲਈ ਕਈ ਟੀਕੇ ਉਪਲਬਧ ਹਨ। ਇਨ੍ਹਾਂ ਨੇ ਵੀ ਬੀਮਾਰੀ ਨੂੰ ਕੰਟਰੋਲ ਕਰਨ 'ਚ ਮਦਦ ਕੀਤੀ ਹੈ। ਡਾ: ਅੰਸੁਮਨ ਦੱਸਦੇ ਹਨ ਕਿ ਡੇਂਗੂ ਦੀ ਵੈਕਸੀਨ ਬਣਾਉਣ ਲਈ ਕੰਮ ਕੀਤਾ ਜਾ ਰਿਹਾ ਹੈ। ਉਮੀਦ ਹੈ ਕਿ ਇਹ ਬਿਮਾਰੀ ਜਲਦੀ ਠੀਕ ਹੋ ਜਾਵੇਗੀ। ਵਰਤਮਾਨ ਵਿੱਚ 2018-19 ਵਿੱਚ ਭਾਰਤੀ ਵੈਕਸੀਨ ਡੇਂਗੀਆਲ ਦੇ ਪਹਿਲੇ ਅਤੇ ਦੂਜੇ ਪੜਾਅ ਦੇ ਕਲੀਨਿਕਲ ਅਜਮਾਇਸਾਂ ਵਿੱਚ ਚੰਗੇ ਨਤੀਜੇ ਪ੍ਰਾਪਤ ਕੀਤੇ ਗਏ ਹਨ। ਫਿਲਹਾਲ ਇਸ ਦਾ ਟ੍ਰਾਇਲ ਚੱਲ ਰਿਹਾ ਹੈ।



ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814

Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਜਵਾਨਾਂ ਦੀ ਚੌਕਸੀ, ਨਸ਼ੀਲੇ ਪਦਾਰਥਾਂ ਨਾਲ ਪਾਕਿਸਤਾਨੀ ਡਰੋਨ ਕੀਤਾ ਜਬਤ

ਜੰਮੂ, 16 ਦਸੰਬਰ : ਸੀਮਾ ਸੁਰੱਖਿਆ ਬਲ () ਦੇ ਜਵਾਨਾਂ ਨੇ ਅੰਤਰਰਾਸਟਰੀ ਸਰਹੱਦ ਨੇੜੇ ਅੱਧਾ ਕਿਲੋਗ੍ਰਾਮ ਨਸੀਲੇ ਪਦਾਰਥ ਲੈ ਕੇ ਜਾ ਰਹੇ ਪਾਕਿਸਤਾਨੀ ਡਰੋਨ ਨੂੰ ਜਬਤ ਕੀਤਾ ਹੈ। ਅਧਿਕਾਰੀਆਂ ਨੇ ਐਤਵਾਰ ਨੂੰ ਇਹ ਜਾਣਕਾਰੀ ਦਿੱਤੀ। ਅਧਿਕਾਰੀਆਂ ਨੇ ਦੱਸਿਆ ਕਿ ਡਰੋਨ ਸਰਹੱਦ ਪਾਰ ਤੋਂ ਭਾਰਤ 'ਚ ਦਾਖਲ ਹੋਇਆ ਸੀ ਅਤੇ ਸਨੀਵਾਰ ਦੇਰ ਰਾਤ ਅਰਨੀਆ ਸੈਕਟਰ 'ਚ ਚਿਨਾਜ ਸਰਹੱਦੀ ਚੌਕੀ ਖੇਤਰ ਤੋਂ ਇਸ ਨੂੰ ਜਬਤ ਕਰ ਲਿਆ ਗਿਆ। ਬਰਾਮਦਗੀ ਦੀ ਪੁਸਟੀ ਕਰਦੇ ਹੋਏ ਦੇ ਬੁਲਾਰੇ ਨੇ ਕਿਹਾ ਕਿ ਫੌਜ ਦੇ ਜਵਾਨਾਂ ਨੇ ਸਨੀਵਾਰ ਰਾਤ 8.10 ਵਜੇ ਪਾਕਿਸਤਾਨੀ ਡਰੋਨ ਨੂੰ ਗੋਲੀ ਮਾਰ ਦਿੱਤੀ ਅਤੇ ਨਸਾ ਤਸਕਰੀ ਦੀ ਕੋਸ਼ਿਸ ਨੂੰ ਨਾਕਾਮ ਕਰ ਦਿੱਤਾ। ਉਨ੍ਹਾਂ ਦੱਸਿਆ ਕਿ ਡਰੋਨ ਵਿਚੋਂ 495 ਗ੍ਰਾਮ ਨਸੀਲਾ ਪਦਾਰਥ ਵੀ ਬਰਾਮਦ ਕੀਤਾ ਗਿਆ ਹੈ। ਅਧਿਕਾਰੀ ਨੇ ਇਕ ਬਿਆਨ ਵਿਚ ਕਿਹਾ ਕਿ ਜੰਮੂ ਦੇ ਜਵਾਨਾਂ ਨੇ ਇਕ ਵਾਰ ਫਿਰ ਰਾਸਟਰ ਵਿਰੋਧੀ ਤੱਤਾਂ ਦੇ ਨਾਪਾਕ ਮਨਸੂਬਿਆਂ ਨੂੰ ਨਾਕਾਮ ਕਰ ਦਿੱਤਾ ਹੈ, ਜੋ ਰਾਸਟਰ ਦੀ



ਸੁਰੱਖਿਆ ਪ੍ਰਤੀ ਉਨ੍ਹਾਂ ਦੀ ਅਟੱਲ ਵਚਨਬੱਧਤਾ ਨੂੰ ਦਰਸਾਉਂਦਾ ਹੈ।" ਸੀਮਾ ਸੁਰੱਖਿਆ ਬਲ () ਦੇ ਜਵਾਨਾਂ ਨੇ ਜੰਮੂ ਦੇ ਅਰਨੀਆ ਇਲਾਕੇ 'ਚ ਅੰਤਰਰਾਸਟਰੀ ਸਰਹੱਦ 'ਤੇ ਇਕ ਪਾਕਿਸਤਾਨੀ ਡਰੋਨ ਨੂੰ ਰੋਕ ਕੇ ਸਰਹੱਦ ਪਾਰ ਤੋਂ ਨਸੀਲੇ ਪਦਾਰਥਾਂ ਦੀ ਤਸਕਰੀ ਕਰਨ ਦੀ ਕੋਸ਼ਿਸ ਨੂੰ ਸਫਲਤਾਪੂਰਵਕ ਨਾਕਾਮ ਕਰ ਦਿੱਤਾ। ਦੇ ਬੁਲਾਰੇ ਨੇ ਐਤਵਾਰ ਨੂੰ ਦੱਸਿਆ ਕਿ ਸਨੀਵਾਰ ਰਾਤ ਨੂੰ ਜੰਮੂ ਫਰੰਟੀਅਰ ਦੇ ਅਰਨੀਆ ਸੈਕਟਰ ਵਿਚ ਤਾਇਨਾਤ ਚੌਕਸ ਜਵਾਨਾਂ ਨੇ ਨਸੀਲੇ ਪਦਾਰਥਾਂ ਦੀ ਤਸਕਰੀ ਦੀ ਕੋਸ਼ਿਸ ਨੂੰ ਨਾਕਾਮ ਕਰ ਦਿੱਤਾ।

# ਲਾਲਕ੍ਰਿਸ਼ਨ ਅਡਵਾਨੀ ਦੀ ਮੁੜ ਸਿਹਤ ਵਿਗੜੀ

ਨਵੀਂ ਦਿੱਲੀ, 16 ਦਸੰਬਰ : ਦੇਸ ਦੇ ਸਾਬਕਾ ਉਪ ਪ੍ਰਧਾਨ ਮੰਤਰੀ ਅਤੇ ਭਾਜਪਾ ਦੇ ਸੀਨੀਅਰ ਨੇਤਾ ਲਾਲਕ੍ਰਿਸਨ ਅਡਵਾਨੀ ਦਾ ਦਿੱਲੀ ਦੇ ਅਪੋਲੋ ਹਸਪਤਾਲ ਵਿਚ ਇਲਾਜ ਚੱਲ ਰਿਹਾ ਹੈ। ਫਿਲਹਾਲ ਉਹ ਡਾਕਟਰਾਂ ਦੀ ਨਿਗਰਾਨੀ 'ਚ ਹਨ ਅਤੇ ਉਨ੍ਹਾਂ ਦੀ ਸਿਹਤ ਸਥਿਰ ਦੱਸੀ ਜਾ ਰਹੀ ਹੈ। ਪਿਛਲੇ ਦੋ ਹਫਤਿਆਂ ਤੋਂ ਉਨ੍ਹਾਂ ਦੀ ਸਿਹਤ ਠੀਕ ਨਹੀਂ ਸੀ, ਜਿਸ ਤੋਂ ਬਾਅਦ ਉਨ੍ਹਾਂ ਨੂੰ ਇੰਦਰਪ੍ਰਸਥ ਅਪੋਲੋ 'ਚ ਦਾਖਲ ਕਰਵਾਇਆ ਗਿਆ ਸੀ।



ਸਨੀਵਾਰ ਨੂੰ ਇੰਦਰਪ੍ਰਸਥ ਅਪੋਲੋ ਦੁਆਰਾ ਜਾਰੀ ਸਿਹਤ ਬੁਲੇਟਿਨ ਅਨੁਸਾਰ, ਲਾਲਕ੍ਰਿਸਨ ਅਡਵਾਨੀ ਨੂੰ ਮੈਡੀਕਲ ਪ੍ਰਬੰਧਨ ਅਤੇ ਜਾਂਚ ਲਈ ਇੰਦਰਪ੍ਰਸਥ ਅਪੋਲੋ ਹਸਪਤਾਲ ਦੇ ਆਈਸੀਯੂ ਵਿਚ ਦਾਖਲ ਕਰਵਾਇਆ ਗਿਆ ਹੈ। ਉਹ ਸੀਨੀਅਰ ਨਿਊਰੋਲੋਜਿਸਟ ਡਾ. ਵਿਨੀਤ ਸੂਰੀ ਦੀ ਦੇਖਰੇਖ ਹੇਠ ਹਨ ਅਤੇ ਫਿਲਹਾਲ ਉਨ੍ਹਾਂ ਦੀ ਹਾਲਤ ਸਥਿਰ ਹੈ। ਹਾਲਾਂਕਿ, ਹਸਪਤਾਲ ਨੇ ਇਹ ਨਹੀਂ ਦੱਸਿਆ ਕਿ ਉਨ੍ਹਾਂ ਨੂੰ ਆਈਸੀਯੂ ਵਿਚ ਕਿਉਂ ਦਾਖਲ ਕਰਵਾਉਣਾ ਪਿਆ। ਇਕ ਸੂਤਰ ਨੇ ਦੱਸਿਆ ਕਿ 97 ਸਾਲਾ ਅਡਵਾਨੀ ਨੂੰ ਦੋ ਦਿਨ ਪਹਿਲਾਂ ਹਸਪਤਾਲ ਲਿਆਂਦਾ ਗਿਆ ਸੀ। ਅਡਵਾਨੀ ਨੂੰ ਇਸ ਸਾਲ ਅਗਸਤ ਮਹੀਨੇ ਵਿਚ ਵੀ ਅਪੋਲੋ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਸੀ। ਉਸ ਸਮੇਂ ਉਹ ਨਿਊਰੋਲੋਜਿਸਟ ਡਾ. ਵਿਨੀਤ ਸੂਰੀ ਦੀ ਨਿਗਰਾਨੀ ਹੇਠ ਸਨ ਅਤੇ ਸਿਹਤ ਵਿਚ ਸੁਧਾਰ ਹੋਣ ਤੋਂ ਬਾਅਦ ਉਨ੍ਹਾਂ ਨੂੰ ਛੁੱਟੀ ਦੇ ਦਿੱਤੀ ਗਈ ਸੀ। ਮਹਿਜ ਇਕ ਮਹੀਨਾ ਪਹਿਲਾਂ 26 ਜੂਨ ਦੀ ਰਾਤ ਨੂੰ ਉਨ੍ਹਾਂ ਨੂੰ ਦਿੱਲੀ ਏਮਜ ਦੇ ਯੂਰੋਲੋਜੀ ਵਿਭਾਗ ਵਿਚ ਇਲਾਜ ਲਈ ਦਾਖਲ ਕਰਵਾਇਆ ਗਿਆ ਸੀ। ਉਨ੍ਹਾਂ ਦਾ ਇਲਾਜ ਡਾ. ਅਮਲੇਸ ਸੇਠ ਦੀ ਦੇਖਰੇਖ ਹੇਠ ਹੋਇਆ ਅਤੇ ਅਗਲੇ ਦਿਨ ਉਨ੍ਹਾਂ ਨੂੰ ਛੁੱਟੀ ਦੇ ਦਿੱਤੀ ਗਈ ਸੀ।

## ਸੰਤ ਸੀਚੇਵਾਲ ਨੇ ਮੰਤਰਾਲੇ ਨੂੰ ਸੌਂਪੀ ਲਿਸਟ

ਸੁਲਤਾਨਪੁਰ ਲੋਧੀ, 16 ਦਸੰਬਰ : ਰਾਜ ਸਭਾ ਮੈਂਬਰ ਤੇ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਭਾਰਤੀ ਨੌਜਵਾਨਾਂ ਨੂੰ ਸੁਰੱਖਿਅਤ ਵਾਪਸ ਲਿਆਉਣ ਦੀ ਮੰਗ ਨੂੰ ਵਿਦੇਸ਼ ਮੰਤਰਾਲੇ ਕੋਲ ਸੰਜੀਦਗੀ ਨਾਲ ਉਠਾਇਆ। ਉਨ੍ਹਾਂ ਨੇ ਪਾਰਲੀਮੈਂਟ ਦੇ ਚੱਲ ਰਹੇ ਸਰਦ ਰੁੱਤ ਦੇ ਸ਼ੈਸ਼ਨ ਦੌਰਾਨ ਵਿਦੇਸ਼ ਮੰਤਰਾਲੇ ਨੂੰ ਇਕ ਪੱਤਰ ਸੌਂਪਦਿਆ ਹੋਇਆ ਮੰਗ ਕੀਤੀ ਕਿ ਅਜੇ ਵੀ ਰੂਸ ਤੇ ਯੂਕ੍ਰੇਨ ਵਿਚ ਚੱਲ ਰਹੇ ਯੁੱਧ ਦੌਰਾਨ ਕਈ ਭਾਰਤੀ ਹਾਲੇ ਵੀ ਰੂਸੀ ਫੌਜ ਵਿਚ ਫਸੇ ਹੋਏ ਹਨ, ਜਿਨ੍ਹਾਂ 'ਤੇ ਹਰ ਵੇਲੇ ਮੌਤ ਦਾ ਖਤਰਾ ਬਣਿਆ ਹੋਇਆ ਹੈ। ਸੰਤ ਸੀਚੇਵਾਲ ਵੱਲੋਂ ਸੌਂਪੇ ਪੱਤਰ ਨਾਲ 10 ਨੌਜਵਾਨਾਂ ਦੀ ਇਕ ਸੂਚੀ ਵੀ ਸੀ, ਜੋ ਅਜੇ ਵੀ ਉੱਥੇ ਮਜਬੂਰਨ ਰੂਸੀ ਫੌਜ ਲਈ ਕੰਮ ਕਰ ਰਹੇ ਹਨ। ਸੰਤ ਸੀਚੇਵਾਲ ਨੇ ਦੱਸਿਆ ਕਿ ਇਹ ਨੌਜਵਾਨ ਤਾਂ ਰੋਜ਼ੀ ਰੋਟੀ ਕਮਾਉਣ ਲਈ ਵਿਦੇਸ਼ ਗਏ ਸੀ ਪਰ ਠੱਗ ਟਰੈਵਲ ਏਜੰਟਾਂ ਵੱਲੋਂ ਇਨ੍ਹਾਂ ਨੂੰ ਨੌਜਵਾਨਾਂ ਨੂੰ ਧੋਖੇ ਤੇ ਗੁੰਮਰਾਹ ਕਰਕੇ ਰੂਸੀ ਫੌਜ਼ ਵਿਚ ਭਰਤੀ ਕਰਵਾ ਦਿੱਤਾ ਗਿਆ। ਉਨ੍ਹਾਂ ਭਾਰਤ ਸਰਕਾਰ ਤੋਂ ਮੰਗ ਕੀਤੀ ਕਿ ਜਿਹੜੇ 10 ਨੌਜਵਾਨਾਂ ਦੀ ਉਨ੍ਹਾਂ ਵੱਲੋਂ ਸੂਚੀ ਦਿੱਤੀ ਗਈ ਹੈ ਇਸਤੋਂ ਇਲਾਵਾ ਵੀ ਉੱਥੇ ਹਾਲੇ ਹੋਰ ਵੀ ਨੌਜਵਾਨ ਰੂਸੀ ਫੌਜ ਵਿਚ ਹਨ, ਜਿਨ੍ਹਾਂ ਬਾਰੇ ਕੁੱਝ ਵੀ ਨਹੀਂ ਪਤਾ ਲੱਗ ਰਿਹਾ ਹੈ। ਉਨ੍ਹਾਂ ਮੰਗ ਕੀਤੀ ਕਿ ਭਾਰਤ ਸਰਕਾਰ ਆਪਣੇ ਤੁਰੰਤ ਪ੍ਰਭਾਵਾਂ ਦੀ ਵਰਤੋਂ ਕਰਦੇ ਹੋਏ ਰਹਿੰਦੇ ਭਾਰਤੀਆਂ ਨੂੰ ਵੀ ਜਲਦ ਤੋਂ ਜਲਦ ਸੁਰੱਖਿਅਤ ਵਾਪਸ ਲਿਆਂਦਾ ਜਾਵੇ। ਜ਼ਿਕਰਯੋਗ ਹੈ ਕਿ ਬੀਤੇ ਦਿਨੀ ਰਾਕੇਸ਼ ਯਾਦਵ ਜਿਸਦੀ ਰਾਜ ਸਭਾ ਮੈਂਬਰ ਸੰਤ ਸੀਚੇਵਾਲ ਸਦਕਾ ਘਰ ਵਾਪਸੀ ਹੋਈ ਸੀ, ਉਸ ਵੱਲੋਂ ਬੜੀ ਦਰਦਭਰੀ ਹੱਡਬੀਤੀ ਦੱਸੀ ਗਈ ਸੀ। ਵਿਦੇਸ਼ ਮੰਤਰਾਲੇ ਨੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਦੇ ਪੱਤਰ ਦਾ ਤੁਰੰਤ ਜੁਆਬ ਦਿੰਦਿਆਂ ਦੱਸਿਆ ਕਿਹਾ ਕਿ ਭਾਰਤ ਸਰਕਾਰ ਇਨ੍ਹਾਂ ਨੌਜਵਾਨਾਂ ਨੂੰ ਵਤਨ ਵਾਪਸ ਲਿਆਉਣ ਲਈ ਲਗਾਤਾਰ ਯਤਨਸ਼ੀਲ ਹੈ। ਭਾਰਤੀ ਦੂਤਾਵਾਸ ਨੇ ਭਰੋਸਾ ਦਿੱਤਾ ਕਿ ਉਨ੍ਹਾਂ ਵੱਲੋਂ ਇਸ ਮਾਮਲੇ ਨੂੰ



ਪਹਿਲ ਦਿੱਤੀ ਹੈ ਅਤੇ ਜਲਦੀ ਹੱਲ ਲਈ ਸਰਗਰਮੀ ਨਾਲ ਪੈਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਵੇਰਵੇ ਪ੍ਰਾਪਤ ਹੋਣ 'ਤੇ ਦੂਤਾਵਾਸ ਦੁਆਰਾ ਤੁਰੰਤ ਕਾਰਵਾਈ ਸ਼ੁਰੂ ਕੀਤੀ ਗਈ ਸੀ। ਬੀਤੇ ਦਿਨੀ ਪਾਰਲੀਮੈਂਟ ਦੇ ਚੱਲ ਰਹੇ ਸ਼ੈਸ਼ਨ ਦੌਰਾਨ ਵੀ ਸਦਨ ਵਿਚ ਵਿਦੇਸ਼ ਰਾਜ ਮੰਤਰੀ ਕੀਰਤੀਵਰਧਨ ਵੱਲੋਂ ਵੀ ਕਿਹਾ ਗਿਆ ਹੈ ਕਿ 19 ਭਾਰਤੀ ਹਾਲੇ ਵੀ ਰੂਸੀ ਸੈਨਾ ਵਿਚ ਤਾਇਨਾਤ ਹਨ। ਸੰਤ ਸੀਚੇਵਾਲ ਨੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਕਿ ਇਸ ਗਿਰੋਹ ਵਿਚ ਸ਼ਾਮਲ ਏਜੰਟਾਂ ਤੇ ਸਖਤ ਕਾਰਵਾਈ ਕੀਤੀ ਜਾਵੇ ਅਤੇ ਨੌਜਵਾਨਾਂ ਨੂੰ ਉਨ੍ਹਾਂ ਦੇ ਹੱਕ ਦੀ ਕਮਾਈ ਦਿਵਾਉਣ ਦੀ ਅਪੀਲ ਕੀਤੀ। ਉਨ੍ਹਾਂ ਦੱਸਿਆ ਕਿ ਏਜੰਟਾਂ ਨਾ ਕੇਵਲ ਭਾਰਤੀ ਨੌਜਵਾਨਾਂ ਨੂੰ ਰਸ਼ੀਅਨ ਆਰਮੀ ਵਿਚ ਜ਼ਬਰਨ ਭਾਰਤੀ ਕਰਵਾਇਆ, ਸਗੋਂ ਉੱਥੋਂ ਮਿਲਣ ਵਾਲੀ ਤਨਖਾਹ ਤੇ ਮੁਆਵਜ਼ੇ ਦੀ ਰਕਮ ਨੂੰ ਉਨ੍ਹਾਂ ਦੇ ਖਾਤਿਆਂ ਵਿਚੋਂ ਕਢਵਾ ਲਿਆ ਹੈ।

# ਕਾਮੇਡੀਅਨ ਮੁਸ਼ਤਾਕ ਖਾਨ ਦੇ ਅਗਵਾਕਾਰ ਦਬੋਚੇ, ਦੱਸਿਆ ਇਨ੍ਹਾਂ ਦੇ ਅਗਲੇ ਟਾਰਗੇਟ 'ਤੇ ਸੀ ਕਿਹੜਾ ਐਕਟਰ?

ਬਿਜਨੌਰ, 16 ਦਸੰਬਰ : ਬਿਜਨੌਰ ਪੁਲਸ ਨੇ ਫਿਲਮ ਅਦਾਕਾਰ ਮੁਸ਼ਤਾਕ ਖਾਨ ਦੇ ਅਗਵਾ ਮਾਮਲੇ ਦਾ ਪਰਦਾਫਾਸ ਕੀਤਾ ਹੈ। ਪੁਲਸ ਨੇ ਅਗਵਾ ਕਾਂਡ ਨੂੰ ਅੰਜਾਮ ਦੇਣ ਵਾਲੇ ਲਵੀ ਪਾਲ ਗਿਰੋਹ ਦੇ ਮੁੱਖ ਮੁਲਜਮ ਸਾਬਕਾ ਕੌਂਸਲਰ ਸਾਰਥਕ ਉਰਫ ਰਿੱਕੀ ਚੌਧਰੀ ਸਮੇਤ ਚਾਰ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਮੁਸ਼ਤਾਕ ਖਾਨ ਦੇ ਖਾਤੇ ਵਿੱਚੋਂ ਕਢਵਾਏ 1 ਲੱਖ ਚਾਰ ਹਜਾਰ ਰੁਪਏ ਅਤੇ ਉਨ੍ਹਾਂ ਕੋਲੋਂ ਦੋ ਮੋਬਾਈਲ ਫੋਨ ਵੀ ਬਰਾਮਦ ਕੀਤੇ ਗਏ ਹਨ। ਗਿਰੋਹ ਦੇ ਦੋ ਮੁੱਖ ਮੁਲਜਮ ਲਵੀ ਪਾਲ ਅਤੇ ਅਰਜੁਨ ਕਰਨਵਾਲ ਸਮੇਤ 6 ਵਿਅਕਤੀ ਫਰਾਰ ਹਨ, ਜਿਨ੍ਹਾਂ ਨੂੰ ਕਾਬੂ ਕਰਨ ਲਈ ਕਈ ਟੀਮਾਂ ਲੱਗੀਆਂ ਹੋਈਆਂ ਹਨ। ਇਸ ਗਿਰੋਹ ਨੇ ਪਹਿਲਾਂ ਵੀ ਫਿਲਮ ਐਕਟਰ ਸਕਤੀ ਕਪੂਰ ਨੂੰ ਇਕ ਈਵੈਂਟ ਦੇ ਨਾਂ 'ਤੇ ਬੁੱਕ ਕੀਤਾ ਸੀ ਪਰ ਪਹਿਲਾਂ ਤੋਂ ਜ਼ਿਆਦਾ ਟੋਕਨ ਮਨੀ ਮੰਗਣ ਕਾਰਨ ਸੌਦਾ ਤੈਅ ਨਹੀਂ ਹੋ ਸਕਿਆ ਸੀ। ਪੁਲਸ ਸੁਪਰਡੈਂਟ ਅਭਿਸੇਕ ਝਾਅ ਨੇ ਦੱਸਿਆ ਕਿ 15 ਅਕਤੂਬਰ ਨੂੰ ਰਾਹੁਲ ਸੈਣੀ ਦੇ ਰੂਪ 'ਚ ਪੇਸ ਹੋਏ ਲਵੀ ਨੇ ਫਿਲਮ ਅਭਿਨੇਤਾ ਮੁਸਤਾਕ ਖਾਨ ਨੂੰ ਇਕ ਸਮਾਗਮ ਲਈ ਬੁੱਕ ਕੀਤਾ ਸੀ। ਇਸ ਦੇ ਲਈ



ਉਸ ਨੇ ਮੁਸਤਾਕ ਖਾਨ ਨੂੰ 25 ਹਜਾਰ ਐਡਵਾਂਸ ਵੀ ਭੇਜੇ ਸਨ ਅਤੇ ਮੁੰਬਈ ਤੋਂ ਦਿੱਲੀ ਦੀ ਫਲਾਈਟ ਦੀ ਟਿਕਟ ਵੀ ਭੇਜੀ ਸੀ। 20 ਨਵੰਬਰ ਨੂੰ ਜਦੋਂ ਫਿਲਮ ਅਦਾਕਾਰ ਮੁੰਬਈ ਤੋਂ ਫਲਾਈਟ ਰਾਹੀਂ ਦਿੱਲੀ ਆਇਆ ਤਾਂ ਏਅਰਪੋਰਟ 'ਤੇ ਰਾਹੁਲ ਸੈਣੀ ਦੁਆਰਾ ਬੁੱਕ ਕੀਤੀ ਕੈਬ ਰਾਹੀਂ ਉਨ੍ਹਾਂ ਦਾ ਸਵਾਗਤ ਕੀਤਾ ਗਿਆ, ਜੋ ਅਦਾਕਾਰ ਨੂੰ ਦਿੱਲੀ ਤੋਂ ਮੇਰਠ ਲਿਆ ਰਹੀ ਸੀ। ਪਰ ਬਿਜਨੌਰ ਤੋਂ ਲਵੀ ਆਪਣੇ ਸਾਥੀਆਂ ਸਾਰਥਕ ਉਰਫ ਰਿੱਕੀ, ਆਕਾਸ, ਸ਼ਿਵਾ, ਅਰਜੁਨ ਅੰਕਿਤ, ਅਜੀਮ ਸੁਭਮ ਅਤੇ ਸਬੀਉਦੀਨ ਨਾਲ ਕਿਰਾਏ ਦੀ ਸਵਿਫਟ ਕਾਰ ਵਿਚ ਅਤੇ ਲਵੀ ਆਪਣੀ ਸਕਾਰਪੀਓ ਕਾਰ ਵਿਚ ਦਿੱਲੀ ਪਹੁੰਚ ਗਿਆ। ਫਿਰ ਉਨ੍ਹਾਂ ਨੇ ਬਿਜਨੌਰ ਅਤੇ ਮੇਰਠ ਦੇ ਰਸਤੇ 'ਤੇ ਕਬਜਾ ਕਰ ਲਿਆ। ਮੁਸਤਾਕ ਖਾਨ ਨੂੰ ਬੁੱਕ ਕੀਤੀ ਟੈਕਸੀ ਤੋਂ ਉਤਾਰ ਕੇ ਲਵੀ ਨੇ ਉਸ ਨੂੰ ਆਪਣੀ ਸਕਾਰਪੀਓ ਕਾਰ ਵਿਚ ਬਿਠਾਇਆ ਅਤੇ ਬਾਕੀ ਸਾਥੀ ਸਵਿਫਟ ਕਾਰ ਵਿਚ ਬੈਠ ਕੇ ਉਸ ਨਾਲ ਬਿਜਨੌਰ ਲਈ ਰਵਾਨਾ ਹੋ ਗਏ। ਉਦੋਂ ਤੱਕ ਮੁਸਤਾਕ ਖਾਨ ਨੂੰ ਇਹ ਨਹੀਂ ਪਤਾ ਸੀ ਕਿ ਉਸ ਨੂੰ ਅਗਵਾ ਕਰ ਲਿਆ ਗਿਆ ਹੈ।

# ਮੁੜ ਇੱਕਠਾ ਹੋਵੇਗਾ ਸੰਯੁਕਤ ਕਿਸਾਨ ਮੋਰਚਾ, 41ਵੇਂ ਟੈਸਟ ਮੈਚ 'ਚ ਪੰਤ ਨੇ ਰਚਿਆ ਇਤਿਹਾਸ

ਜਲੰਧਰ, 15 ਦਸੰਬਰ : ਅੱਜ ਪੰਜਾਬ 'ਚ ਸ਼ੰਭੂ ਤੇ ਖਨੌਰੀ ਬਾਰਡਰ 'ਤੇ ਕਿਸਾਨਾਂ ਵੱਲੋਂ ਕੀਤੇ ਜਾ ਰਹੇ ਸੰਘਰਸ਼ ਦੌਰਾਨ ਵੱਡੀ ਖਬਰ ਸਾਹਮਣੇ ਆਈ ਹੈ। ਕਿਸਾਨ ਅੰਦੋਲਨ 2.0 ਦੇ ਹੱਕ ਵਿਚ ਹੁਣ ਸੰਯੁਕਤ ਕਿਸਾਨ ਮੋਰਚਾ ਵੀ ਨਿਤਰ ਗਿਆ ਹੈ। ਉੱਥੇ ਹੀ ਪੰਜਾਬ ਪੁਲਸ ਦੇ ਡੀ. ਜੀ. ਪੀ. ਗੌਰਵ ਯਾਦਵ ਨੇ ਖਨੌਰੀ ਬਾਰਡਰ ਪਹੁੰਚ ਕੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦਾ ਹਾਲ ਜਾਣਿਆ। ਦੱਸ ਦਈਏ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦਾ ਮਰਨ ਵਾਰਤ 20ਵੇਂ ਦਿਨ ਵਿਚ ਸ਼ਾਮਲ ਹੋ ਗਿਆ ਹੈ। ਇਸ ਦੌਰਾਨ ਜੇਕਰ ਮਨੋਰੰਜਨ ਜਗਤ ਦੀ ਗੱਲ ਕਰੀਏ ਤਾਂ ਪੰਜਾਬੀ ਗਾਇਕ ਰਾਏ ਜੁਝਾਰ ਖ਼ਿਲਾਫ ਐੱਨ. ਆਰ. ਆਈ. ਵਿੰਗ 'ਚ ਜਿਨਸੀ ਸੋਸਣ ਅਤੇ ਧੋਖਾਧੜੀ ਦੀਆਂ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ। ਇਸ ਦੇ ਨਾਲ ਆਓ ਨਜਰ ਮਾਰਦੇ ਹਾਂ ਅੱਜ ਦੀਆਂ ਟੌਪ-10 ਖਬਰਾਂ 'ਤੇ



ਪਟਿਆਲਾ/ਹਰਿਆਣਾ (ਵੈੱਬ ਡੈਸਕ)- ਸ਼ੰਭੂ ਤੇ ਖਨੌਰੀ ਬਾਰਡਰ 'ਤੇ ਕਿਸਾਨਾਂ ਵੱਲੋਂ ਕੀਤੇ ਜਾ ਰਹੇ ਸੰਘਰਸ਼ ਦੌਰਾਨ ਵੱਡੀ ਖਬਰ ਸਾਹਮਣੇ ਆਈ ਹੈ। ਕਿਸਾਨ ਅੰਦੋਲਨ 2.0 ਦੇ ਹੱਕ ਵਿਚ ਹੁਣ ਸੰਯੁਕਤ ਕਿਸਾਨ ਮੋਰਚਾ ਵੀ ਨਿਤਰ ਗਿਆ ਹੈ। ਸੰਯੁਕਤ ਕਿਸਾਨ ਮੋਰਚੇ ਵੱਲੋਂ ਦੇਸ਼ ਭਰ ਵਿਚ 23 ਦਸੰਬਰ ਨੂੰ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਗਿਆ ਹੈ। ਇਥੇ ਦੱਸ ਦੇਈਏ ਕਿ ਕਿਸਾਨ ਮਜਦੂਰ ਮੋਰਚੇ ਦੇ ਆਗੂ ਸਰਵਣ ਸਿੰਘ ਪੰਧੇਰ ਵੱਲੋਂ ਸੰਯੁਕਤ ਕਿਸਾਨ ਮੋਰਚੇ ਨੂੰ ਸੰਘਰਸ਼ ਵਿੱਚ ਸ਼ਾਮਲ ਹੋਣ ਲਈ ਚਿੱਠੀ ਲਿਖ ਕੇ ਸੱਦਾ ਗਿਆ ਸੀ, ਜਿਸ ਤੋਂ ਬਾਅਦ ਬੀ. ਕੇ. ਯੂ. ਉਗਰਾਹਾਂ ਨੇ ਕਿਹਾ ਕਿ ਸੰਯੁਕਤ ਕਿਸਾਨ ਮੋਰਚੇ ਵੱਲੋਂ ਇੱਕਜੁਟ ਹੋ ਕੇ 23 ਦਸੰਬਰ ਨੂੰ ਦੇਸ਼ ਭਰ ਵਿਚ ਜ਼ਿਲ੍ਹਾ ਹੈੱਡ ਕੁਆਰਟਰਾਂ ਦੇ ਬਾਹਰ ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਹੈ ਅਤੇ ਇਸ ਦੇ ਬਾਅਦ ਅੱਗੇ ਦੀ ਰਣਨੀਤੀ ਉਲੀਕੀ ਜਾਵੇਗੀ। ਅੰਮ੍ਰਿਤਸਰ/ਬਠਿੰਡਾ- ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਦੇ ਨਾਂ 'ਤੇ ਫੇਕ ਅਕਾਊਂਟ ਬਣਾਏ ਜਾਣ ਦੀ ਖਬਰ ਸਾਹਮਣੇ ਆਈ ਹੈ। ਇਸ ਨੂੰ ਲੈ ਕੇ ਗਿਆਨੀ ਹਰਪ੍ਰੀਤ ਸਿੰਘ ਨੇ ਰੋਸ ਪ੍ਰਗਟਾਇਆ ਅਤੇ ਉਨ੍ਹਾਂ ਨੇ ਫੇਕ ਅਕਾਊਂਟ ਬਣਾਉਣ ਵਾਲਿਆਂ ਨੂੰ ਜਵਾਬ ਵੀ ਦਿੱਤਾ ਹੈ। ਪਟਿਆਲਾ/ਹਰਿਆਣਾ- ਪੰਜਾਬ ਪੁਲਸ ਦੇ ਡੀ. ਜੀ. ਪੀ. ਗੌਰਵ ਯਾਦਵ ਨੇ ਖਨੌਰੀ ਬਾਰਡਰ ਪਹੁੰਚ ਕੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦਾ ਹਾਲ ਜਾਣਿਆ। ਦੱਸ ਦਈਏ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦਾ ਮਰਨ ਵਾਰਤ 20ਵੇਂ ਦਿਨ ਵਿਚ ਸ਼ਾਮਲ ਹੋ ਗਿਆ ਹੈ। ਪਟਿਆਲਾ ਐੱਸ. ਐੱਸ. ਪੀ. ਨਾਨਕ ਸਿੰਘ , ਏ. ਡੀ. ਜੀ. ਪੀ. ਜਸਕਰਨ ਸਿੰਘ, ਪਟਿਆਲਾ ਰੇਂਜ ਦੇ ਡੀ.ਆਈ.ਜੀ. ਮਨਦੀਪ ਸਿੰਘ ਸਿੱਧੂ ਸਮੇਤ ਕੇਂਦਰ ਸਰਕਾਰ ਦੇ ਨੁਮਾਇੰਦੇ ਵੀ ਉਨ੍ਹਾਂ ਦੇ ਨਾਲ ਮੌਜੂਦ ਰਹੇ। ਪਟਿਆਲਾ (ਵੈੱਬ ਡੈਸਕ): ਕਿਸਾਨ ਅੰਦੋਲਨ ਵਿਚਾਲੇ ਖਨੌਰੀ ਬਾਰਡਰ 'ਤੇ ਵੱਡੀ ਹਲਚਲ ਹੋਈ ਹੈ। ਕੇਂਦਰ ਸਰਕਾਰ ਨੇ ਆਪਣਾ ਨੁਮਾਇੰਦਾ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਕੋਲ ਭੇਜਿਆ ਹੈ। ਜਗਜੀਤ ਸਿੰਘ ਡੱਲੇਵਾਲ ਕਿਸਾਨੀ ਮੰਗਾਂ ਨੂੰ ਲੈ ਕੇ ਮਰਨ ਵਰਤ 'ਤੇ ਬੈਠੇ ਹਨ। ਅੱਜ ਉਨ੍ਹਾਂ ਦੀ ਭੁੱਖ ਹੜਤਾਲ ਦਾ 20ਵਾਂ ਦਿਨ ਹੈ। ਚੰਡੀਗੜ੍ਹ (ਸੁਸ਼ੀਲ): ਵਿਦੇਸ਼ ਬੈਠੇ ਗੈਂਗਸਟਰ ਗੋਲਡੀ ਬਰਾੜ ਨੇ ਚੰਡੀਗੜ੍ਹ ਦੇ 2 ਕਲੱਬ ਮਾਲਕਾਂ ਤੋਂ ਫਿਰੌਤੀ ਮੰਗੀ ਹੈ। ਫਿਰੌਤੀ ਨਾ ਦੇਣ 'ਤੇ ਗੋਲਡੀ ਬਰਾੜ ਨੇ ਕਲੱਬਾਂ ਦੇ ਬਾਹਰ ਬੰਬ ਧਮਾਕਾ ਕਰਨ ਦੀ ਧਮਕੀ ਦਿੱਤੀ ਹੈ। ਕਲੱਬ ਮਾਲਕ ਇਸ ਗੱਲ ਨੂੰ ਲੈ ਕੇ ਉਲਝਣ 'ਚ ਹਨ ਕਿ ਪੁਲਸ ਕੋਲ ਸ਼ਿਕਾਇਤ ਦਰਜ ਕਰਵਾਈ ਜਾਵੇ ਜਾਂ ਨਹੀਂ। ਜਲੰਧਰ (ਵੈੱਬ ਡੈਸਕ, ਸੋਨੂੰ)- ਜਲੰਧਰ ਤੋਂ ਵੱਡੀ ਖਬਰ ਸਾਹਮਣੇ ਆਈ ਹੈ। ਦਰਅਸਲ ਇਥੋਂ ਦੇ ਬੱਸ ਸਟੈਂਡ ਨੇੜੇ ਪਾਸ਼ ਏਰੀਆ ਮੋਤਾ ਸਿੰਘ ਨਗਰ 'ਚ ਉਸ ਸਮੇਂ ਦਹਿਸ਼ਤ ਦਾ ਮਾਹੌਲ ਬਣ ਗਿਆ ਜਦੋਂ ਇਥੇ ਗੋਲੀਆਂ ਚਲਾ ਦਿੱਤੀਆਂ ਗਈਆਂ। ਇਸ ਦੌਰਾਨ ਗੋਲੀਬਾਰੀ ਦੀ ਘਟਨਾ ਵਿਚ ਦੋ ਵਿਅਕਤੀ ਜਖਮੀ ਹੋਏ ਹਨ। ਜਿਨ੍ਹਾਂ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ। ਬੈਂਗਲੁਰੂ- ਅਤੁਲ ਸੁਭਾਸ ਖੁਦਕੁਸੀ ਮਾਮਲੇ 'ਚ ਪੁਲਸ ਨੇ ਵੱਡੀ ਕਾਰਵਾਈ ਕੀਤੀ ਹੈ। ਪੁਲਸ ਨੇ ਮ੍ਰਿਤਕ ਦੀ ਪਤਨੀ ਨਿਕਿਤਾ ਸਮੇਤ ਤਿੰਨ ਲੋਕਾਂ ਨੂੰ ਗ੍ਰਿਫਤਾਰ ਕਰ ਲਿਆ ਹੈ। ਡੀ. ਸੀ. ਪੀ ਵ੍ਹਾਈਟ ਫੀਲਡ ਡਿਵੀਜਨ ਸ਼ਿਵਕੁਮਾਰ ਨੇ ਦੱਸਿਆ ਕਿ ਅਤੁਲ ਸੁਭਾਸ ਖੁਦਕੁਸੀ ਮਾਮਲੇ ਦੀ ਦੋਸੀ ਨਿਕਿਤਾ ਸਿੰਘਾਨੀਆ ਨੂੰ ਗੁਰੂਗ੍ਰਾਮ ਤੋਂ ਗ੍ਰਿਫਤਾਰ ਕੀਤਾ ਗਿਆ ਹੈ। ਜਦਕਿ ਮਾਂ ਅਤੇ ਭਰਾ ਅਨੁਰਾਗ ਸਿੰਘਾਨੀਆ ਨੂੰ ਪ੍ਰਯਾਗਰਾਜ ਤੋਂ ਗ੍ਰਿਫਤਾਰ ਕੀਤਾ ਗਿਆ ਹੈ। ਅਤੁਲ ਨੇ ਕੁਝ ਦਿਨ ਪਹਿਲਾਂ ਹੀ ਪਤਨੀ ਨਿਕਿਤਾ ਅਤੇ ਉਸ ਦੇ ਪਰਿਵਾਰ 'ਤੇ ਤੰਗ-ਪ੍ਰੇਸ਼ਾਨ ਕਰਨ ਅਤੇ ਜਬਰਨ ਵਸੂਲੀ ਦਾ ਦੋਸ਼ ਲਾਇਆ ਸੀ, ਜਿਸ ਤੋਂ ਬਾਅਦ ਉਨ੍ਹਾਂ ਨੇ ਖੁਦਕੁਸ਼ੀ ਕਰ ਲਈ ਸੀ। ਗ੍ਰਿਫਤਾਰ ਕੀਤੇ ਗਏ ਸਾਰੇ ਲੋਕਾਂ ਨੂੰ ਅਦਾਲਤ ਵਿਚ ਪੇਸ਼ ਕੀਤਾ ਗਿਆ, ਜਿੱਥੋਂ ਉਨ੍ਹਾਂ ਨੂੰ ਨਿਆਂਇਕ ਹਿਰਾਸਤ 'ਚ ਭੇਜਿਆ ਗਿਆ ਹੈ। ਵਾਸ਼ਿੰਗਟਨ- ਅਮਰੀਕਾ ਤੋਂ ਇਕ ਵਾਰ ਫਿਰ ਦੁੱਖਦਾਇਕ ਖਬਰ ਸਾਹਮਣੇ ਆਈ ਹੈ। ਇੱਥੇ ਵਾਪਰੇ ਸੜਕ ਹਾਦਸੇ ਵਿੱਚ ਇੱਕ ਭਾਰਤੀ ਵਿਦਿਆਰਥਣ ਦੀ ਮੌਤ ਹੋ ਗਈ ਹੈ। ਇਸ ਹਾਦਸੇ 'ਚ ਦੋ ਹੋਰ ਭਾਰਤੀ ਵਿਦਿਆਰਥੀ ਵੀ ਜਖਮੀ ਹੋ ਗਏ, ਜਿਨ੍ਹਾਂ 'ਚੋਂ ਇਕ ਦੀ ਹਾਲਤ ਗੰਭੀਰ ਬਣੀ ਹੋਈ ਹੈ। ਇਹ ਘਟਨਾ ਸ਼ੁੱਕਰਵਾਰ ਅੱਧੀ ਰਾਤ ਨੂੰ ਵਾਪਰੀ, ਜਦੋਂ ਅਮਰੀਕਾ ਦੇ ਟੈਨੇਸੀ ਸੂਬੇ ਦੇ ਮੈਮਫਿਸ ਇਲਾਕੇ 'ਚ ਇਕ ਵਾਹਨ ਨੇ ਕਾਰ ਨੂੰ ਟੱਕਰ ਮਾਰ ਦਿੱਤੀ। ਟੱਕਰ ਕਾਰਨ ਕਾਰ ਵਿੱਚ ਸਵਾਰ ਭਾਰਤੀ ਵਿਦਿਆਰਥਣ ਦੀ ਮੌਤ ਹੋ ਗਈ। ਸਪੋਰਟਸ ਡੈਸਕ- ਭਾਰਤ ਅਤੇ ਆਸਟ੍ਰੇਲੀਆ ਵਿਚਾਲੇ ਬਾਰਡਰ ਗਾਵਸਕਰ ਟਰਾਫੀ ਦਾ ਤੀਜਾ ਮੈਚ ਬ੍ਰਿਸਬੇਨ ਦੇ ਗਾਬਾ 'ਚ ਖੇਡਿਆ ਜਾ ਰਿਹਾ ਹੈ। ਇਸ ਮੈਚ 'ਤੇ ਮੀਂਹ ਦਾ ਸਾਇਆ ਮੰਡਰਾ ਰਿਹਾ ਹੈ।

# ਸ਼ੰਭੂ ਬਾਰਡਰ 'ਤੇ ਕਿਸਾਨ ਨੇ ਨਿਗਲ ਲਈ ਸਲਫਾਸ, ਦਿੱਲੀ ਕੂਚ 18 ਤੱਕ ਹੋਇਆ ਮੁਲਤਵੀ

ਪਟਿਆਲਾ/ਸਨੌਰ/ਬਨੂੜ, 16 ਦਸੰਬਰ : ਸ਼ੰਭੂ ਬਾਰਡਰ ਵਿਖੇ ਤੀਸਰੀ ਵਾਰ 101 'ਕਿਸਾਨ ਮਰਜੀਵੜਿਆਂ' ਦਾ ਜਥਾ ਜਦੋਂ ਦਿੱਲੀ ਕੂਚ ਕਰਨ ਲਈ ਨਿਕਲਿਆ ਤਾਂ ਉਸ 'ਤੇ ਕੇਂਦਰੀ ਸੁਰੱਖਿਆ ਫੋਰਸਾਂ ਨੇ ਪਾਣੀ ਦੀਆਂ ਵਾਛੜਾਂ, ਹੰਝੂ ਗੈਸ ਦੇ ਗੋਲਿਆਂ ਅਤੇ ਰਬੜ ਦੀਆਂ ਗੋਲੀਆਂ ਦੀ ਬਰਸਾਤ ਕਰ ਦਿੱਤੀ। ਇਸ ਕਾਰਨ 17 ਕਿਸਾਨ ਜਖਮੀ ਹੋ ਗਏ ਹਨ, ਜਿਨ੍ਹਾਂ 'ਚੋਂ 4 ਦੀ ਹਾਲਤ ਗੰਭੀਰ ਹੈ, ਜਿਨ੍ਹਾਂ ਨੂੰ ਪਟਿਆਲਾ ਵਿਖੇ ਦਾਖਲ ਕਰਵਾਇਆ ਗਿਆ ਹੈ। ਇਸ ਤੋਂ ਬਾਅਦ ਕਿਸਾਨ ਨੇਤਾ ਸਰਵਣ ਸਿੰਘ ਪੰਧੇਰ ਨੇ ਜਥੇ ਨੂੰ 4 ਘੰਟੇ ਬਾਅਦ ਵਾਪਸ ਬੁਲਾਉਂਦਿਆਂ ਐਲਾਨ ਕੀਤਾ ਕਿ 18 ਦਸੰਬਰ ਤੱਕ ਜਥਾ ਦਿੱਲੀ ਕੂਚ ਨਹੀਂ ਕਰੇਗਾ ਪਰ ਸੰਘਰਸ਼ ਹੋਰ ਤਿੱਖਾ ਹੋਵੇਗਾ। ਕਿਸਾਨਾਂ ਵੱਲੋਂ ਕੀਤੇ ਐਲਾਨ ਮੁਤਾਬਕ ਠੀਕ 12 ਵਜੇ ਮਰਜੀਵੜਿਆਂ ਦਾ ਜਥਾ ਸ਼ੰਭੂ ਬਾਰਡਰ ਵੱਲ ਵਧਿਆ। ਪੂਰੇ 45 ਮਿੰਟ ਹਰਿਆਣਾ ਪੁਲਸ ਨਾਲ ਬਹਿਸ ਹੋਈ। ਉਸ ਤੋਂ ਬਾਅਦ ਡੀ.ਸੀ. ਅੰਬਾਲਾ ਤੇ ਐੱਸ.ਐੱਸ.ਪੀ. ਅੰਬਾਲਾ ਨੇ ਕਿਸਾਨ ਆਗੂਆਂ ਨਾਲ ਗੱਲਬਾਤ ਸ਼ੁਰੂ ਕੀਤੀ। ਓਧਰ ਕਿਸਾਨਾਂ ਨੇ ਮੁੜ ਬੈਰੀਕੇਡਾਂ ਨੂੰ ਸੰਗਲ ਪਾ ਲਏ। ਇਸ ਤੋਂ ਬਾਅਦ ਕੇਂਦਰੀ ਸੁਰੱਖਿਆ ਫੋਰਸਾਂ ਨੇ ਅੰਨ੍ਹੇਵਾਹ ਪਾਣੀ ਦੀਆਂ ਵਾਛੜਾਂ, ਹੰਝੂ ਗੈਸ ਦੇ ਗੋਲੇ ਅਤੇ ਰਬੜ ਦੀਆਂ ਗੋਲੀਆਂ ਚਲਾ ਦਿੱਤੀਆਂ। ਕਿਸਾਨ ਘੱਗਰ ਦੇ ਪੁਲ ਤੋਂ ਹੇਠਾਂ ਉਤਰ ਕੇ ਜਦੋਂ ਘੱਗਰ ਰਾਹੀਂ ਅੱਗੇ ਵਧੇ ਤਾਂ ਇਨ੍ਹਾਂ ਉਪਰ ਘੱਗਰ ਦੇ ਗੰਦੇ ਕੈਮੀਕਲ ਵਾਲੇ ਪਾਣੀ ਨੂੰ ਵੀ ਵਾਛੜਾਂ ਰਾਹੀਂ ਸੁੱਟਿਆ ਗਿਆ। ਇਸ ਮੌਕੇ ਕਿਸਾਨ ਯੂਨੀਅਨ ਦੇ ਬੁਲਾਰੇ ਤੇਜਵੀਰ ਸਿੰਘ ਪੰਜੋਖਰਾ ਨੇ ਅੰਬਾਲਾ ਪੁਲਸ 'ਤੇ ਇਕ ਕਿਸਾਨ ਨੂੰ ਸਿੱਧੀ ਗੋਲੀ ਮਾਰਨ ਦਾ ਦੋਸ਼ ਲਾਇਆ ਹੈ। ਉਨ੍ਹਾਂ ਕਿਸਾਨਾਂ ਉਪਰ ਕੈਮੀਕਲ ਵਾਲਾ ਪਾਣੀ ਸੁੱਟਣ ਦਾ ਵੀ ਦੋਸ਼ ਲਾਇਆ। ਜ਼ਿਕਰਯੋਗ ਹੈ ਕਿ ਜਦੋਂ ਇਹ ਦਿੱਲੀ ਕੂਚ ਦਾ ਪ੍ਰੋਗਰਾਮ ਚੱਲ ਰਿਹਾ ਸੀ ਤਾਂ ਖੰਨਾ ਦੇ ਰਹਿਣ ਵਾਲੇ ਕਿਸਾਨ ਜੋਧ ਸਿੰਘ ਵੱਲੋਂ ਸਲਫਾਸ ਨਿਗਲ ਕੇ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਕਰਨ ਦਾ ਮਾਮਲਾ ਵੀ ਸਾਹਮਣੇ ਆਇਆ, ਜਿਸ ਨੂੰ ਮੌਕੇ 'ਤੇ ਮੌਜੂਦ ਕਿਸਾਨਾਂ ਵੱਲੋਂ ਤੁਰੰਤ ਹਸਪਤਾਲ ਵਿਖੇ ਦਾਖਲ ਕਰਵਾਇਆ ਗਿਆ। ਜਾਣਕਾਰੀ ਮੁਤਾਬਕ ਇਹ ਕਦਮ ਉਸ ਨੇ ਕੇਂਦਰ ਸਰਕਾਰ ਦੀ ਜ਼ਿਦ ਤੋਂ ਅੱਕ ਕੇ ਤੇ ਜਗਜੀਤ ਸਿੰਘ ਡੱਲੇਵਾਲ ਦੀ ਦਿਨੋ-ਦਿਨ ਵਿਗੜਦੀ ਸਿਹਤ ਕਾਰਨ ਚੁੱਕਿਆ ਹੈ। ਇਸ ਦੌਰਾਨ ਐੱਸ.ਪੀ. ਅੰਬਾਲਾ ਸੁਰਿੰਦਰ ਸਿੰਘ ਭੋਰੀਆ ਨੇ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਜੋ ਪਾਣੀ ਸੀ, ਉਹ ਬਿਲਕੁਲ ਸਾਫ ਸੀ ਅਤੇ ਉਸ ਵਿਚ ਕਿਸੇ ਤਰ੍ਹਾਂ ਦਾ ਕੈਮੀਕਲ ਨਹੀਂ ਸੀ। ਉਨ੍ਹਾਂ ਕਿਹਾ ਕਿ ਅਸੀਂ ਕਿਸਾਨਾਂ ਨੂੰ ਕਿਹਾ ਹੈ ਕਿ ਇਜਾਜਤ ਲੈ ਕੇ ਜਾਓ, ਸਾਨੂੰ ਕੋਈ ਇਤਰਾਜ ਨਹੀਂ। ਉਨ੍ਹਾਂ ਕਿਹਾ ਕਿ ਜਦੋਂ ਉਨ੍ਹਾਂ ਨੂੰ ਦਿੱਲੀ ਜਾਣ ਦੀ ਮਨਜ਼ੂਰੀ ਮਿਲੇਗੀ ਉਹ ਆਪ ਦਿੱਲੀ ਛੱਡ ਕੇ ਆਉਣਗੇ। ਇਸ ਮੌਕੇ ਕਿਸਾਨ ਨੇਤਾ ਸਰਵਣ ਸਿੰਘ ਪੰਧੇਰ ਨੇ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ ਕਿ ਸਾਨੂੰ ਭਾਰਤ ਸਰਕਾਰ ਦੱਸੇ ਕਿ 101 ਕਿਸਾਨਾਂ ਦਾ ਜਥਾ ਕਾਨੂੰਨ ਲਈ ਕਿਵੇਂ ਖਤਰਾ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਭਾਵੇਂ ਅਸੀਂ ਸਰਹੱਦ ਤੋਂ ਪਾਰ ਨਹੀਂ ਜਾ ਸਕੇ ਪਰ ਸਾਡੀ ਆਵਾਜ਼ ਦੇਸ਼ ਦੇ ਹਰ ਘਰ ਤੱਕ ਪਹੁੰਚ ਰਹੀ ਹੈ। ਉਨ੍ਹਾਂ ਕਿਹਾ ਕਿ 16 ਦਸੰਬਰ ਨੂੰ ਕਿਸਾਨਾਂ ਵੱਲੋਂ ਪੰਜਾਬ ਨੂੰ ਛੱਡ ਕੇ ਪੂਰੇ ਦੇਸ਼ 'ਚ ਟਰੈਕਟਰ ਮਾਰਚ ਕੀਤਾ ਜਾਵੇਗਾ, ਉਥੇ ਹੀ 18 ਦਸੰਬਰ ਨੂੰ ਦੁਪਹਿਰ 12 ਤੋਂ 3 ਵਜੇ ਤੱਕ ਪੰਜਾਬ ਭਰ 'ਚ ਰੇਲ ਰੋਕੋ ਮੁਹਿੰਮ ਚਲਾਈ ਜਾਵੇਗੀ। ਇਸ ਮੌਕੇ ਕਿਸਾਨਾਂ ਦੀ ਹਮਾਇਤ ਲਈ ਸ਼ੰਭੂ ਬਾਰਡਰ ਵਿਖੇ ਪੁੱਜੇ ਪਹਿਲਵਾਨ ਬਜਰੰਗ ਪੂਨੀਆ ਨੇ ਜਦੋਂ ਸਾਰੀ ਸਥਿਤੀ ਦੇਖੀ ਤਾਂ ਆਖਿਆ ਕਿ ਇਹ ਸ਼ੰਭੂ ਬਾਰਡਰ ਦੀ ਥਾਂ ਭਾਰਤ-ਪਾਕਿ ਦੀ ਸਰਹੱਦ ਲੱਗ ਰਹੀ ਹੈ।

# ਇਸ ਪਿੰਡ 'ਚ ਆਈ ਖੁਸਹਾਲੀ, ਲੋਕਾਂ ਨੇ ਆਜਾਦੀ ਤੋਂ ਬਾਅਦ ਪਹਿਲੀ ਵਾਰ ਦੇਖੀਆਂ ਫਿਲਮਾਂ

ਨੈਸ਼ਨਲ ਡੈਸਕ, 16 ਦਸੰਬਰ : ਛੱਤੀਸਗੜ੍ਹ ਦੇ ਨਕਸਲ ਪ੍ਰਭਾਵਿਤ ਇਲਾਕੇ ਵਿੱਚ ਇੱਕ ਇਤਿਹਾਸਕ ਘਟਨਾ ਦੇਖਣ ਨੂੰ ਮਿਲੀ। ਦੇਸ ਦੀ ਆਜਾਦੀ ਤੋਂ ਬਾਅਦ ਪਹਿਲੀ ਵਾਰ ਸੁਕਮਾ ਜ਼ਿਲੇ ਦੇ ਪੂਰਵਰਤੀ ਪਿੰਡ 'ਚ ਖੁਸਹਾਲੀ ਆਈ, ਜਿੱਥੇ ਪਹਿਲਾ ਸੂਰਜੀ ਊਰਜਾ ਨਾਲ ਚੱਲਣ ਵਾਲਾ ਟੀ.ਵੀ. ਪਹੁੰਚਿਆ। ਪਿੰਡ ਵਾਸੀਆਂ ਨੇ ਦੂਰਦਰਸਨ 'ਤੇ ਖਬਰਾਂ, ਸੀਰੀਅਲ ਅਤੇ ਫ਼ਿਲਮਾਂ ਦੇਖੀਆਂ। ਪਿੰਡ ਦੇ ਬੱਚੇ, ਔਰਤਾਂ ਅਤੇ ਮਰਦ ਪ੍ਰੋਗਰਾਮ ਦੇਖਣ ਲਈ ਘੰਟਿਆਂ ਤੱਕ ਟੀਵੀ ਸੈੱਟ ਦੇ ਆਲੇ-ਦੁਆਲੇ ਬੈਠੇ ਰਹੇ। ਸੁਕਮਾ ਜ਼ਿਲੇ ਦਾ ਪੂਰਵੀ ਪਿੰਡ ਚੋਟੀ ਦੇ ਮਾਓਵਾਦੀ ਨੇਤਾ ਬਰਸੇ ਦੇਵਾ ਅਤੇ ਮਾਦਵੀ ਹਿਦਮਾ ਦਾ ਘਰ ਹੋਣ ਲਈ ਕਾਫੀ ਮਸਹੂਰ ਹੈ। ਬਸਤਰ ਖੇਤਰ ਦੇ ਇਸ ਦੂਰ-ਦੁਰਾਡੇ ਪਿੰਡ ਨੇ 11 ਦਸੰਬਰ ਨੂੰ ਆਪਣਾ ਪਹਿਲਾ ਟੀ.ਵੀ. ਮਿਲਿਆ। ਇਸ ਨੂੰ ਲੈ ਕੇ ਇਕ ਸਰਕਾਰੀ ਅਧਿਕਾਰੀ ਨੇ ਦੱਸਿਆ ਕਿ ਭਾਰਤ ਦੀ ਆਜਾਦੀ ਤੋਂ ਬਾਅਦ ਪਹਿਲੀ ਵਾਰ ਇਸ ਪਿੰਡ ਦੇ ਲੋਕਾਂ ਨੇ ਟੀ.ਵੀ. 'ਤੇ ਆਪਣੀ ਪਸੰਦ ਦੇ ਪ੍ਰੋਗਰਾਮ ਦੇਖੇ। ਛੱਤੀਸਗੜ੍ਹ ਰਾਜ ਨਵਿਆਉਣਯੋਗ ਊਰਜਾ ਵਿਕਾਸ ਏਜੰਸੀ (ਕ੍ਰੇਡਾ) ਦੁਆਰਾ, ਪੁਵਾਰਤੀ ਪਿੰਡ ਨੂੰ 100 ਚੈਨਲ ਦੇਖਣ ਲਈ ਇੱਕ ਸੈੱਟ-ਟਾਪ ਬਾਕਸ ਦੇ ਨਾਲ ਇੱਕ 32 ਇੰਚ ਦਾ ਟੈਲੀਵਿਜਨ ਮਿਲਿਆ। ਇਸ ਤੋਂ ਇਲਾਵਾ ਪਿੰਡ ਵਾਸੀਆਂ ਨੂੰ ਸੂਰਜੀ ਊਰਜਾ ਨਾਲ ਚੱਲਣ ਵਾਲੇ ਬਲਬ ਅਤੇ ਪੱਖੇ ਵੀ ਦਿੱਤੇ ਗਏ। ਅਧਿਕਾਰੀ ਨੇ ਦੱਸਿਆ ਕਿ ਬੱਚਿਆਂ ਨੇ ਟੀ.ਵੀ. 'ਤੇ ਸਿੱਖਿਆ ਪ੍ਰੋਗਰਾਮ ਅਤੇ ਕਾਰਟੂਨ ਬੜੇ ਉਤਸਾਹ ਨਾਲ ਦੇਖਿਆ। ਉਨ੍ਹਾਂ ਦੇ ਚਿਹਰਿਆਂ 'ਤੇ ਸਿੱਖੀ ਦੀ ਝਲਕ ਸਾਫ ਝਲਕ ਰਹੀ ਸੀ। ਇਹ ਉਪਰਾਲਾ ਪੇਂਡੂ ਵਿਕਾਸ ਵੱਲ ਇੱਕ ਵੱਡਾ ਕਦਮ ਹੈ। ਇਸ ਸਾਲ ਦੇ ਸੁਰੂ ਵਿੱਚ, ਨਕਸਲੀ ਖੇਤਰ ਵਿੱਚ ਬਿਜਲੀ ਦੀ ਕਮੀ ਦੀ ਸਮੱਸਿਆ ਨੂੰ ਦੂਰ ਕਰਨ ਲਈ ਸਿਲਗਰ ਅਤੇ ਟੇਕਲਗੁਡੇਮ ਪਿੰਡਾਂ ਨੂੰ ਵੀ ਅਜਿਹਾ ਉਪਕਰਣ ਦਿੱਤਾ ਗਿਆ ਸੀ।




**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

**NAME CHANGE**
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**NAME CHANGE**
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

**NAME CHANGE**
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

**PUBLIC NOTICE**
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

**NAME CHANGE**
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.

**NAME CHANGE**
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

**NAME CHANGE**
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

**NAME CHANGE**
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

**NAME CHANGE**
I hitherto known as NEETU W/o SONU residing at H.No. MCB-Z-6-11506, St. No. 30, Paras Ram Nagar, Bathinda, Punjab-151001, have changed my name and shall hereafter be known as MAYA DEVI, for all future purposes.

**NAME CHANGE**
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

**NAME CHANGE**
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

**NAME CHANGE**
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

**NAME CHANGE**
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.

**NAME CHANGE**
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

**NAME CHANGE**
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose

**NAME CHANGE**
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

**NAME CHANGE**
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHON-NAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

**NAME CHANGE**
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

**NAME CHANGE**
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

**NAME CHANGE**
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

**NAME CHANGE**
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

**NAME CHANGE**
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

**PUBLIC NOTICE**
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.
**ARJUN BIDHURI Advocate**
CH. NO.536, Saket Courts
New Delhi-110017.

**NAME CHANGE**
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

**NAME CHANGE**
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

**NAME CHANGE**
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

**PUBLIC NOTICE**
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES
**PINKI LAMBA MANN**
ADVOCATE
OFF. A-205A, NORTH EX.MALL, SECTOR-9, ROHINI, NEW DELHI

# ਕਿਸਾਨਾਂ ਦੇ ਸ਼ਾਂਤਮਈ ਪ੍ਰਦਰਸ਼ਨ ਤੋਂ ਕਿਉਂ ਡਰਦੀ ਹੈ ਭਾਜਪਾ: ਬਾਜਵਾ

## ਸਰਕਾਰਾਂ ਹੱਠੀ ਰਵੱਈਆ ਛੱਡਕੇ ਕਿਸਾਨਾਂ ਦੀਆਂ ਹੱਕੀ ਮੰਗਾਂ ਮੰਨਣ: ਐਡਵੋਕੇਟ ਧਾਮੀ, ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਨੇ ਸ. ਜਗਜੀਤ ਸਿੰਘ ਡੱਲੇਵਾਲ ਦੀ ਸਿਹਤ ’ਤੇ ਪ੍ਰਗਟਾਈ ਚਿੰਤਾ

**ਚੰਡੀਗੜ੍ਹ, 16 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਕਾਂਗਰਸ ਦੇ ਸੀਨੀਅਰ ਆਗੂ ਤੇ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਕਿਸਾਨਾਂ ਦੇ ਸ਼ਾਂਤਮਈ ਅੰਦੋਲਨ ਨੂੰ ਲੈ ਕੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ’ਤੇ ਨਿਸ਼ਾਨੇ ਸੇਧੇ ਹਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਕਿਸਾਨਾਂ ਦੇ ਸ਼ਾਂਤਮਈ ਵਿਰੋਧ ਪ੍ਰਦਰਸ਼ਨ ਤੋਂ ਡਰ ਕਿਉਂ ਰਹੀ ਹੈ। ਹਰਿਆਣਾ ਦੀ ਭਾਜਪਾ ਸਰਕਾਰ ਨੇ ਕੇਂਦਰ ਸਰਕਾਰ ਦੇ ਨਿਰਦੇਸ਼ਾਂ ’ਤੇ ਨਿਹੱਥੇ ਤੇ ਸ਼ਾਂਤਮਈ ਢੰਗ ਨਾਲ ਮਾਰਚ ਕਰ ਰਹੇ ਕਿਸਾਨਾਂ ’ਤੇ ਅੱਥਰੂ ਗੈਸ ਦੇ ਗੋਲੇ ਅਤੇ ਪਾਣੀ ਦੀਆਂ ਤੋਪਾਂ ਦਾਗੀਆਂ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਕਿਸਾਨਾਂ ਦੀਆਂ ਮੰਗਾਂ ਨੂੰ ਪਹਿਲ ਦੇ ਆਧਾਰ ’ਤੇ ਮੰਨਦੇ ਹੋਏ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਭੁੱਖ ਹੜਤਾਲ ਨੂੰ ਖਤਮ ਕਰਵਾਉਣਾ ਚਾਹੀਦਾ ਹੈ। ਸ੍ਰੀ ਬਾਜਵਾ ਨੇ ਕਿਹਾ ਕਿ ਜੇ ਇਸ ਸਬੰਧੀ ਕੋਈ ਅਣਸੁਖਾਵੀਂ ਘਟਨਾ ਵਾਪਰਦੀ ਹੈ ਤਾਂ ਭਾਜਪਾ ਸਰਕਾਰ ਜ਼ਿੰਮੇਵਾਰ ਹੋਵੇਗੀ।

**ਜਥੇਦਾਰ ਰਘਬੀਰ ਸਿੰਘ ਅਤੇ ਧਾਮੀ ਨੇ ਡੱਲੇਵਾਲ ਦੀ ਸਿਹਤ ’ਤੇ ਚਿੰਤਾ ਪ੍ਰਗਟਾਈ**

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਕਿਸਾਨੀ ਹੱਕਾਂ ਪ੍ਰਤੀ ਸਰਕਾਰਾਂ ਦੀ ਬੇਰੁਖੀ ਅਤੇ ਅੜੀਅਲ ਰਵੱਈਏ ਖ਼ਿਲਾਫ਼ ਮਰਨ-ਵਰਤ ’ਤੇ ਬੈਠੇ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੇ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਦੀ ਗੰਭੀਰ ਹੋ ਰਹੀ ਸਿਹਤ ’ਤੇ ਚਿੰਤਾ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਕਿਹਾ ਕਿ ਸਰਕਾਰਾਂ ਤੁਰੰਤ ਕਿਸਾਨੀ ਹੱਕ ਦੇਣ ਲਈ ਅਮਲੀ ਕਾਰਵਾਈ ਕਰਨ। ਉਨ੍ਹਾਂ ਆਖਿਆ ਕਿ ਬੇਸ਼ੱਕ ਮਰਨ ਵਰਤ ਅਤੇ ਭੁੱਖ ਹੜਤਾਲ ਵਰਗਾ ਸਿੱਖ ਪਰੰਪਰਾ ਵਿਚ ਕੋਈ ਸੰਕਲਪ ਨਹੀਂ ਹੈ ਪਰ ਇਕ ਜਮਹੂਰੀਅਤ ਸਰਕਾਰ ਲਈ ਇਹ ਬੇਹੱਦ ਸ਼ਰਮਨਾਕ ਹੈ ਕਿ ਲੋਕਤੰਤਰ ’ਚ ਅੰਨਦਾਤਾ ਨੂੰ ਆਪਣੇ ਹੱਕ ਲੈਣ ਲਈ ਅੰਨ ਛੱਡਣ ਲਈ ਮਜਬੂਰ ਹੋਣਾ ਪਵੇ। ਉਨ੍ਹਾਂ ਕਿਹਾ ਕਿ ਸਾਲ 2020 ’ਚ ਦੇਸ਼ ਵਿਆਪੀ ਕਿਸਾਨੀ ਸੰਘਰਸ਼ ਨੂੰ ਸਮਾਪਤ ਕਰਵਾਉਣ ਵੇਲੇ ਕੇਂਦਰ ਸਰਕਾਰ ਨੇ ਦੇਸ਼ ਦੇ ਕਿਸਾਨਾਂ ਨੂੰ ਉਨ੍ਹਾਂ ਦੇ ਹੱਕ ਦੇਣ ਦੇ ਵਾਅਦੇ ਕੀਤੇ ਸਨ ਪਰ ਅਫਸੋਸ ਚਾਰ ਸਾਲ ਬੀਤਣ ’ਤੇ ਵੀ ਸਰਕਾਰ ਨੇ ਕਿਸਾਨਾਂ ਨੂੰ ਉਨ੍ਹਾਂ ਦੇ ਬਣਦੇ ਹੱਕ ਨਹੀਂ ਦਿੱਤੇ, ਸਗੋਂ ਦੇਸ਼ ਦੇ ਅੰਨਦਾਤਾ ਨੂੰ ਜ਼ਲੀਲ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਕਿਸਾਨ ਜਥੇਬੰਦੀਆਂ ਅਤੇ ਜਗਜੀਤ ਸਿੰਘ ਡੱਲੇਵਾਲ ਨੂੰ ਵੀ ਚਾਹੀਦਾ ਹੈ ਕਿ ਉਹ ਮਰਨ ਵਰਤ ਜਾਂ ਭੁੱਖ ਹੜਤਾਲ ਵਾਲੇ ਰਾਹ ਤੋਂ ਇਲਾਵਾ ਸੰਘਰਸ਼ ਦੇ ਹੋਰ ਰਾਹ ਅਖਤਿਆਰ ਕਰਨ। ਇਸ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੇ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ ਦੀ ਲਗਾਤਾਰ ਵਿਗੜ ਰਹੀ ਸਿਹਤ ’ਤੇ ਚਿੰਤਾ ਪ੍ਰਗਟ ਕੀਤੀ ਹੈ।

ਕਿਸਾਨਾਂ ਦੀ ਹੱਕੀ ਮੰਗਾਂ ਲਈ ਪੰਜਾਬ-ਹਰਿਆਣਾ ਦੇ ਬਾਰਡਰ ਉੱਤੇ ਸੰਘਰਸ਼ ਕਰ ਰਹੇ ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੇ ਪ੍ਰਧਾਨ ਸ. ਜਗਜੀਤ ਸਿੰਘ ਡੱਲੇਵਾਲ ਦੀ ਲਗਾਤਾਰ ਵਿਗੜ ਰਹੀ ਸਿਹਤ ਬਾਰੇ ਚਿੰਤਾ ਪ੍ਰਗਟ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਕੇਂਦਰ ਅਤੇ ਸੂਬਾ ਸਰਕਾਰਾਂ ਨੂੰ ਆਪਣਾ ਹਠੀ ਰਵੱਈਆ ਛੱਡ ਕੇ ਕਿਸਾਨਾਂ ਦੀਆਂ ਮੰਗਾਂ ਨੂੰ ਮੰਨ ਲੈਣਾ ਚਾਹੀਦਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਇੱਕ ਪਾਸੇ ਦੇਸ਼ ਦੇ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਕਿਸਾਨਾਂ ਨੂੰ ਅੰਨਦਾਤਾ ਕਹਿ ਕੇ ਸੰਬੋਧਨ ਕਰਦੇ ਹਨ ਜਦਕਿ ਜਮੀਨੀ ਸਥਿਤੀ ਇਹ ਹੈ ਕਿ ਦੇਸ਼ ਦੇ ਅੰਨਦਾਤਾ ਨੂੰ ਅੱਜ ਸੜਕਾਂ ਉੱਤੇ ਸੰਘਰਸ਼ ਕਰਨ ਲਈ ਮਜ਼ਬੂਰ ਹੋਣਾ ਪੈ ਰਿਹਾ ਹੈ ਅਤੇ ਸਰਕਾਰਾਂ ਉਨ੍ਹਾਂ ਉੱਤੇ ਕਈ ਤਰ੍ਹਾਂ ਦੇ ਤਸ਼ੱਦਦ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਸਾਰੀਆਂ ਫਸਲਾਂ ਉੱਤੇ ਘੱਟੋ ਘੱਟ ਸਮਰਥਨ ਮੁੱਲ ਕਿਸਾਨਾਂ ਦੀ ਹੱਕੀ ਅਤੇ ਜਾਇਜ਼ ਮੰਗ ਹੈ ਅਤੇ ਜੇਕਰ ਕੇਂਦਰ ਸਰਕਾਰ ਚਾਹੁੰਦੀ ਹੈ ਕਿ ਕਿਸਾਨ ਸੰਘਰਸ਼ ਦਾ ਰਾਹ ਛੱਡ ਕੇ ਆਪਣੇ ਘਰਾਂ ਨੂੰ ਜਾਣ ਤਾਂ ਘੱਟੋ ਘੱਟ ਸਮਰਥਨ ਮੁੱਲ ਦੀ ਗਰੰਟੀ ਦਾ ਕਾਨੂੰਨ ਸੰਸਦ ਅੰਦਰ ਬਿਨਾ ਦੇਰੀ ਪਾਸ ਕਰਨਾ ਚਾਹੀਦਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਕਿਸਾਨ ਆਗੂ ਸ. ਜਗਜੀਤ ਸਿੰਘ ਡੱਲੇਵਾਲ ਦੀ ਸਿਹਤ ਲਗਾਤਾਰ ਵਿਗੜ ਰਹੀ ਹੈ ਅਤੇ ਜੇਕਰ ਉਨ੍ਹਾਂ ਨੂੰ ਕੁਝ ਹੁੰਦਾ ਹੈ ਤਾਂ ਇਸ ਦੀ ਸਿੱਧੀ ਜ਼ਿੰਮੇਵਾਰੀ ਕੇਂਦਰ ਦੇ ਨਾਲ-ਨਾਲ ਪੰਜਾਬ ਅਤੇ ਹਰਿਆਣਾ ਦੀਆਂ ਸੂਬਾ ਸਰਕਾਰਾਂ ਦੀ ਹੋਵੇਗੀ। ਉਨ੍ਹਾਂ ਕਿਹਾ ਕਿ ਸਿੱਖ ਰਵਾਇਤ ਅਤੇ ਸਿਧਾਂਤ ਵਿੱਚ ਭੁੱਖ ਹੜਤਾਲ ਨੂੰ ਕੋਈ ਥਾਂ ਨਹੀਂ, ਇਸ ਲਈ ਕਿਸਾਨ ਆਗੂਆਂ ਅਤੇ ਖ਼ਾਸਕਰ ਸ. ਜਗਜੀਤ ਸਿੰਘ ਡੱਲੇਵਾਲ ਨੂੰ ਅਪੀਲ ਹੈ ਕਿ ਉਹ ਚੜ੍ਹਦੀ ਕਲਾ ਨਾਲ ਕਿਸਾਨੀ ਸੰਘਰਸ਼ ਨੂੰ ਅਗਾਂਹ ਵਧਾਉਣ ਤਾਂ ਜੋ ਸਰਕਾਰਾਂ ਤੋਂ ਹੱਕੀ ਮੰਗਾਂ ਮਨਵਾਈਆਂ ਜਾ ਸਕਣ।









**ਕੇਂਦਰ ਸਰਕਾਰ ਕਿਸਾਨਾਂ ਦੀਆਂ ਮੰਗਾਂ ਪ੍ਰਵਾਨ ਕਰੇ: ਮਜੀਠੀਆ**

ਅੰਮ੍ਰਿਤਸਰ : ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠੀਆ ਨੇ ਅੱਜ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਸੰਘਰਸ਼ ਕਰ ਰਹੇ ਕਿਸਾਨਾਂ ਨਾਲ ਗੱਲਬਾਤ ਕਰੇ ਅਤੇ ਉਨ੍ਹਾਂ ਦੀਆਂ ਮੰਗਾਂ ਪ੍ਰਵਾਨ ਕਰੇ। ਉਨ੍ਹਾਂ ਕਿਹਾ ਸਰਕਾਰ ਰੱਦ ਕੀਤੇ ਗਏ ਤਿੰਨ ਖੇਤੀ ਕਾਨੂੰਨਾਂ ਦੇ ਅੰਸ਼ ਪਿਛਲੇ ਦਰਵਾਜ਼ੇ ਰਾਹੀਂ ਮੁੜ ਤੋਂ ਲਾਗੂ ਕਰਨ ਦਾ ਯਤਨ ਨਾ ਕਰੇ।

ਉਨ੍ਹਾਂ ਪੰਜਾਬ ਵਿਚ ਅਕਾਲੀ ਏਕਤਾ ਨੂੰ ਸਮੇਂ ਦੀ ਵੱਡੀ ਲੋੜ ਦੱਸਿਆ ਹੈ। ਉਹ ਅੱਜ ਇੱਥੇ ਅਕਾਲ ਤਖਤ ਵਲੋਂ ਲੱਗੀ ਤਨਖਾਹ ਨੂੰ ਮੁਕੰਮਲ ਕਰਨ ਮਗਰੋਂ ਖਿਮਾ ਯਾਚਨਾ ਦੀ ਅਰਦਾਸ ਕਰਨ ਲਈ ਪੁੱਜੇ ਸਨ।

**ਸਰਕਾਰ ਕਿਸਾਨਾਂ ਨਾਲ ਗੱਲਬਾਤ ਕਰੇ: ਪ੍ਰਗਤੀਸ਼ੀਲ ਲੇਖਕ ਸੰਘ**

ਚੰਡੀਗੜ੍ਹ : ਪ੍ਰਗਤੀਸ਼ੀਲ ਲੇਖਕ ਸੰਘ ਪੰਜਾਬ ਨੇ ਕਿਸਾਨ ਸੰਘਰਸ਼ ਦੀ ਹਮਾਇਤ ਕਰਦਿਆਂ ਕੇਂਦਰ ਅਤੇ ਰਾਜ ਸਰਕਾਰ ਤੋਂ ਮੰਗ ਕੀਤੀ ਕਿ ਉਹ ਕਿਸਾਨੀ ਮਸਲਿਆਂ ਦੇ ਹੱਲ ਲਈ ਤੁਰੰਤ ਕਿਸਾਨ ਜਥੇਬੰਦੀਆਂ ਨਾਲ ਗੱਲ ਕਰੇ। ਸੰਘ ਦੇ ਜਨਰਲ ਸਕੱਤਰ ਡਾ. ਸੁਖਦੇਵ ਸਿੰਘ ਸਿਰਸਾ, ਪੰਜਾਬ ਪ੍ਰਧਾਨ ਸੁਰਜੀਤ ਜੱਜ, ਪੰਜਾਬ ਦੇ ਜਨਰਲ ਸਕੱਤਰ ਡਾ. ਕੁਲਦੀਪ ਸਿੰਘ ਦੀਪ, ਉੱਘੇ ਚਿੰਤਕ ਸਵਰਾਜਬੀਰ, ਗਲਪਕਾਰ ਕਿਰਪਾਲ ਕਜ਼ਾਕ, ਪੰਜਾਬੀ ਅਕਾਦਮੀ ਲੁਧਿਆਣਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ, ਡਾ. ਪਾਲ ਕੌਰ, ਡਾ. ਗੁਲਜਾਰ ਪੰਧੇਰ, ਡਾ. ਅਨੂਪ ਸਿੰਘ, ਪ੍ਰੋ. ਬਲਦੇਵ ਬੱਲੀ, ਡਾ. ਅਰਵਿੰਦਰ ਕਾਕੜਾ ਤੇ ਜਸਪਾਲ ਮਾਨਖੇੜਾ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਉਹ ਕੇਂਦਰ ਦੇ ਨਾਲ ਗੱਲਬਾਤ ਕਰਕੇ ਇਸ ਮਸਲੇ ਦੇ ਹੱਲ ਲਈ ਰਾਹ ਪੱਧਰਾ ਕਰੇ।

# ਵਧੀ ਠੰਡ ਨੂੰ ਲੈ ਕੇ ਸਿਹਤ ਵਿਭਾਗ ਨੇ ਨਾਗਰਿਕਾਂ ਲਈ ਜਾਰੀ ਕੀਤੀ ਐਡਵਾਇਜ਼ਰੀ



**ਤਰਨ ਤਾਰਨ, 16 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿਨੋ ਦਿਨ ਵੱਧ ਰਹੀ ਠੰਡ ਅਤੇ ਵੱਗ ਰਹੀ ਸੀਤ ਲਹਿਰ ਨੂੰ ਧਿਆਨ ਵਿੱਚ ਰੱਖਦਿਆਂ ਸਿਹਤ ਵਿਭਾਗ ਤਰਨ ਤਾਰਨ ਵੱਲੋਂ ਨਾਗਰਿਕਾਂ ਲਈ ਠੰਡ ਤੋਂ ਬਚਣ ਲਈ ਵਿਸ਼ੇਸ਼ ਐਡਵਾਈਜਰੀ ਜਾਰੀ ਕੀਤੀ ਹੈ। ਇਸ ਸਬੰਧੀ ਜ਼ਿਲ੍ਹੇ ਦੇ ਕਾਰਜਕਾਰੀ ਸਿਵਿਲ ਸਰਜਨ ਅਤੇ ਜ਼ਿਲਾ ਟੀਕਾਕਰਨ ਅਫਸਰ ਡਾਕਟਰ ਵਰਿੰਦਰ ਪਾਲ ਕੌਰ ਨੇ ਹਰ ਉਮਰ ਦੇ ਲੋਕਾਂ ਨੂੰ ਵੱਧ ਰਹੀ ਠੰਡ ਤੋਂ ਆਪਣੇ ਆਪ ਨੂੰ ਸੁਰੱਖਿਅਤ ਰੱਖਣ ਦੀ ਅਪੀਲ ਕੀਤੀ। ਇਸ ਸਬੰਧੀ ਕਾਰਜਕਾਰੀ ਸਿਵਲ ਸਰਜਨ ਵੱਲੋਂ ਵੱਖ ਵੱਖ ਬਲਾਕਾਂ ਦੇ ਸੀਨੀਅਰ ਮੈਡੀਕਲ ਅਫਸਰਾਂ ਨਾਲ ਮੀਟਿੰਗ ਕਰਕੇ ਐਡਵਾਈਜਰੀ ਸਬੰਧੀ ਵਿਚਾਰ ਵਟਾਂਦਰਾ ਕੀਤਾ।

ਉਹਨਾਂ ਕਿਹਾ ਕਿ ਮੌਜੂਦਾ ਮੌਸਮ ਖਾਸ ਤੌਰ ਤੇ ਬਜ਼ੁਰਗਾਂ ਬੱਚਿਆਂ ਅਤੇ ਪਹਿਲਾ ਤੋਂ ਹੀ ਬਿਮਾਰੀਆਂ ਨਾਲ ਪੀੜਤ ਲੋਕਾਂ ਲਈ ਗੰਭੀਰ ਖਤਰੇ ਪੈਦਾ ਕਰ ਸਕਦਾ ਹੈ ਪਰ ਜੇਕਰ ਅਸੀਂ ਚੌਕਸ ਰਹੀਏ ਤਾਂ ਅਸੀਂ ਆਪਣੇ ਆਪ ਨੂੰ ਬਚਾ ਸਕਦੇ ਹਾਂ।

ਉਹਨਾਂ ਕਿਹਾ ਕਿ ਵਧੀ ਠੰਡ ਕਾਰਨ ਵਿਅਕਤੀ ਨੂੰ ਹਾਈਪੋਥਰਮੀਆ, ਫਰਾਸਟਬਾਈਟ ਅਤੇ ਸਾਹ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਤੋਂ ਇਲਾਵਾ ਇਸ ਮੌਸਮ ਦੌਰਾਨ ਦਿਲ ਦੀਆਂ ਬਿਮਾਰੀਆਂ ਹੋਣ ਦਾ ਵੀ ਖਦਸ਼ਾ ਵੱਧ ਜਾਂਦਾ ਹੈ। ਉਹਨਾਂ ਕਿਹਾ ਕਿ ਦਿਲ ਦੀਆਂ ਬਿਮਾਰੀਆਂ ਤੋਂ ਪੀੜਤ ਵਿਅਕਤੀ ਇਸ ਮੌਸਮ ਦੌਰਾਨ ਆਪਣਾ ਵਿਸ਼ੇਸ਼ ਧਿਆਨ ਰੱਖਣ ਅਤੇ ਆਪਣੀਆਂ ਰੋਜ਼ਾਨਾ ਦੀਆਂ ਗਤੀਵਿਧੀਆਂ ਨੂੰ ਸੀਮਤ ਕਰਨ।

ਕਾਰਜਕਾਰੀ ਸਿਵਲ ਸਰਜਨ ਡਾ.ਵਰਿੰਦਰ ਪਾਲ ਕੌਰ ਨੇ ਕਿਹਾ ਕਿ ਇਸ ਮੌਸਮ ਦੌਰਾਨ ਹਰ ਕਿਸੇ ਦੀ ਇਹ ਕੋਸ਼ਿਸ਼ ਹੋਣੀ ਚਾਹੀਦੀ ਹੈ ਕਿ ਉਹ ਸਵੇਰ ਅਤੇ ਸ਼ਾਮ ਨੂੰ ਘਰੋਂ ਲੋੜ ਅਨੁਸਾਰ ਹੀ ਬਾਹਰ ਨਿਕਲਣ ਅਤੇ ਆਪਣੇ ਸਰੀਰ ਨੂੰ ਚੰਗੇ ਢੰਗ ਨਾਲ ਗਰਮ ਕੱਪੜਿਆਂ ਨਾਲ ਢੱਕ ਕੇ ਰੱਖਣ।

ਉਹਨਾਂ ਕਿਹਾ ਕਿ ਠੰਡ ਦੇ ਪ੍ਰਭਾਵ ਤੋਂ ਬਚਣ ਲਈ ਵਿਅਕਤੀ ਚੰਗੀ ਪੌਸ਼ਟਿਕ ਖੁਰਾਕ ਦਾ ਸੇਵਨ ਕਰਨ ਅਤੇ ਠੰਡੇ ਪਦਾਰਥਾਂ ਤੋਂ ਪੂਰੀ ਤਰਾਂ ਗੁਰੇਜ ਕਰਨ। ਡਾ. ਵਰਿੰਦਰਪਾਲ ਕੌਰ ਨੇ ਕਿਹਾ ਕਿ ਮਨੁੱਖਤਾ ਦੀ ਸੇਵਾ ਪ੍ਰਤੀ ਆਪਣੀ ਜਿੰਮੇਵਾਰੀ ਨੂੰ ਸਮਝਦਿਆਂ ਸਿਹਤ ਵਿਭਾਗ ਬੇਘਰ ਲੋਕਾਂ ਦੀ ਵੀ ਮਦਦ ਲਈ ਵੀ ਹਮੇਸ਼ਾ ਤਤਪਰ ਹੈ ਅਤੇ ਉਹ ਨਾਗਰਿਕਾਂ ਨੂੰ ਅਪੀਲ ਕਰਦੇ ਹਨ ਕਿ ਬੇਘਰ ਲੋਕਾਂ ਨੂੰ ਗਰਮ ਕੱਪੜੇ, ਕੰਬਲ ਆਦਿ ਮੁਹਈਆਂ ਕਰਨ ਤਾਂ ਜੋ ਇਸ ਮੌਸਮ ਤੋਂ ਉਹਨਾਂ ਵੀ ਬਚਾਇਆ ਜਾ ਸਕੇ।

ਡਾਕਟਰ ਵਰਿੰਦਰ ਪਾਲ ਕੌਰ ਨੇ ਕਿਹਾ ਕਿ ਵਧੀ ਠੰਡ ਕਾਰਨ ਕਿਸੇ ਤਰ੍ਹਾਂ ਦੀ ਵਿਸ਼ੇਸ਼ ਸਮੱਸਿਆ ਆਉਣ ਤੇ ਵਿਅਕਤੀ ਬਿਨਾਂ ਸਮਾਂ ਗਵਾਏ ਆਪਣੀ ਨਜ਼ਦੀਕੀ ਸਿਹਤ ਸੰਸਥਾ ਨਾਲ ਸੰਪਰਕ ਕਰਕੇ ਆਪਣੀ ਜਾਂਚ ਅਤੇ ਇਲਾਜ ਕਰਵਾਏ।

ਇਸ ਮੌਕੇ ਉਹਨਾਂ ਨਾਲ ਮੈਡੀਕਲ ਅਫਸਰ ਡਾਕਟਰ ਸੁਖਜਿੰਦਰ ਸਿੰਘ, ਡਾਕਟਰ ਰਣਦੀਪ ਸਿੰਘ, ਜਿਲਾ ਮਾਸ ਮੀਡੀਆ ਅਫਸਰ ਸੁਖਵੰਤ ਸਿੰਘ ਸਿੱਧੂ ਵੀ ਮੌਜੂਦ ਰਹੇ।

# ਪੰਜਾਬ ਵਿੱਚ ਅਸਰ ਦਿਖਾਉਣ ਲੱਗੀ ਠੰਢ; ਦਿਨੇ ਧੁੱਪ ਖਿੜੀ, ਰਾਤਾਂ ਨੇ ਲੋਕ ਠਾਰੇ; ਮੌਸਮ ਵਿਭਾਗ ਵੱਲੋਂ ਸੀਤ ਲਹਿਰ ਚੱਲਣ ਦੀ ਪੇਸ਼ੀਨਗੋਈ

**ਚੰਡੀਗੜ੍ਹ, 16 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਿਮਾਚਲ ਪ੍ਰਦੇਸ਼ ਵਿੱਚ ਪਿਛਲੇ ਦਿਨੀਂ ਪਈ ਸੀਜ਼ਨ ਦੀ ਪਹਿਲੀ ਬਰਫ਼ ਨੇ ਨਾਲ ਲਗਦੇ ਮੈਦਾਨੀ ਇਲਾਕੇ ਨੂੰ ਠਾਰ ਕੇ ਰੱਖ ਦਿੱਤਾ ਹੈ। ਇਸ ਕਾਰਨ ਠੰਢੀਆਂ ਹਵਾਵਾਂ ਚੱਲਣ ਕਰਕੇ ਪੰਜਾਬ ਤੇ ਹਰਿਆਣਾ ਵਿੱਚ ਠੰਢ ਨੇ ਜ਼ੋਰ ਫੜ ਲਿਆ ਹੈ। ਪਾਰਾ ਲਗਾਤਾਰ ਡਿੱਗਣ ਕਾਰਨ ਪੰਜਾਬ ਤੇ ਹਰਿਆਣਾ ਵਿੱਚ ਸਵੇਰ ਤੇ ਰਾਤ ਸਮੇਂ ਠੰਢ ਵਧ ਗਈ ਹੈ, ਜਦੋਂ ਕਿ ਦਿਨ ਸਮੇਂ ਧੁੱਪ ਖਿੜੀ ਰਹੀ। ਅੱਜ ਪੰਜਾਬ ਵਿੱਚ ਰਾਤ ਸਮੇਂ ਫ਼ਰੀਦਕੋਟ ਤੇ ਨਵਾਂਸ਼ਹਿਰ ਸਭ ਤੋਂ ਠੰਢੇ ਰਹੇ, ਜਿੱਥੇ ਘੱਟ ਤੋਂ ਘੱਟ ਤਾਪਮਾਨ ਤਿੰਨ ਡਿਗਰੀ ਸੈਲਸੀਅਸ ਦਰਜ ਕੀਤਾ ਗਿਆ। ਪੰਜਾਬ ਦੇ ਸਾਰੇ ਸ਼ਹਿਰਾਂ ਵਿੱਚ ਘੱਟ ਤੋਂ ਘੱਟ ਤਾਪਮਾਨ 6 ਡਿਗਰੀ ਸੈਲਸੀਅਸ ਦੇ ਕਰੀਬ ਦਰਜ ਕੀਤਾ ਗਿਆ ਹੈ।

ਉਧਰ, ਮੌਸਮ ਵਿਭਾਗ ਨੇ ਪੰਜਾਬ ਵਿੱਚ ਸੀਤ ਲਹਿਰ ਚੱਲਣ ਦੀ ਪੇਸ਼ੀਨਗੋਈ ਕੀਤੀ ਹੈ। ਪੰਜਾਬ ਵਿੱਚ ਠੰਢ ਵਧਣ ਕਰਕੇ ਆਮ ਜਨ ਜੀਵਨ ਵੀ ਪ੍ਰਭਾਵਿਤ ਹੋ ਗਿਆ। ਲੋਕਾਂ ਨੂੰ ਠੰਢ ਕਰਕੇ ਸਵੇਰੇ ਕੰਮ ’ਤੇ ਜਾਣਾ ਮੁਸ਼ਕਲ ਹੋ ਗਿਆ। ਲੋਕਾਂ ਨੂੰ ਵਾਹਨ ਚਲਾਉਣ ਸਮੇਂ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਦੂਜੇ ਪਾਸੇ ਠੰਢ ਕਰਕੇ ਸੜਕੀ ਹਾਦਸਿਆਂ ਦੀ ਗਿਣਤੀ ਵੀ ਵੱਧ ਗਈ ਹੈ। ਠੰਢ ਵਧਣ ਕਰਕੇ ਗਰਮ ਕੱਪੜਿਆਂ ਦਾ ਕਾਰੋਬਾਰ ਕਰਨ ਵਾਲਿਆਂ ਦੇ ਚਿਹਰੇ ਖਿੜ ਗਏ ਹਨ। ਅੱਜ ਦੁਪਹਿਰ ਸਮੇਂ ਚੰਗੀ ਧੁੱਪ ਨਿਕਲਣ ਕਰਕੇ ਵੱਡੀ ਗਿਣਤੀ ਲੋਕਾਂ ਨੇ ਧੁੱਪ ਦਾ ਆਨੰਦ ਮਾਣਿਆ। ਮੌਸਮ ਵਿਗਿਆਨੀਆਂ ਅਨੁਸਾਰ ਆਉਣ ਵਾਲੇ ਦਿਨਾਂ ਵਿੱਚ ਪੰਜਾਬ ਵਿੱਚ ਠੰਢ ਹੋਰ ਵਧੇਗੀ, ਜਦੋਂਕਿ ਅਗਲੇ ਤਿੰਨ-ਚਾਰ ਦਿਨ ਘੱਟ ਤੋਂ ਘੱਟ ਤਾਪਮਾਨ ਵਿੱਚ ਇੱਕ ਤੋਂ ਦੋ ਡਿਗਰੀ ਸੈਲਸੀਅਸ ਤੱਕ ਦੀ ਗਿਰਾਵਟ ਦਰਜ ਕੀਤੀ ਜਾਵੇਗੀ।



ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਇਕ ਪਾਰਕ ’ਚ ਦੁਪਹਿਰ ਵੇਲੇ ਧੁੱਪ ਸੇਕਦੇ ਹੋਏ ਵਿਦਿਆਰਥੀ।

ਅੱਜ ਚੰਡੀਗੜ੍ਹ ਵਿੱਚ ਘੱਟ ਤੋਂ ਘੱਟ ਤਾਪਮਾਨ 4.7 ਡਿਗਰੀ ਸੈਲਸੀਅਸ, ਅੰਮ੍ਰਿਤਸਰ ’ਚ 5, ਲੁਧਿਆਣਾ ਵਿੱਚ 6.2, ਪਟਿਆਲਾ ’ਚ 4.5, ਪਠਾਨਕੋਟ ਵਿੱਚ 4.3, ਬਠਿੰਡਾ ’ਚ 4.6, ਗੁਰਦਾਸਪੁਰ ’ਚ 3.6, ਬਰਨਾਲਾ ਵਿੱਚ 4.5, ਫ਼ਤਹਿਗੜ੍ਹ ਸਾਹਿਬ ਵਿੱਚ 5.1, ਫਾਜ਼ਿਲਕਾ ’ਚ 3.2, ਫਿਰੋਜ਼ਪੁਰ ਵਿੱਚ 5.1, ਰੋਪੜ ਵਿੱਚ 3.1 ਅਤੇ ਸੰਗਰੂਰ ਵਿੱਚ 5.1 ਡਿਗਰੀ ਸੈਲਸੀਅਸ ਤਾਪਮਾਨ ਦਰਜ ਕੀਤਾ ਗਿਆ। ਇਹ ਤਾਪਮਾਨ ਇੱਕ ਤੋਂ 4.7 ਡਿਗਰੀ ਸੈਲਸੀਅਸ ਤੱਕ ਆਮ ਤੋਂ ਘੱਟ ਦਰਜ ਕੀਤਾ ਗਿਆ।

# ਸਰਕਾਰੀ ਹਾਈ ਸਕੂਲ ਕੋਟ ਮੁਹੰਮਦ ਖਾਂ ਵਿਖੇ ਸਮਾਜਿਕ ਵਿਗਿਆਨ ਅਤੇ ਅੰਗਰੇਜ਼ੀਵਿਸ਼ੇ ਦੀ ਪ੍ਰਦਰਸ਼ਨੀ ਲਗਾਈ



**ਤਰਨ ਤਾਰਨ, 16 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਾਇਰੈਕਟਰ ਐਸ ਸੀ ਈ ਆਰ ਟੀ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਤੇ ਵਿਦਿਆਰਥੀਆਂ ਵਿੱਚ ਸਮਾਜਿਕ ਵਿਗਿਆਨ ਅਤੇ ਅੰਗਰੇਜ਼ੀ ਵਿਸ਼ੇ ਵਿੱਚ ਹੋਰ ਵਧੇਰੇ ਦਿਲਚਸਪੀ ਵਧਾਉਣ ਲਈ ਸਰਕਾਰੀ ਹਾਈ ਸਕੂਲ ਕੋਟ ਮੁਹੰਮਦ ਖਾਂ ਵਿਖੇ ਵਿਸ਼ਾ ਮੇਲਾ ਲਗਾਇਆ ਗਿਆ। ਜਿਸ ਵਿੱਚ ਛੇਵੀਂ ਤੋਂ ਦਸਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਵੱਲੋਂ ਸਮਾਜਿਕ ਵਿਗਿਆਨ ਅਤੇ ਅੰਗਰੇਜ਼ੀ ਵਿਸ਼ੇ ਨਾਲ ਸਬੰਧਤ ਚਾਰਟਾਂ ਦੀ ਪ੍ਰਦਰਸ਼ਨੀ ਲਗਾਈ ਅਤੇ ਅੰਗਰੇਜ਼ੀ ਵਿਸ਼ੇ ਨਾਲ ਸਬੰਧਤ ਰੋਲ ਪਲੇ ਵੀ ਕੀਤੇ। ਇਸ ਮੌਕੇ ਗੱਲਬਾਤ ਕਰਦਿਆਂ ਅੰਗਰੇਜ਼ੀ ਮਿਸਟ੍ਰੈਸ ਮੈਡਮ ਅਮਨਦੀਪ ਕੌਰ ਨੇ ਦੱਸਿਆ ਕਿ ਵਿਦਿਆਰਥੀਆਂ ਨੇ ਸਮਾਜਿਕ ਵਿਗਿਆਨ ਅਤੇ ਅੰਗਰੇਜ਼ੀ ਵਿਸ਼ੇ ਨਾਲ ਸੰਬੰਧਿਤ ਬਹੁਤ ਹੀ ਸ਼ਾਨਦਾਰ ਮਾਡਲ ਅਤੇ ਚਾਰਟ ਬਣਾਏ ਹਨ। ਸਕੂਲ ਦੀ ਇੰਚਾਰਜ ਮੁੱਖ ਅਧਿਆਪਕਾ ਮੈਡਮ ਨਿਸ਼ਾ ਜੀ ਨੇ ਕਿਹਾ ਕਿ ਵੱਖ ਵੱਖ ਵਿਸ਼ਿਆਂ ਨਾਲ ਸੰਬੰਧਿਤ ਮੇਲੇ ਲਗਾਉਣਾ ਸਿੱਖਿਆ ਵਿਭਾਗ ਦਾ ਬਹੁਤ ਹੀ ਸਲਾਹੁਣਯੋਗ ਉਪਰਾਲਾ ਹੈ। ਅਜਿਹੇ ਮੇਲੇ ਵਿਦਿਆਰਥੀਆਂ ਵਿੱਚ ਹੋਰ ਸਿੱਖਣ ਦੀ ਰੁਚੀ ਨੂੰ ਉਤਸਾਹਿਤ ਕਰਦੀਆਂ ਹਨ ਅਤੇ ਵਿਦਿਆਰਥੀ ਨਵੀਆਂ ਚੀਜ਼ਾਂ ਸਿੱਖਦੇ ਹਨ। ਇਸ ਮੌਕੇ ਮੈਡਮ ਹਰਪ੍ਰੀਤ ਕੌਰ, ਰੁਪਿੰਦਰ ਕੌਰ ਅਤੇ ਜਿਲ੍ਹਾ ਗਾਈਡੈਂਸ ਕੌਂਸਲਰ ਸੁਖਬੀਰ ਸਿੰਘ ਕੰਗ ਵਿਸ਼ੇਸ਼ ਤੌਰ ਤੇ ਹਾਜ਼ਰ ਸਨ।

# ਸ਼ਹੀਦ ਨੰਦ ਸਿੰਘ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਸ਼ਰਧਾ ਦੇ ਫੁੱਲ ਭੇਂਟ ਕਰਕੇ ਦਿੱਤੀ ਸ਼ਰਧਾਂਜਲੀ

**ਬਠਿੰਡਾ, 16 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਹੀਦ ਨੰਦ ਸਿੰਘ (ਫੌਜੀ ਚੌਂਕ) ਵਿਖੇ ਉਨ੍ਹਾਂ ਦੀ ਸ਼ਹਾਦਤ ਨੂੰ ਯਾਦ ਕਰਦਿਆਂ ਕਰਨਲ ਬਿਕਰਮਜੀਤ ਸਿੰਘ ਮਾਨ (ਸੇਵਾ ਮੁਕਤ), ਕੈਪਟਨ ਹਰਬਖਸ਼ ਸਿੰਘ, ਸੂਬੇਦਾਰ ਬਲਦੇਵ ਸਿੰਘ ਮਾਨ ਤੇ ਸਮੂਹ ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਦਫਤਰ ਦੇ ਸਟਾਫ ਵੱਲੋਂ ਸ਼ਰਧਾ ਦੇ ਫੁੱਲ ਭੇਂਟ ਕਰਕੇ ਸ਼ਰਧਾਂਜਲੀ ਦਿੱਤੀ।

ਸੇਵਾ ਮੁਕਤ ਕਰਨਲ ਬਿਕਰਮਜੀਤ ਸਿੰਘ ਮਾਨ ਨੇ ਦੱਸਿਆ ਕਿ ਸ਼ਹੀਦ ਨੰਦ ਸਿੰਘ ਦਾ ਜਨਮ ਮਾਤਾ ਜੈ ਕੌਰ ਦੀ ਕੁੱਖੋਂ ਪਿਤਾ ਭਾਗ ਸਿੰਘ ਦੇ ਘਰ ਪਿੰਡ ਬਹਾਦਰਪੁਰ (ਬਰੇਟਾ) ਜ਼ਿਲ੍ਹਾ ਮਾਨਸਾ ਵਿਖੇ ਹੋਇਆ। ਉਹ 19 ਸਾਲਾਂ ਦੀ ਉਮਰ ਵਿੱਚ ਭਾਰਤੀ ਸੈਨਾ ਦੀ ਸਿੱਖ ਰੈਜੀਮੈਂਟ ਪਹਿਲੀ ਬਟਾਲੀਅਨ ਵਿੱਚ ਭਰਤੀ ਹੋਏ। 29 ਸਾਲ ਦੀ ਉਮਰ ਵਿੱਚ ਬਤੌਰ ਐਕਟਿੰਗ ਨਾਇਕ ਦੇ ਆਹੁਦੇ ਤੇ ਦੂਸਰਾ ਮਹਾਂ ਯੁਦ ਵਿੱਚ ਦੁਸ਼ਮਣਾ ਦੇ ਛੱਕੇ ਛੁਡਾ ਦਿੱਤੇ।

ਉਨ੍ਹਾਂ ਦੱਸਿਆ ਕਿ ਦੂਸਰੇ ਮਹਾਂ ਯੁਦ ਵਿੱਚ ਜਖਮੀ ਹਾਲਤ ਵਿੱਚ ਵੀ ਹਿੰਮਤ ਨਾ ਹਾਰਦਿਆਂ ਅਤੇ ਜਪਾਨੀਆਂ ਦੇ ਨਾਲ ਮੁਕਾਬਲਾ ਕਰਦੇ ਹੋਏ ਬੰਦੂਕ ਦੀ ਸੰਗੀਨ ਨਾਲ ਹੀ ਕਾਫੀ ਗਿਣਤੀ ਵਿੱਚ ਜਪਾਨੀਆਂ ਨੂੰ ਮੌਤ ਦੇ ਘਾਟ ਉਤਾਰ ਕੇ ਉਨ੍ਹਾਂ ਦੇ ਮੋਰਚੇ ’ਤੇ ਕਬਜਾ ਕੀਤਾ, ਜਿਸ ਲਈ ਇਨ੍ਹਾਂ ਨੂੰ ਸਰਬਉੱਤਮ ਪੁਰਸਕਾਰ ਵਿਕਟੋਰੀਆ ਕਰਾਸ ਨਾਲ ਸਨਮਾਨਿਤ ਕੀਤਾ ਗਿਆ। ਦੇਸ਼ ਭਗਤੀ ਦੀ ਮਿਸਾਲ ਦਿੰਦੇ ਹੋਏ ਇਹੋ-ਜਿਹੇ ਕਾਰਨਾਮੇ ਵਿਖਾਏ ਕਿ ਦੇਸ਼ ਆਜ਼ਾਦ ਹੋਣ ਤੋਂ ਬਾਅਦ 1947 ਵਿੱਚ ਕਸ਼ਮੀਰ ਰਾਜ ਵਿੱਚ ਉੜੀ ਦੀ ਲੜਾਈ ਦੌਰਾਨ ਵੀ ਇਸ ਮਹਾਨ ਯੋਧੇ ਨੇ ਨਿਡਰ ਹੋ ਕਿ ਆਪਣਾ ਫਰਜ਼ ਨਿਭਾਇਆ ਤੇ 16 ਦਸੰਬਰ 1947 ਨੂੰ ਕਬਾਲੀ ਹਮਲਾਵਰਾਂ ਦਾ ਸਫਾਇਆ ਕਰਨ ਲਈ ਮੋਰਚਾ ਸੰਭਾਲਿਆ।



ਉਨ੍ਹਾਂ ਅੱਗੇ ਦੱਸਿਆ ਕਿ ਆਪਣੇ ਕਈ ਸਾਥੀਆਂ ਦੇ ਸ਼ਹੀਦ ਹੋ ਜਾਣ ’ਤੇ ਵੀ ਇਸ ਮਹਾਨ ਯੋਧੇ ਨੇ ਹਿਮਤ ਨਾਂ ਹਾਰੀ ਅਤੇ ਕਈ ਮੋਰਚਿਆਂ ’ਤੇ ਕਬਜਾ ਕਰਦੇ ਹੋਏ, ਦੁਸ਼ਮਣ ਨੂੰ ਪਿਛੇ ਹਟਾਉਦੇ ਹੋਏ ਇਹ ਅਣਖੀ ਯੋਧਾ ਆਪ ਵੀ ਦੇਸ਼ ਦੀ ਰਾਖੀ ਕਰਦਾ ਹੋਇਆ ਸ਼ਹਾਦਤ ਪਾ ਗਿਆ। ਇਸ ਮਹਾਨ ਯੋਧੇ ਨੇ ਮਹਾਂਵੀਰ ਚੱਕਰ ਜਿੱਤ ਕੇ ਆਪਣੇ ਪਿੰਡ ਦਾ ਨਾਅ ਦੇਸ਼ ਵਿੱਚ ਰੌਸ਼ਨ ਕੀਤਾ। ਨੰਦ ਸਿੰਘ ਇੱਕ ਐਸਾ ਯੋਧਾ ਹੈ, ਜਿਸ ਨੂੰ ਜਿਉਂਦੇ ਜੀਅ ਵਿਕਟੋਰੀਆ ਕਰਾਸ ਮਿਲਿਆ ਸੀ। ਉਨ੍ਹਾਂ ਦੱਸਿਆ ਕਿ ਪਟਿਆਲਾ ਦੇ ਮਹਾਰਾਜਾ ਭਲਇੰਦਰ ਸਿੰਘ ਸਹੀਦ ਨੰਦ ਸਿੰਘ ਨੂੰ ਸਨਮਾਨਿਤ ਕਰਨ ਲਈ ਪਿੰਡ ਬਹਾਦਰਪੁਰ ਵਿਖੇ ਆਏ ਸਨ ਅਤੇ ਉਨ੍ਹਾਂ ਵੱਲੋਂ ਆਪਣੇ ਪੁਰਖਿਆਂ ਦੀ ਨਿਸ਼ਾਨੀ ਤਲਵਾਰ ਦੇ ਕੇ ਸਨਮਾਨਿਤ ਕੀਤਾ ਗਿਆ ਸੀ। ਬਠਿੰਡਾ ਵਿਖੇ ਇਨ੍ਹਾਂ ਦੀ ਯਾਦ ਵਿੱਚ ਚੌਂਕ ’ਤੇ ਬੁਤ ਲਗਾਇਆ ਗਿਆ ਹੈ ਜਿਸ ਨੂੰ ਫੋਜ਼ੀ ਚੌਂਕ ਵੀ ਕਿਹਾ ਜਾਂਦਾ ਹੈ। ਬਰੇਟਾ ਦੇ ਬਸ ਸਟੈਂਡ ਦਾ ਨਾਮ ਨੰਦ ਸਿੰਘ ਵਿਕਟੋਰੀਆ ਬਸ ਸਟੈਂਡ ਹੈ। ਇਸ ਮਹਾਨ ਯੋਧੇ ਨੂੰ ਸ਼ਹੀਦ ਹੋਣ ਉੱਪਰੰਤ 1948 ਵਿੱਚ ਭਾਰਤ ਸਰਕਾਰ ਨੇ ਮਹਾਂਵੀਰ ਚੱਕਰ ਦੇ ਕੇ ਸਨਮਾਨਿਤ ਕੀਤਾ। ਇਸ ਬਹਾਦਰ ਸਪੂਤ ਦੀ ਯਾਦ ਵਿੱਚ 1956 ਵਿੱਚ ਮੇਰਠ ਛਾਉਣੀ ਵਿੱਚ ਇੱਕ ਸਟੇਡੀਅਮ ਵੀ ਬਣਾਇਆ ਗਿਆ ਸੀ।

# ਵਿਦਿਆਰਥੀਆਂ ਨੂੰ ਆਵਾਜਾਈ ਨਿਯਮਾਂ ਦਾ ਪਾਠ ਪੜ੍ਹਾਇਆ




**ਗੁਰਦਾਸਪੁਰ, 16 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ, ਗੁਰਦਾਸਪੁਰ ਦੀ ਸਕੱਤਰ ਸ੍ਰੀਮਤੀ ਰਮਨੀਤ ਕੌਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ ਦੇ ਨੁਮਾਇੰਦਿਆਂ ਅਤੇ ਜ਼ਿਲ੍ਹਾ ਪੁਲਿਸ ਗੁਰਦਾਸਪੁਰ ਦੇ ਟਰੈਫ਼ਿਕ ਐਜੂਕੇਸ਼ਨ ਸੈੱਲ ਵੱਲੋਂ ਅੱਜ ਟੀ.ਸੀ. ਇੰਟਰਨੈਸ਼ਨਲ ਸਕੂਲ, ਬਹਿਰਾਮਪੁਰ ਰੋਡ ਗੁਰਦਾਸਪੁਰ ਵਿਖੇ ਵਿਸ਼ੇਸ਼ ਸੈਮੀਨਾਰ ਲਗਾ ਕੇ ਵਿਦਿਆਰਥੀਆਂ ਨੂੰ ਆਵਾਜਾਈ ਨਿਯਮਾਂ ਦੀ ਜਾਣਕਾਰੀ ਦਿੱਤੀ ਗਈ। ਇਸ ਮੌਕੇ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਸ਼੍ਰੀ ਰਵਿੰਦਰ ਸ਼ਰਮਾ, ਪ੍ਰਿੰਸੀਪਲ ਸ੍ਰੀ ਜੈਅੰਤ ਸ਼ਰਮਾ ਅਤੇ ਸਕੂਲ ਦਾ ਸਮੂਹ ਸਟਾਫ਼ ਵੀ ਹਾਜ਼ਰ ਸੀ। ਸੈਮੀਨਾਰ ਦੌਰਾਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ ਦੇ ਪੈਨਲ ਵਕੀਲ ਸ੍ਰੀ ਕ੍ਰਿਸ਼ਨ ਕੁਮਾਰ ਮੱਲ੍ਹੀ ਨੇ ਵਿਦਿਆਰਥੀਆਂ ਨੂੰ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਿਟੀ ਵੱਲੋਂ ਦਿੱਤੀਆਂ ਜਾਂਦੀਆਂ ਮੁਫ਼ਤ ਕਾਨੂੰਨੀ ਸੇਵਾਵਾਂ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਦੱਸਿਆ ਕਿ ਅਨੁਸੂਚਿਤ ਜਾਤੀ ਜਾਂ ਕਬੀਲੇ ਦੇ ਮੈਂਬਰ, ਇਸਤਰੀ / ਬੱਚਾ, ਬੇਗਾਰ ਦੇ ਮਾਰੇ, ਮਾਨਸਿਕ ਰੋਗੀ / ਅਪੰਗ, ਕੁਦਰਤੀ ਆਫ਼ਤਾਂ ਦੇ ਮਾਰੇ ਉਦਯੋਗਿਕ ਕਾਮੇ, ਜੇਲ੍ਹਾਂ ਵਿੱਚ ਬੰਦ ਹਵਾਲਾਤੀ ਅਤੇ ਕੈਦੀ ਜਾਂ ਹਿਰਾਸਤ ਵਿੱਚ ਵਿਅਕਤੀ, ਹਰ ਉਹ ਵਿਅਕਤੀ ਜਿਸ ਦੀ ਸਾਲਾਨਾ ਆਮਦਨ 3,00,000/-ਰੁਪਏ ਤੋਂ ਵੱਧ ਨਾ ਹੋਵੇ ਮੁਫ਼ਤ ਕਾਨੂੰਨੀ ਸਹਾਇਤਾ ਲੈ ਸਕਦੇ ਹਨ। ਇਸ ਮੌਕੇ ਉਨ੍ਹਾਂ 15100 ਹੈਲਪ ਲਾਈਨ ਨੰਬਰ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ।

ਸੈਮੀਨਾਰ ਦੌਰਾਨ ਟਰੈਫ਼ਿਕ ਐਜੂਕੇਸ਼ਨ ਸੈੱਲ ਵੱਲੋਂ ਏ.ਐੱਸ.ਆਈ. ਸੰਜੀਵ ਕੁਮਾਰ ਅਤੇ ਏ.ਐੱਸ.ਆਈ. ਅਮਨਦੀਪ ਸਿੰਘ ਨੇ ਵਿਦਿਆਰਥੀਆਂ ਨੂੰ ਰੋਡ ਸੇਫ਼ਟੀ ਬਾਰੇ ਜਾਣਕਾਰੀ ਦਿੰਦੇ ਹੋਏ ਰੋਡ ਸਾਈਨ ਰੋਡ ਮਾਰਕਿੰਗ ਅਤੇ ਲਿੰਕ ਰੋਡ ਤੋਂ ਹਾਈਵੇ ਦੇ ਉੱਪਰ ਚੜ੍ਹਨ ਦੇ ਸੁਰੱਖਿਅਤ ਨਿਯਮਾਂ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਦੋ ਪਹੀਆ ਵਾਹਨ ਚਲਾਉਂਦੇ ਸਮੇਂ ਹੈਲਮਟ ਜ਼ਰੂਰ ਪਹਿਨਿਆ ਜਾਵੇ ਅਤੇ ਚਾਰ ਪਹੀਆ ਵਾਹਨ ਚਲਾਉਂਦੇ ਸਮੇਂ ਸੀਟ ਬੈਲਟ ਜ਼ਰੂਰ ਲਗਾਈ ਜਾਵੇ। ਉਨ੍ਹਾਂ ਕਿਹਾ ਕਿ ਵਾਹਨ ਚਲਾਉਂਦੇ ਸਮੇਂ ਮੋਬਾਈਲ ਫ਼ੋਨ ਦੀ ਵਰਤੋਂ ਬਿਲਕੁਲ ਨਾ ਕੀਤੀ ਜਾਵੇ ਕਿਉਂਕਿ ਅਜਿਹਾ ਕਰਨ ਨਾਲ ਦੁਰਘਟਨਾ ਵਾਪਰ ਸਕਦੀ ਹੈ। ਇਸਦੇ ਨਾਲ ਹੀ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਡਰਾਈਵਿੰਗ ਲਾਇਸੈਂਸ ਦੀ ਅਹਿਮੀਅਤ ਤੇ ਲਾਇਸੰਸ ਲਈ ਉਮਰ ਸੀਮਾ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਕਿਹਾ ਕਿ ਮੋਟਰ ਵਹੀਕਲ ਐਕਟ ਦੇ ਅਨੁਸਾਰ ਨਾਬਾਲਗ ਬੱਚਿਆਂ ਨੂੰ ਕੋਈ ਵੀ ਵਾਹਨ ਚਲਾਉਣ ਦਾ ਅਧਿਕਾਰ ਨਹੀਂ ਹੈ ਜੇਕਰ ਦੁਰਾਨੇ ਚੈਕਿੰਗ ਕੋਈ ਵੀ ਨਾਬਾਲਗ ਬੱਚਾ ਵਾਹਨ ਚਲਾਉਂਦੇ ਹੋਏ ਪਾਇਆ ਜਾਵੇਗਾ ਤਾਂ ਉਸ ਦੇ ਖ਼ਿਲਾਫ਼ ਮੋਟਰ ਵਹੀਕਲ ਐਕਟ ਤਹਿਤ ਕਾਰਵਾਈ ਕਰਦੇ ਹੋਏ 25000 ਜੁਰਮਾਨਾ ਅਤੇ ਉਸਦੇ ਮਾਤਾ-ਪਿਤਾ ਨੂੰ ਤਿੰਨ ਸਾਲ ਤੱਕ ਦੀ ਸਜ਼ਾ ਹੋ ਸਕਦੀ ਹੈ। ਇਸ ਦੇ ਨਾਲ ਹੀ ਹੈਲਪ ਲਾਈਨ ਨੰਬਰ 1930 ਅਤੇ ਸਾਈਬਰ ਕ੍ਰਾਈਮ ਬਾਰੇ ਵੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ।

# ਦੁਨੀਆਂ ’ਚ ਅਰਬਪਤੀਆਂ ਦੀ ਕੁੱਲ ਜਾਇਦਾਦ ’ਚ ਰਿਕਾਰਡ ਵਾਧਾ

**ਨਵੀਂ ਦਿੱਲੀ, 16 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦੁਨੀਆਂ ’ਚ ਅਰਬਪਤੀਆਂ ਦੀ ਕੁੱਲ ਜਾਇਦਾਦ ’ਚ ਰਿਕਾਰਡ ਵਾਧਾ ਹੋਇਆ ਹੈ। ਪਿਛਲੇ 10 ਸਾਲਾਂ ’ਚ ਉਨ੍ਹਾਂ ਦੀ ਜਾਇਦਾਦ 121 ਫ਼ੀਸਦੀ ਵੱਧ ਕੇ 14 ਖਰਬ ਡਾਲਰ ਹੋ ਗਈ ਹੈ। ਇਸ ’ਚ ਟੈੱਕ ਅਰਬਪਤੀਆਂ ਦਾ ਖ਼ਜ਼ਾਨਾ ਸਭ ਤੋਂ ਤੇਜ਼ੀ ਨਾਲ ਭਰ ਰਿਹਾ ਹੈ। ਸਵਿੱਸ ਬੈਂਕ **UBS** ਨੇ ਆਪਣੀ ਨਵੀਨਤਮ ਰਿਪੋਰਟ ’ਚ ਇਹ ਜਾਣਕਾਰੀ ਦਿੱਤੀ ਹੈ।

ਜਾਪਾਨ ਟੂਡੇ ਦੀ ਖ਼ਬਰ ਮੁਤਾਬਿਕ ਸਵਿਟਜ਼ਰਲੈਂਡ ਦੇ ਸਭ ਤੋਂ ਵੱਡੇ ਬੈਂਕ **UBS** ਨੇ ਕਿਹਾ ਹੈ ਕਿ ਪਿਛਲੇ 10 ਸਾਲਾਂ ’ਚ ਡਾਲਰ ਅਰਬਪਤੀਆਂ ਦੀ ਗਿਣਤੀ 1,757 ਤੋਂ ਵੱਧ ਕੇ 2,682 ਹੋ ਗਈ ਹੈ ਜੋ 2021 ’ਚ 2,686 ਦੇ ਨਾਲ ਸਿਖ਼ਰ ’ਤੇ ਸੀ। **UBS** ਦੀ ਸਾਲਾਨਾ ਬਿਲੀਅਨੇਅਰ ਐਂਮਬਿਸ਼ਨ ਰਿਪੋਰਟ ’ਚ ਕਿਹਾ ਗਿਆ ਹੈ ਕਿ ਅਰਬਪਤੀਆਂ ਨੇ ਪਿਛਲੇ ਇੱਕ ਦਹਾਕੇ ’ਚ ਵੈਸ਼ਵਿਕ ਐਕੁਇਟੀ ਬਾਜ਼ਾਰਾਂ ਦੇ ਮੁਕਾਬਲੇ ਬਿਹਤਰ ਕਾਰਗੁਜ਼ਾਰੀ ਵਿਖਾਈ ਹੈ।

2015 ਤੋਂ 2024 ਵਿਚਾਲੇ ਕੁੱਲ ਅਰਬਪਤੀਆਂ ਦੀ ਜਾਇਦਾਦ 121 ਫ਼ੀਸਦੀ ਵੱਧ ਕੇ 6.3 ਖਰਬ ਡਾਲਰ ਤੋਂ 14.0 ਖਰਬ ਡਾਲਰ ਹੋ ਗਈ ਹੈ ਜਦੋਂ ਕਿ ਵੈਸ਼ਵਿਕ ਐਕੁਇਟੀ ਦੇ **MSCIAC** ਵਰਲਡ ਇੰਡੈਕਸ ’ਚ 73 ਫ਼ੀਸਦੀ ਦਾ ਵਾਧਾ ਹੋਇਆ ਹੈ। ਟੈੱਕ ਅਰਬਪਤੀਆਂ ਦੀ ਜਾਇਦਾਦ ’ਚ ਸਭ ਤੋਂ ਤੇਜ਼ੀ ਨਾਲ ਵਾਧਾ ਹੋਇਆ ਹੈ। ਉਸ ਤੋਂ ਬਾਅਦ ਉਦਯੋਗਪਤੀਆਂ ਦੀ ਜਾਇਦਾਦ ਵਧੀ ਹੈ।

ਦੁਨੀਆਂ ਭਰ ’ਚ ਟੈੱਕ ਅਰਬਪਤੀਆਂ ਦੀ ਜਾਇਦਾਦ 2015 ’ਚ 788.9 ਅਰਬ ਡਾਲਰ ਤੋਂ ਵੱਧ ਕੇ 2024 ’ਚ 2.4 ਖਰਬ ਡਾਲਰ ਹੋ ਗਈ। ਰਿਪੋਰਟ ’ਚ ਦੱਸਿਆ ਗਿਆ ਹੈ ਕਿ 2020 ਤੋਂ ਚੀਨ ਦੇ ਅਰਬਪਤੀਆਂ ’ਚ ਗਿਰਾਵਟ ਕਾਰਨ ਵੈਸ਼ਵਿਕ ਵਿਕਾਸ ਦਾ ਰੁਝਾਨ ਹੌਲੀ ਹੋ ਗਿਆ ਸੀ।



ਭਾਰਤੀ ਅਰਬਪਤੀਆਂ ਦੀ ਜਾਇਦਾਦ 42.1 ਫ਼ੀਸਦੀ ਵੱਧ ਕੇ 905.6 ਬਿਲੀਅਨ ਡਾਲਰ ਹੋ ਗਈ ਜਦੋਂ ਕਿ ਉਨ੍ਹਾਂ ਦੀ ਗਿਣਤੀ 153 ਤੋਂ ਵੱਧ ਕੇ 185 ਹੋ ਗਈ। ਚੀਨੀ ਅਰਬਪਤੀਆਂ ਦੀ ਜਾਇਦਾਦ ਸਾਲ 2015 ਤੋਂ 2020 ਤਕ ਦੁੱਗਣੀ ਤੋਂ ਵੱਧ ਹੋ ਗਈ ਜੋ 887.3 ਅਰਬ ਡਾਲਰ ਤੋਂ ਵੱਧ ਕੇ 2.1 ਖਰਬ ਡਾਲਰ ਹੋ ਗਈ ਪਰ ਉਸ ਵੇਲੇ ਤੋਂ 1.8 ਖਰਬ ਡਾਲਰ ’ਤੇ ਆ ਗਈ ਹੈ। 2015 ਤੋਂ 2020 ਤਕ ਵੈਸ਼ਵਿਕ ਪੱਧਰ ’ਤੇ ਅਰਬਪਤੀਆਂ ਦੀ ਜਾਇਦਾਦ ’ਚ 10 ਫ਼ੀਸਦੀ ਦੀ ਸਾਲਾਨਾ ਦਰ ਨਾਲ ਵਾਧਾ ਹੋਇਆ ਪਰ 2020 ਤੋਂ ਇਹ ਵਾਧਾ ਘੱਟ ਕੇ ਇੱਕ ਫ਼ੀਸਦੀ ਰਹਿ ਗਿਆ ਹੈ।

ਰਿਪੋਰਟ ਮੁਤਾਬਿਕ ਅਰਬਪਤੀ ਜ਼ਿਆਦਾ ਵਾਰ ਸ਼ਿਫ਼ਟ ਹੋ ਰਹੇ ਹਨ। ਸਾਲ 2020 ਤੋਂ 176 ਵਿਅਕਤੀ ਦੇਸ਼ ਬਦਲ ਚੁੱਕੇ ਹਨ, ਜਿਨ੍ਹਾਂ ’ਚ ਸਵਿਟਰਲੈਂਡ, ਸੰਯੁਕਤ ਅਰਬ ਅਮੀਰਾਤ, ਸਿੰਗਾਪੁਰ ਤੇ ਸੰਯੁਕਤ ਰਾਜ ਅਮਰੀਕਾ ਹਰਮਨ-ਪਿਆਰੇ ਦੇਸ਼ ਹਨ। 2024 ’ਚ ਲਗਭਗ 268 ਵਿਅਕਤੀ ਪਹਿਲੀ ਵਾਰ ਅਰਬਪਤੀ ਬਣੇ ਜਿਨ੍ਹਾਂ ’ਚੋਂ 60 ਫ਼ੀਸਦੀ ਉਦਮੀ ਸਨ।

ਰਿਪੋਰਟ ’ਚ ਕਿਹਾ ਗਿਆ ਹੈ ਕਿ ਅਮਰੀਕੀ ਅਰਬਪਤੀਆਂ ਨੇ 2024 ’ਚ ਸਭ ਤੋਂ ਵੱਧ ਲਾਭ ਕਮਾਇਆ ਜਿਸ ਨਾਲ ਅਰਬਪਤੀ ਉਦਮੀਆਂ ਲਈ ਦੁਨੀਆਂ ਦੇ ਮੁੱਖ ਕੇਂਦਰ ਵਜੋਂ ਦੇਸ਼ ਦੀ ਸਥਿਤੀ ਮਜ਼ਬੂਤ ਹੋਈ। ਮੁੱਖ ਭੂਮੀ ਚੀਨ ਤੇ ਹੌਂਗ ਕੌਂਗ ਦੇ ਅਰਬਪਤੀਆਂ ਦੀ ਜਾਇਦਾਦ 16.8 ਫ਼ੀਸਦੀ ਘੱਟ ਕੇ 1.8 ਟ੍ਰਿਲੀਅਨ ਡਾਲਰ ਰਹਿ ਗਈ ਜਦੋਂ ਕਿ ਅਰਬਪਤੀਆਂ ਦੀ ਗਿਣਤੀ 588 ਤੋਂ ਘੱਟ ਕੇ 501 ਰਹਿ ਗਈ। **UAE** ਦੇ ਅਰਬਪਤੀਆਂ ਦੀ ਕੁੱਲ ਜਾਇਦਾਦ 39.5 ਫ਼ੀਸਦੀ ਵੱਧ ਕੇ 138.7 ਬਿਲੀਅਨ ਡਾਲਰ ਹੋ ਗਈ।

# ਕੈਨੇਡਾ ਛੱਡ ਹੁਣ ਨਿਊ ਜ਼ੀਲੈਂਡ ਵੱਲ ਤੁਰ ਪਏ ਭਾਰਤੀ ਵਿਦਿਆਰਥੀ

**ਨਵੀਂ ਦਿੱਲੀ, 16 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਵੇਂ-ਜਿਵੇਂ ਕੈਨੇਡਾ ਆਪਣੇ ਨਿਯਮ ਸਖ਼ਤ ਕਰਦਾ ਜਾ ਰਿਹਾ ਹੈ, ਉਵੇਂ-ਉਵੇਂ ਭਾਰਤੀ ਵਿਦਿਆਰਥੀ ਦੂਜੇ ਦੇਸ਼ਾਂ ਦਾ ਰੁਖ਼ ਕਰ ਰਹੇ ਹਨ। ਤਾਜ਼ਾ ਜਾਣਕਾਰੀ ਮੁਤਾਬਿਕ ਸਟੱਡੀ ਲਈ ਭਾਰਤੀ ਵਿਦਿਆਰਥੀਆਂ ਨੇ ਵੱਡੀ ਗਿਣਤੀ ’ਚ ਨਿਊ ਜ਼ੀਲੈਂਡ ’ਚ ਐਪਲਾਈ ਕੀਤਾ ਹੈ। ਹਾਲ ਹੀ ’ਚ ਤੀਜੇ ਦਰਜੇ ਦੀ ਸਿੱਖਿਆ ਅਤੇ ਹੁਨਰ ਮੰਤਰੀ ਪੈਨੀ ਸਾਇਮੰਡਜ਼ ਨੇ ਘੋਸ਼ਣਾ ਕੀਤੀ ਹੈ ਕਿ ਨਿਊ ਜ਼ੀਲੈਂਡ ’ਚ ਅੰਤਰਰਾਸ਼ਟਰੀ ਸਿੱਖਿਆ ਖੇਤਰ ’ਚ 24% ਦਾ ਵਾਧਾ ਹੋਇਆ ਹੈ ਅਤੇ ਇਹ 2023 ਦੇ ਕੁੱਲ ਨਾਲੋਂ ਛੇ ਪ੍ਰਤੀਸ਼ਤ ਵੱਧ ਗਿਆ ਹੈ। ਵੱਡੀ ਗਿਣਤੀ ’ਚ ਭਾਰਤੀ ਵਿਦਿਆਰਥੀਆਂ ਨੇ ਐਪਲਾਈ ਕੀਤਾ ਹੈ।ਸਾਇਮੰਡਜ਼ ਮੁਤਾਬਿਕ, “ਜਨਵਰੀ ਤੋਂ ਅਗਸਤ 2024 ਦਰਮਿਆਨ 73 ਹਜ਼ਾਰ 535 ਨਾਮਾਂਕਣਾਂ ਦੇ ਨਾਲ ਇਸ ਸਾਲ ਸਿਰਫ਼ ਦੋ ਸੈਸ਼ਨਾਂ ’ਚ ਪਿਛਲੇ ਸਾਲ ਦੇ ਮੁਕਾਬਲੇ ਜ਼ਿਆਦਾ ਦਾਖਲੇ ਹੋਏ ਹਨ। ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਦਾਖਲੇ ’ਚ ਇਹ ਮਜ਼ਬੂਤ ਵਾਧਾ ਉਚ-ਗੁਣਵੱਤਾ ਵਾਲੀ ਸਿੱਖਿਆ ਲਈ ਨਿਊ ਜ਼ੀਲੈਂਡ ਦੀ ਵਿਸ਼ਵਵਿਆਪੀ ਪ੍ਰਤਿਸ਼ਠਾ ਦਾ ਪ੍ਰਮਾਣ ਹੈ। ਸਾਇਮੰਡਜ਼ ਮੁਤਾਬਿਕ ਇਹ ਵਿਦਿਆਰਥੀ ਨਾ ਸਿਰਫ਼ ਸਾਡੇ ਕੈਂਪਸ ਨੂੰ ਅਮੀਰ ਬਣਾਉਂਦੇ ਹਨ ਸਗੋਂ ਦੇਸ਼ ਭਰ ’ਚ ਨੌਕਰੀਆਂ, ਸਥਾਨਕ ਕਾਰੋਬਾਰਾਂ ਅਤੇ ਭਾਈਚਾਰਿਆਂ ’ਚ ਯੋਗਦਾਨ ਪਾਉਂਦੇ ਹੋਏ ਸਾਡੀ ਆਰਥਿਕਤਾ ਨੂੰ ਵੀ ਮਹੱਤਵਪੂਰਣ ਤੌਰ ’ਤੇ ਹੁਲਾਰਾ ਦਿੰਦੇ ਹਨ।” ਸਾਇਮੰਡਜ਼ ਨੇ ਅੱਗੇ ਕਿਹਾ ਕਿ ਨਿਊ ਜ਼ੀਲੈਂਡ ਦੀਆਂ ਯੂਨੀਵਰਸਿਟੀਆਂ ’ਚ ਅੰਤਰਰਾਸਟਰੀ ਵਿਦਿਆਰਥੀਆਂ ਦੇ ਦਾਖਲੇ ’ਚ 14% ਅਤੇ ਸਕੂਲਾਂ ’ਚ 33% ਵਾਧਾ ਹੋਇਆ ਹੈ। ਸਾਇਮੰਡਜ਼ ਮੁਤਾਬਿਕ, “ਯੂਨੀਵਰਸਟੀਆਂ ਅਤੇ ਸਕੂਲ ਵਿਕਾਸ ਕਰ ਰਹੇ ਹਨ। ਯੂਨੀਵਰਸਿਟੀਆਂ 31,345 ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਦਾਖਲ ਕਰ ਰਹੀਆਂ ਹਨ ਜੋ ਕਿ 14 ਪ੍ਰਤੀਸ਼ਤ ਵਾਧਾ ਹੈ ਅਤੇ ਸਕੂਲਾਂ ’ਚ 33% ਦਾ ਵਾਧਾ ਹੋਇਆ ਹੈ ਜੋ 16, 815 ਵਿਦਿਆਰਥੀ ਹਨ ਜਿਸ ’ਚ ਪ੍ਰਾਇਮਰੀ ਸਕੂਲਾਂ ਦੇ ਦਾਖਲਿਆਂ ’ਚ 69% ਵਾਧਾ ਸ਼ਾਮਿਲ ਹੈ। ਉਸ ਨੇ ਦੱਸਿਆ, “ਫ਼ੰਡ ਪ੍ਰਾਪਤ ਪ੍ਰਾਈਵੇਟ ਸਿਖਲਾਈ ਅਦਾਰੇ ਵੀ ਪਿਛਲੇ ਸਾਲ 80% ਵਧੇ ਹਨ।” ਸਾਇਮੰਡਜ਼ ਨੇ ਅੱਗੇ ਦੱਸਿਆ, “ਨਾਮਾਂਕਣ ਰਾਸ਼ਟਰੀ ਰਿਕਵਰੀ ਦੇ ਨਾਲ-ਨਾਲ 2023 ਤੋਂ ਮਹੱਤਵਪੂਰਣ ਖੇਤਰੀ ਲਾਭ ਵੀ ਦਰਸਾਉਂਦੇ ਹਨ। ਗਿਸਬੋਰਨ ਨੇ 126% ਦੇ ਵਾਧੇ ਦੇ ਨਾਲ ਸ਼ਾਨਦਾਰ ਵਾਧਾ ਦਰਜ ਕੀਤਾ ਹੈ, ਮਾਰਲਬਰੋ ’ਚ 45% ਦਾ, ਹਾਕਸ ਬਏ ’ਚ 28% ਦਾ ਅਤੇ ਵਾਈਕਾਟੋ ’ਚ 26% ਦਾ ਵਾਧਾ ਹੋਇਆ।”

ਨਿਊ ਜ਼ੀਲੈਂਡ ’ਚ ਅੰਤਰਰਾਸ਼ਟਰੀ ਵਿਦਿਆਰਥੀ ਵਿਭਿੰਨ ਦੇਸ਼ਾਂ ਤੋਂ ਹਨ ਜਿਨ੍ਹਾਂ ’ਚ ਭਾਰਤ ਅਤੇ ਚੀਨ ਦੇ ਵਿਦਿਆਰਥੀਆਂ ਦੀ ਗਿਣਤੀ ਸਭ ਤੋਂ ਵੱਧ ਹੈ। ਸਾਇਮੰਡਜ਼ ਨੇ ਅੱਗੇ ਦੱਸਿਆ, “ਸਰੋਤ ਬਾਜ਼ਾਰਾਂ ’ਚ ਵਿਭਿੰਨਤਾ ਸਾਡੇ ਸਿੱਖਿਆ ਖੇਤਰ ਨੂੰ ਮਜ਼ਬੂਤ ਕਰਦੀ ਹੈ ਜਦੋਂ ਕਿ ਚੀਨ ਅਤੇ ਭਾਰਤ ਮੋਹਰੀ ਹਨ।

# ਸ਼ਹੀਦੀ ਸਭਾ ਦੌਰਾਨ ਤਾਇਨਾਤ ਕੀਤੇ ਜਾਣਗੇ ਕਰੀਬ 04 ਹਜ਼ਾਰ ਪੁਲੀਸ ਮੁਲਾਜ਼ਮ ਤੇ ਅਧਿਕਾਰੀ: ਹਰਚਰਨ ਸਿੰਘ ਭੁੱਲਰ

## ਡੀ.ਆਈ.ਜੀ., ਰੂਪਨਗਰ ਰੇਂਜ ਅਤੇ ਐਸ.ਐਸ.ਪੀ ਨੇ ਬੱਚਤ ਭਵਨ ਵਿਖੇ ਸ਼ਹੀਦੀ ਸਭਾ ਦੀਆਂ ਤਿਆਰੀਆਂ ਨੂੰ ਲੈ ਕੇ ਪੁਲਿਸ ਅਧਿਕਾਰੀਆਂ ਨਾਲ ਕੀਤੀ ਮੀਟਿੰਗ

**ਫਤਹਿਗੜ੍ਹ ਸਾਹਿਬ, 16 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡੀ.ਆਈ.ਜੀ., ਰੂਪਨਗਰ ਰੇਂਜ, ਸ. ਹਰਚਰਨ ਸਿੰਘ ਭੁੱਲਰ ਅਤੇ ਐਸ.ਐਸ.ਪੀ ਡਾ. ਰਵਜੋਤ ਗਰੇਵਾਲ ਨੇ ਬੱਚਤ ਭਵਨ ਵਿਖੇ ਸ਼ਹੀਦੀ ਸਭਾ ਦੀਆਂ ਤਿਆਰੀਆਂ ਨੂੰ ਲੈ ਕੇ ਪੁਲੀਸ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਅਤੇ ਅਧਿਕਾਰੀਆਂ ਤੇ ਮੁਲਾਜ਼ਮਾਂ ਨੂੰ ਆਪਣੀ ਡਿਊਟੀ ਪੂਰੀ ਤਨਦੇਹੀ ਅਤੇ ਸ਼ਰਧਾ ਭਾਵਨਾ ਨਾਲ ਨਿਭਾਉਣ ਲਈ ਕਿਹਾ।



ਪੁਲੀਸ ਵਿਭਾਗ ਵੱਲੋਂ ਕਰੀਬ 04 ਹਜ਼ਾਰ ਦੇ ਕਰੀਬ ਪੁਲੀਸ ਮੁਲਾਜ਼ਮ ਤੇ ਅਧਿਕਾਰੀ ਤਾਇਨਾਤ ਕੀਤੇ ਜਾਣਗੇ। ਇਸ ਦੇ ਨਾਲ-ਨਾਲ ਵੱਖੋ-ਵੱਖ ਸਮਾਜ ਸੇਵੀ ਸੰਸਥਾਵਾਂ ਤੇ ਵਲੰਟੀਅਰਾਂ ਦੀ ਸੇਵਾਵਾਂ ਵੀ ਸ਼ਹੀਦੀ ਸਭਾ ਦੇ ਪ੍ਰਬੰਧਾਂ ਲਈ ਲਈਆਂ ਜਾਣਗੀਆਂ। ਇਸ ਮੌਕੇ ਸ਼ਹੀਦੀ ਸਭਾ ਦੌਰਾਨ ਸੰਗਤ ਦੀ ਸਹੂਲਤ ਲਈ ਕੀਤੇ ਜਾਣ ਵਾਲੇ ਟਰੈਫਿਕ ਦੇ ਬਦਲਵੇਂ ਰੂਟਾਂ ਬਾਰੇ ਵੀ ਵਿਸਥਾਰ ਵਿੱਚ ਚਰਚਾ ਕੀਤੀ ਗਈ।

ਸ. ਭੁੱਲਰ ਨੇ ਦੱਸਿਆ ਕਿ ਸੰਗਤ ਦੀ ਸਹੂਲਤ ਲਈ ਚਲਾਈ ਜਾਂਦੀ ਸ਼ਟਲ ਬੱਸ ਸੇਵਾ ਦੇ ਘੇਰੇ ਵਿੱਚ ਇਸ ਵਾਰ ਵਾਧਾ ਕੀਤਾ ਜਾਵੇਗਾ ਅਤੇ ਇਹਨਾਂ ਬੱਸਾਂ ਵਿੱਚ ਚੜ੍ਹਨ ਤੇ ਉਤਰਨ ਲਈ ਇਸ ਵਾਰ 04 ਦੀ ਥਾਂ 08 ਪੁਆਇੰਟ ਬਣਾਏ ਜਾਣਗੇ। ਉਹਨਾਂ ਨੇ ਦੱਸਿਆ ਕਿ ਪੁਲੀਸ ਸਹਾਇਤਾ ਕੇਂਦਰ ਵੀ ਬਣਾਏ ਜਾਣਗੇ ਤੇ ਫੋਰਸ ਦੇ ਰਹਿਣ ਵਾਸਤੇ ਵਧੀਆ ਪ੍ਰਬੰਧ ਕੀਤੇ ਜਾਣਗੇ।

ਇਸ ਦੇ ਨਾਲ-ਨਾਲ ਜਿਹੜੇ ਪੁਲੀਸ ਅਧਿਕਾਰੀਆਂ ਤੇ ਮੁਲਾਜ਼ਮਾਂ ਨੇ ਪਿਛਲੇ ਸਾਲਾਂ ਦੌਰਾਨ ਸ਼ਹੀਦੀ ਸਭਾ ਮੌਕੇ ਸੇਵਾਵਾਂ ਨਿਭਾਈਆਂ ਹਨ, ਉਹਨਾਂ ਦੀ ਡਿਊਟੀ ਵੀ ਉਚੇਚੇ ਤੌਰ ਉੱਤੇ ਲਗਵਾਈ ਜਾਵੇਗੀ।

ਡੀ.ਆਈ.ਜੀ. ਨੇ ਲੰਗਰ ਲਾਉਣ ਵਾਲੇ ਪ੍ਰਬੰਧਕਾਂ ਨੂੰ ਅਪੀਲ ਕੀਤੀ ਕਿ ਲੰਗਰ ਸੜਕਾਂ ਤੋਂ ਪਿੱਛੇ ਹਟ ਕੇ ਲਗਾਏ ਜਾਣ ਤਾਂ ਜੋ ਸੰਗਤ ਦੀ ਆਵਾਜਾਈ ਵਿੱਚ ਕੋਈ ਵਿਘਨ ਨਾ ਪਵੇ। ਇਸ ਦੇ ਨਾਲ-ਨਾਲ ਉਹਨਾਂ ਨੇ ਪੁਲੀਸ ਮੁਲਾਜ਼ਮਾਂ ਨੂੰ ਹਦਾਇਤ ਕੀਤੀ ਕਿ ਆਉਣ ਵਾਲੀ ਸੰਗਤ ਨਾਲ ਪੂਰੀ ਨਿਮਰਤਾ ਤੇ ਪਿਆਰ ਨਾਲ ਗੱਲਬਾਤ ਕੀਤੀ ਜਾਵੇ।

ਉਹਨਾਂ ਨੇ ਸੰਗਤ ਨੂੰ ਅਪੀਲ ਕੀਤੀ ਕਿ ਪੁਲੀਸ ਨੂੰ ਸਹਿਯੋਗ ਦਿੱਤਾ ਜਾਵੇ। ਪੁਲੀਸ ਸੰਗਤ ਦੀ ਸੇਵਾ ਵਿੱਚ ਹਰ ਪਲ ਹਾਜ਼ਰ ਹੈ।

# ਭੁਪਿੰਦਰ ਸਿੰਘ ਭੂਪਾ ਸਰਵ ਸੰਮਤੀ ਨਾਲ ਰਿਆਸਤ ਏ ਨਾਭਾ ਪ੍ਰੈਸ ਕਲੱਬ ਦੇ ਪ੍ਰਧਾਨ ਚੁਣੇ ਗਏ



**ਨਾਭਾ, 16 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਰਿਆਸਤੀ ਹਲਕਾ ਨਾਭਾ ਵਿਖੇ ਸਮੂਹ ਪੱਤਰਕਾਰ ਭਾਈਚਾਰੇ ਦੀ ਵਿਸ਼ੇਸ਼ ਇਕੱਤਰਤਾ ਸਥਾਨਕ ਪੀ.ਡਬਲਿਉ.ਡੀ. ਰੈਸਟ ਹਾਉਸ ਵਿਖੇ ਰੱਖੀ ਗਈ ਜਿਸ ਵਿੱਚ ਹਲਕੇ ਦੇ ਇਲੈਕਟ੍ਰਾਨਿਕ ਅਤੇ ਪ੍ਰਿੰਟਿੰਗ ਪ੍ਰੈਸ ਨਾਲ ਜੁੜੇ ਅੱਧੀ ਦਰਜਨ ਦੇ ਲਗਭਗ ਪ੍ਰੈਸ ਕਲੱਬਾ ਨੇ ਏਕੇ ਦਾ ਐਲਾਨ ਕਰਦਿਆਂ ਸਾਂਝੀ ਇਕੱਤਰਤਾ ਨੂੰ ਅੱਗੇ ਵਧਾਉਣ ਦਾ ਅਹਿਦ ਲਿਆ। ਇਕੱਤਰਤਾ ਦੌਰਾਨ ਹਲ਼ਕੇ ਦੇ ਸਮੂਹ ਪੱਤਰਕਾਰਾ ਵੱਲੋ ਪੇਸ਼ ਆ ਰਹੀਆਂ ਸਮੱਸਿਆਵਾਂ ਸੰਬੰਧੀ ਵਿਚਾਰਾਂ ਕੀਤੀਆਂ। ਇਸ ਮੌਕੇ ਨਵੇ ਸਥਾਪਿਤ ਰਿਆਸਤ ਏ ਨਾਭਾ ਪ੍ਰੈਸ ਕਲੱਬ ਦਾ ਗਠਨ ਕੀਤਾ ਅਤੇ ਨਵ-ਗਠਿਤ ਪ੍ਰੈਸ ਕਲੱਬ ਸਰਵਸੰਮਤੀ ਨਾਲ ਸਾਲਾਨਾ ਚੋਣ ਕਰਵਾਈ ਗਈ। ਜਾਣਕਾਰੀ ਅਨੁਸਾਰ ਭੁਪਿੰਦਰ ਸਿੰਘ ਭੂਪਾ ਨੂੰ ਪ੍ਰਧਾਨ, ਜਗਨਾਰ ਸਿੰਘ ਦੁਲੱਦੀ ਨੂੰ ਉਪ-ਪ੍ਰਧਾਨ, ਮੁੱਖ ਸਲਾਹਕਾਰ ਯਾਦਵਿੰਦਰ ਗਰਗਸ, ਜਰਨਲ ਸਕੱਤਰ ਸੰਜੀਵ ਕੁਮਾਰ, ਬ੍ਰਿਜ ਖੁਰਾਣਾ ਨੂੰ ਚੇਅਰਮੈਨ, ਸਹਾਇਕ ਸਕੱਤਰ ਰਾਕੇਸ਼ ਜਿੰਦਲ, ਖਜਾਨਚੀ ਅਮਨਦੀਪ ਸਿੰਘ ਲਵਲੀ, ਪ੍ਰੈਸ ਸਕੱਤਰ ਵਰਿੰਦਰ ਵਰਮਾ ਅਤੇ ਬਤੌਰ ਕਾਨੂੰਨੀ ਸਲਾਹਕਾਰ ਤਰੁਣ ਕੁਮਾਰ ਸ਼ਰਮਾ (ਐਡਵੋਕੇਟ) ਦੀ ਚੋਣ ਕੀਤੀ ਗਈ।

ਇਸ ਦੇ ਨਾਲ ਹੀ ਕਾਰਜਕਾਰੀ ਮੈਂਬਰ ਭੁਪਿੰਦਰ ਸਿੰਘ ਕਾਕਾ, ਮੋਹਿਤ ਸਿੰਗਲਾ, ਬਲਜਿੰਦਰ ਸਿੰਘ ਮਾਨ, ਰਾਹੁਲ ਖੁਰਾਨਾ, ਡਿੰਪਲ ਸ਼ਰਮਾ, ਗੁਰਮੁਖ ਸਿੰਘ ਭੋਜੋਮਾਜਰੀ, ਸੁਰਿੰਦਰ ਕੁਮਾਰ ਸ਼ਰਮਾ, ਅਮਨ ਗਰਗ, ਅੰਮ੍ਰਿਤਪਾਲ ਸਿੰਘ ਭੋਕੀ, ਗੁਰਤੇਜ ਸਿੰਘ ਬੂਹੀ , ਦੀਪਕ ਸ਼ੋਰੀ , ਅਵਤਾਰ ਸਿੰਘ ਧਰਮਸੋਤ, ਅਮਨਦੀਪ ਸਿੰਘ ਮਾਝਾ ਅਤੇ ਅਵਤਾਰ ਸਿੰਘ ਧਾਲੀਵਾਲ ਨੂੰ ਚੁਣਿਆ ਗਿਆ ਹੈ। ਇਸ ਮੌਕੇ ਆਪਣੇ ਵਿਚਾਰ ਸਾਂਝੇ ਕਰਦਿਆਂ ਨਵ-ਗਠਿਤ ਰਿਆਸਤ ਏ ਪ੍ਰੈਸ ਕਲੱਬ ਦੇ ਪ੍ਰਧਾਨ ਭੁਪਿੰਦਰ ਸਿੰਘ ਭੂਪਾ ਨੇ ਕਿਹਾ ਕਿ ਮੌਜੂਦਾ ਸਮੇਂ ਲੋਕਤੰਤਰ ਦੇ ਚੋਥੇ ਥੰਮ੍ਹ ਪ੍ਰੈਸ ਦੀ ਏਕਤਾ ਸਮੇਂ ਦੀ ਮੰਗ ਅਨੁਸਾਰ ਅਤਿ ਜਰੂਰੀ ਹੈ। ਉਨ੍ਹਾਂ ਹਲਕੇ ਦੇ ਸਮੂਹ ਪੱਤਰਕਾਰ ਭਾਈਚਾਰੇ ਨੂੰ ਇਤਿਹਾਸਿਕ ਏਕਤਾ ਕਰਨ ਲਈ ਵਧਾਈ ਦਿੰਦਿਆਂ ਕਿਹਾ ਨਵੀਂ ਚੁਣੀ ਗਈ ਟੀਮ ਈਮਾਨਦਾਰੀ ਨਾਲ ਤਨੋ-ਮਨੋ ਸੇਵਾ ਲਈ ਦਿਨ ਰਾਤ ਕੰਮ ਕਰੇਗੀ। ਉਨ੍ਹਾਂ ਕਿਹਾ ਰਿਆਸਤ ਏ ਨਾਭਾ ਪ੍ਰੈਸ ਕਲੱਬ ਪੱਤਰਕਾਰੀ ਨੂੰ ਪੇਸ਼ ਆ ਰਹੀ ਸਮੱਸਿਆ ਦੇ ਨਾਲ ਸਮਾਜ ਭਲਾਈ ਦੇ ਕੰਮਾਂ ਨੂੰ ਤਰਜੀਹ ਦੇਣਗੇ। ਨਵ-ਗਠਿਤ ਪ੍ਰੈਸ ਕਲੱਬ ਦੇ ਸਮੂਹ ਮੈਬਰਾਂ ਵੱਲੋ ਮੀਟਿੰਗ ਦੌਰਾਨ ਆਉਣ ਵਾਲੇ ਸਮੇਂ ਦੀਆਂ ਗਤੀਵਿਧੀਆਂ ਲਈ ਅਹਿਮ ਫੈਸਲੇ ਵੀ ਲਏ

# 'ਇੱਕ ਦੇਸ਼, ਇੱਕ ਚੋਣ' ਤੋਂ ਪਹਿਲਾਂ 'ਇੱਕ ਦੇਸ਼, ਇੱਕ ਸਿੱਖਿਆ ਤੇ ਇੱਕ ਸਿਹਤ ਪ੍ਰਣਾਲੀ' ਨੂੰ ਯਕਾਨੀ ਬਣਾਏ ਕੇਂਦਰ: ਭਗਵੰਤ ਸਿੰਘ ਮਾਨ

## ਕੇਂਦਰ ਸਰਕਾਰ ਦੀ ਇਹ ਚਾਲ ਸਿਆਸਤ ਤੋਂ ਪ੍ਰੇਰਿਤ, ਜਿਸਦਾ ਲੋਕ ਭਲਾਈ ਨਾਲ ਕੋਈ ਲਾਗਾ-ਦੇਗਾ ਨਹੀਂ

**ਚੰਡੀਗੜ੍ਹ, 16 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਇਥੇ ਕਿਹਾ ਕਿ 'ਇੱਕ ਦੇਸ਼, ਇੱਕ ਚੋਣ' ਤੋਂ ਪਹਿਲਾਂ ਕੇਂਦਰ ਸਰਕਾਰ ਨੂੰ 'ਇੱਕ ਦੇਸ਼, ਇੱਕ ਸਿੱਖਿਆ ਅਤੇ ਇੱਕ ਦੇਸ਼ ਇੱਕ ਸਿਹਤ ਪ੍ਰਣਾਲੀ' ਨੂੰ ਯਕੀਨੀ ਬਣਾਉਣਾ ਚਾਹੀਦਾ ਹੈ।

ਅੱਜ ਇੱਥੇ ਸੰਸਦ ਭਵਨ ਦੇ ਬਾਹਰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਹੈਰਾਨੀ ਦੀ ਗੱਲ ਹੈ ਕਿ ਮੋਦੀ ਸਰਕਾਰ ਦੇਸ਼ ਵਿੱਚ 'ਇੱਕ ਦੇਸ਼, ਇੱਕ ਸਿੱਖਿਆ' ਅਤੇ 'ਇੱਕ ਦੇਸ਼ ਇੱਕ ਇਲਾਜ ਪ੍ਰਣਾਲੀ' ਲਾਗੂ ਕਰਨ ਦੀ ਬਜਾਏ 'ਇੱਕ ਦੇਸ਼, ਇੱਕ ਚੋਣ' ਦੇ ਅਮਲ ਨੂੰ ਲਾਗੂ ਕਰਨ ਲਈ ਤਤਪਰ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਜਾਣਬੁੱਝ ਕੇ ਇਹ ਚਾਲ ਚੱਲ ਰਹੀ ਹੈ ਕਿਉਂਕਿ ਜਿੱਥੇ 'ਇੱਕ ਦੇਸ਼, ਇੱਕ ਸਿੱਖਿਆ' ਅਤੇ 'ਇੱਕ ਦੇਸ਼, ਇੱਕ ਇਲਾਜ ਪ੍ਰਣਾਲੀ' ਨੂੰ ਲਾਗੂ ਕਰਨ ਨਾਲ ਸਮੁੱਚੇ ਦੇਸ਼ ਦੀ ਜਨਤਾ ਨੂੰ ਲਾਭ ਹੋਵੇਗਾ, ਉਥੇ 'ਇੱਕ ਦੇਸ਼, ਇੱਕ ਚੋਣ' ਦੇ ਅਮਲ ਨੂੰ ਲਾਗੂ ਕਰਨ ਨਾਲ ਭਗਵਾਂ ਪਾਰਟੀ ਦੇ ਸਿਆਸੀ ਮਨਸੂਬੇ ਪੂਰੇ ਹੋਣਗੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਬਹੁਤ ਮੰਦਭਾਗੀ ਗੱਲ ਹੈ ਕਿ ਮੋਦੀ ਸਰਕਾਰ ਲੋਕ ਭਲਾਈ ਦੀ ਬਜਾਏ ਆਪਣੀ ਭਲਾਈ ਨੂੰ ਯਕੀਨੀ ਬਣਾਉਣ ਲਈ ਕਾਹਲੀ ਹੈ। ਉਨ੍ਹਾਂ ਕਿਹਾ ਕਿ ਇਹ ਇੱਕ ਤਾਨਾਸ਼ਾਹੀ ਰਵੱਈਆ ਹੈ, ਜੋ ਖੇਤਰੀ



ਪਾਰਟੀਆਂ ਅਤੇ ਰਾਜਾਂ ਦੇ ਹਿੱਤ ਵਿੱਚ ਨਹੀਂ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਮਹਾਨ ਗੁਰੂਆਂ, ਸੰਤਾਂ-ਮਹਾਂਪੁਰਸ਼ਾਂ ਅਤੇ ਪੀਰਾਂ-ਪੈਗ਼ਬਰਾਂ ਦੀ ਪਵਿੱਤਰ ਧਰਤੀ ਹੈ, ਜਿਨ੍ਹਾਂ ਨੇ ਸਾਨੂੰ ਆਪਸੀ ਪਿਆਰ ਅਤੇ ਸਹਿਣਸ਼ੀਲਤਾ ਦਾ ਮਾਰਗ ਦਿਖਾਇਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਅਕਾਲੀ ਆਗੂ ਸੁਖਬੀਰ ਸਿੰਘ ਬਾਦਲ 'ਤੇ ਗੋਲੀ ਚਲਾਉਣ ਦੀ ਮੰਦਭਾਗੀ ਘਟਨਾ ਦੀ ਪਹਿਲਾਂ ਹੀ ਜਾਂਚ ਕਰ ਰਹੀ ਹੈ ਅਤੇ ਜਲਦ ਹੀ ਇਸ ਸਾਜ਼ਿਸ਼ ਦਾ ਪਰਦਾਫ਼ਾਸ਼ ਹੋ ਜਾਵੇਗਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਨੇ ਕਈ ਕਾਰਨਾਂ, ਜਿੰਨੇ ਬਾਰੇ ਉਨ੍ਹਾਂ ਨੂੰ ਹੀ ਬਿਹਤਰ ਪਤਾ ਹੈ, ਦਾ ਹਵਾਲਾ ਦੇ ਕੇ ਸ੍ਰੀ ਹਰਮਿੰਦਰ ਸਾਹਿਬ ਕੰਪਲੈਕਸ ਦੀ ਸੀ.ਸੀ.ਟੀ.ਵੀ. ਫੁਟੇਜ ਦੇਣ ਤੋਂ ਇਨਕਾਰ ਕੀਤਾ ਅਤੇ ਪੰਜਾਬ ਪੁਲਿਸ ਨੂੰ ਜਾਂਚ ਵਿੱਚ ਸਹਿਯੋਗ ਨਹੀਂ ਦਿੱਤਾ। ਉਨ੍ਹਾਂ ਕਿਹਾ ਕਿ ਕਿ ਹੁਣ ਜਦੋਂ ਫੁਟੇਜ ਪ੍ਰਾਪਤ ਹੋ ਗਈ ਹੈ ਤਾਂ ਜਾਂਚ ਵਿੱਚ ਤੇਜ਼ੀ ਲਿਆਂਦੀ ਜਾਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਬਹੁਤ ਹੀ ਮਾਣ ਅਤੇ ਤਸੱਲੀ ਵਾਲੀ ਗੱਲ ਹੈ ਕਿ ਉਨ੍ਹਾਂ ਦੀ ਪਾਰਟੀ ਨੂੰ ਸੰਸਦ ਭਵਨ ਵਿੱਚ ਦਫ਼ਤਰ ਮਿਲਿਆ ਹੈ। ਉਨ੍ਹਾਂ ਨੇ ਦੇਸ਼ ਦੀ ਸੰਸਦ ਵਿੱਚ ਸੰਸਦ ਮੈਂਬਰ ਵਜੋਂ ਆਪਣੇ ਕਾਰਜਕਾਲ ਨੂੰ ਚੇਤੇ ਕਰਦਿਆਂ ਕਿਹਾ ਕਿ ਇਸ ਪਲੇਟਫਾਰਮ ਦੀ ਵਰਤੋਂ ਲੋਕ ਹਿੱਤਾਂ ਦੇ ਮੁੱਦਿਆਂ ਨੂੰ ਢੁਕਵੇਂ ਢੰਗ ਨਾਲ ਉਠਾਉਣ ਲਈ ਕੀਤੀ ਜਾਣੀ ਚਾਹੀਦੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਕੇਂਦਰ ਸਰਕਾਰ ਨੂੰ ਵਡੇਰੇ ਲੋਕ ਹਿੱਤ ਵਿੱਚ ਵਿਰੋਧੀ ਧਿਰ ਦੇ ਆਗੂਆਂ ਨੂੰ ਸੰਸਦ ਵਿੱਚ ਜਨਤਕ ਮੁੱਦੇ ਉਠਾਉਣ ਦੀ ਇਜਾਜ਼ਤ ਦੇਣੀ ਚਾਹੀਦੀ ਹੈ।

# ਪੰਜਾਬੀ ਭਾਸ਼ਾ ਤੇ ਸੱਭਿਆਚਾਰ ਨੂੰ ਲੱਗਿਆ ਖੋਰਾ: ਖੁੱਡੀਆਂ

## ਪੰਜਾਬੀ ਯੂਨੀਵਰਸਿਟੀ ਵਿੱਚ ਕੌਮਾਂਤਰੀ ਪੰਜਾਬ ਵਿਕਾਸ ਕਾਨਫ਼ਰੰਸ ਸਮਾਪਤ



ਕੌਮਾਂਤਰੀ ਪੰਜਾਬ ਵਿਕਾਸ ਕਾਨਫ਼ਰੰਸ ਦੇ ਸਮਾਪਤੀ ਸਮਾਰੋਹ ਨੂੰ ਸੰਬੋਧਨ ਕਰਦੇ ਹੋਏ ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ।

**ਪਟਿਆਲਾ, 16 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਯੂਨੀਵਰਸਿਟੀ ਵਿੱਚ 36ਵੀਂ ਕੌਮਾਂਤਰੀ ਪੰਜਾਬ ਵਿਕਾਸ ਕਾਨਫ਼ਰੰਸ ਅੱਜ ਸਮਾਪਤ ਹੋ ਗਈ। ਸਮਾਪਤੀ ਸਮਾਰੋਹ ਨੂੰ ਸੰਬੋਧਨ ਕਰਦਿਆਂ ਖੇਤੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਕਿਹਾ ਕਿ ਪੰਜਾਬ ਸਰਕਾਰ ਸੂਬੇ ਨਾਲ ਸਬੰਧਤ ਬੁਨਿਆਦੀ ਮੁੱਦਿਆਂ ਨਾਲ ਨਜਿੱਠਣ ਲਈ ਹਰ ਸੰਭਵ ਯਤਨ ਕਰ ਰਹੀ ਹੈ ਅਤੇ ਪੰਜਾਬੀ ਯੂਨੀਵਰਸਿਟੀ ਤੇ ਸੂਬੇ ਦੀਆਂ ਹੋਰ ਸੰਸਥਾਵਾਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਅਸੀਂ ਵਿਰਾਸਤ ਤੇ ਮਰਿਆਦਾ ਨੂੰ ਆਪਣੇ ਸਾਹਮਣੇ ਰੱਖ ਕੇ ਹੀ ਅੱਗੇ ਵਧ ਸਕਦੇ ਹਾਂ ਅਤੇ ਇਸ ਸਬੰਧ ਵਿੱਚ ਸਾਨੂੰ ਆਪਣੇ ਮਹਾਨ ਇਤਿਹਾਸ ਤੋਂ ਜਾਣੂ ਹੋਣਾ ਚਾਹੀਦਾ ਹੈ। ਵਰਤਮਾਨ ਸਮੇਂ ਪਦਾਰਥਵਾਦੀ ਜੀਵਨ ਜਾਚ ਨੇ ਜ਼ੋਰ ਫੜ ਲਿਆ ਹੈ ਤੇ ਅਸੀਂ ਆਪਣੀ ਮਹਾਨ ਵਿਰਾਸਤ ਨੂੰ ਪਿੱਛੇ ਛੱਡਦੇ ਜਾ ਰਹੇ ਹਾਂ। ਗੁਰੂ ਨਾਨਕ ਦੇਵ ਜੀ ਵੱਲੋਂ ਦਰਸਾਈ ਗਈ ਜੀਵਨ ਸ਼ੈਲੀ ਨੂੰ ਅਪਣਾ ਕੇ ਹੀ ਅਸੀਂ ਆਪਣੀਆਂ ਸਮੱਸਿਆਵਾਂ ਤੋਂ ਛੁਟਕਾਰਾ ਪਾ ਸਕਦੇ ਹਾਂ। ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਨੂੰ ਵੱਖ-ਵੱਖ ਪਾਸਿਆਂ ਤੋਂ ਖੋਰਾ ਲੱਗ ਰਿਹਾ ਹੈ, ਜਿਸ ਕਰਕੇ ਸਾਨੂੰ ਗੰਭੀਰ ਯਤਨ ਕਰਨੇ ਚਾਹੀਦੇ ਹਨ।

ਪੰਜਾਬ ਸੀਡ ਕਾਰਪੋਰੇਸ਼ਨ ਦੇ ਚੇਅਰਮੈਨ ਮਹਿੰਦਰ ਸਿੰਘ ਸਿੱਧੂ ਸਣੇ ਉੱਘੇ ਵਿਦਵਾਨ ਅਮਰਜੀਤ ਸਿੰਘ ਗਰੇਵਾਲ ਅਤੇ ਉੱਘੇ ਸਾਹਿਤਕਾਰ ਸਵਰਨਜੀਤ ਸਵੀ ਨੇ ਵੀ ਵਿਚਾਰ ਪੇਸ਼ ਕੀਤੇ। ਡੀਨ ਅਕਾਦਮਿਕ ਪ੍ਰੋਫੈਸਰ ਨਰਿੰਦਰ ਕੌਰ ਮੁਲਤਾਨੀ ਅਤੇ ਰਜਿਸਟਰਾਰ ਪ੍ਰੋ. ਸੰਜੀਵ ਪੁਰੀ ਨੇ ਕਾਨਫ਼ਰੰਸ ਦੀ ਮਹੱਤਤਾ ਬਾਰੇ ਗੱਲਬਾਤ ਕੀਤੀ। ਇਸ ਮੌਕੇ ਵਧੀਕ ਡੀਨ ਖੋਜ ਪ੍ਰੋ. ਮੁਕੇਸ਼ ਠੱਕਰ ਅਤੇ ਡੀਨ ਭਾਸ਼ਾਵਾਂ ਪ੍ਰੋ. ਬਲਵਿੰਦਰ ਕੌਰ ਸਿੱਧੂ ਨੇ ਕਾਨਫ਼ਰੰਸ ਬਾਰੇ ਆਪਣੇ ਵਿਚਾਰ ਪ੍ਰਗਟਾਏ। ਪੰਜਾਬੀ ਭਾਸ਼ਾ ਵਿਕਾਸ ਵਿਭਾਗ ਦੇ ਮੁਖੀ ਡਾ. ਪਰਮਿੰਦਰਜੀਤ ਕੌਰ ਨੇ ਦੱਸਿਆ ਕਿ ਕਾਨਫ਼ਰੰਸ ਦੌਰਾਨ ਚੱਲੇ ਵੱਖ-ਵੱਖ ਅਕਾਦਮਿਕ ਸੈਸ਼ਨਾਂ ਦੌਰਾਨ 150 ਦੇ ਕਰੀਬ ਖੋਜ ਪੱਤਰ ਪੜ੍ਹੇ ਗਏ।

# ਬਾਗ਼ੀ ਅਕਾਲੀਆਂ ਵੱਲੋਂ ਜਥੇਦਾਰ ਨਾਲ ਮੁਲਾਕਾਤ

## ਅਕਾਲੀ ਦਲ ਦੀ ਮਜ਼ਬੂਤੀ ਅਤੇ ਏਕਤਾ ਲਈ ਕੰਮ ਕਰਨ ਦਾ ਦਿੱਤਾ ਭਰੋਸਾ



ਜਥੇਦਾਰ ਨੂੰ ਮਿਲਣ ਮਗਰੋਂ ਅਕਾਲ ਤਖ਼ਤ ਤੋਂ ?ਪਿਰਤਦੇ ਹੋਏ ਬਾਗ਼ੀ ਅਕਾਲੀ ਆਗੂ।

**ਅੰਮ੍ਰਿਤਸਰ, 16 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ' ਨੂੰ ਭੰਗ ਕਰਨ ਤੋਂ ਬਾਅਦ ਬਾਗੀ ਅਕਾਲੀਆਂ ਦੇ ਧੜੇ ਨੇ ਅੱਜ ਇੱਥੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨਾਲ ਮੁਲਾਕਾਤ ਕੀਤੀ ਅਤੇ ਅਕਾਲੀ ਦਲ ਦੀ ਮਜ਼ਬੂਤੀ ਅਤੇ ਏਕਤਾ ਲਈ ਕੰਮ ਕਰਨ ਦਾ ਭਰੋਸਾ ਦਿੱਤਾ। ਅਕਾਲ ਤਖ਼ਤ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਬਾਗੀ ਧੜੇ ਨੇ 9 ਦਸੰਬਰ ਨੂੰ 'ਤਨਖਾਹ' ਪੂਰੀ ਹੋਣ ਤੋਂ ਬਾਅਦ ਆਪਣੀ ਜਥੇਬੰਦੀ ਨੂੰ ਅਧਿਕਾਰਤ ਤੌਰ 'ਤੇ ਭੰਗ ਕਰ ਦਿੱਤਾ ਸੀ।

ਜਥੇਦਾਰ ਨੂੰ ਮਿਲਣ ਮਗਰੋਂ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੇ ਸਾਬਕਾ ਪ੍ਰਧਾਨ ਗੁਰਪ੍ਰਤਾਪ ਸਿੰਘ ਵਡਾਲਾ ਨੇ ਕਿਹਾ ਕਿ ਸਾਰਿਆਂ ਨੇ ਅਕਾਲ ਤਖ਼ਤ ਤੋਂ 2 ਦਸੰਬਰ ਨੂੰ ਸੁਣਾਏ ਫੈਸਲੇ ਲਈ ਜਥੇਦਾਰ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਉਹ ਸਾਰੇ ਚਾਹੁੰਦੇ ਹਨ ਕਿ ਬਾਕੀ ਆਗੂ ਵੀ ਸ਼੍ਰੋਮਣੀ ਅਕਾਲੀ ਦਲ ਅਤੇ ਪੰਥਕ ਏਕਤਾ ਲਈ ਇਸ ਦੀ ਪਾਲਣਾ ਕਰਨ। ਉਨ੍ਹਾਂ ਕਿਹਾ ਕਿ ਅਕਾਲ ਤਖ਼ਤ ਵੱਲੋਂ ਬਣਾਈ ਗਈ ਕਮੇਟੀ ਜਲਦੀ ਹੀ ਆਪਣਾ ਕੰਮ ਸ਼ੁਰੂ ਕਰ ਦੇਵੇਗੀ। ਜ਼ਿਕਰਯੋਗ ਹੈ ਕਿ ਅਕਾਲ ਤਖ਼ਤ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਸੱਤ ਮੈਂਬਰੀ ਕਮੇਟੀ ਬਣਾਉਣ ਦਾ ਐਲਾਨ ਕੀਤਾ ਸੀ, ਜਿਸ ਦੀ ਨਿਗਰਾਨੀ ਵਿੱਚ ਸ਼੍ਰੋਮਣੀ ਅਕਾਲੀ ਦਲ ਦੀ ਨਵੀ ਭਰਤੀ ਅਤੇ ਚੋਣ ਦੀ ਪ੍ਰਕਿਰਿਆ ਪੂਰੀ ਹੋਵੇਗੀ। ਸ੍ਰੀ ਵਡਾਲਾ ਵੀ ਕਮੇਟੀ ਦੇ ਮੈਂਬਰਾਂ ਵਿੱਚੋਂ ਇੱਕ ਹਨ। ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਮਤਭੇਦਾਂ ਨੂੰ ਪਾਸੇ ਰੱਖ ਕੇ ਅਕਾਲੀ ਦਲ ਦੀ ਮਜ਼ਬੂਤੀ ਲਈ ਸਮੂਹ ਪੰਥ ਹਿਤੇਸ਼ੀ ਜਥੇਬੰਦੀਆਂ ਵੱਲੋਂ ਹੰਭਲਾ ਮਾਰਨਾ ਸਮੇਂ ਦੀ ਲੋੜ ਹੈ।

# ਵਿੰਦਰ ਦਾ ਕਾਵਿ ਸੰਗ੍ਰਹਿ 'ਤਿੱਖੀਆਂ ਸੂਲਾਂ' ਲੋਕ ਅਰਪਣ



ਕਾਵਿ ਸੰਗ੍ਰਹਿ 'ਤਿੱਖੀਆਂ ਸੂਲਾਂ' ਲੋਕ ਅਰਪਣ ਕਰਦੇ ਹੋਏ ਮੋਹਤਬਰ।

**ਪਟਿਆਲਾ, 16 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਸਾਹਿਤ ਸਭਾ ਪਟਿਆਲਾ ਵੱਲੋਂ ਇੱਥੇ ਭਾਸ਼ਾ ਵਿਭਾਗ ਵਿੱਚ ਕਰਵਾਏ ਕੌਮਾਂਤਰੀ ਸਾਹਿਤਕ ਸਮਾਗਮ ਵਿੱਚ ਕਵੀ ਹਰਵਿੰਦਰ ਸਿੰਘ ਵਿੰਦਰ ਦੇ ਦੂਜੇ ਕਾਵਿ ਸੰਗ੍ਰਹਿ 'ਤਿੱਖੀਆਂ ਸੂਲਾਂ' ਲੋਕ ਅਰਪਣ ਕੀਤਾ ਗਿਆ। ਪ੍ਰਧਾਨ ਡਾ. ਦਰਸ਼ਨ ਸਿੰਘ ਆਸ਼ਟ ਦੀ ਅਗਵਾਈ ਹੇਠ ਹੋਏ ਸਮਾਗਮ ਦੀ ਪ੍ਰਧਾਨਗੀ ਕਰ ਰਹੇ ਕੁਰੂਕਸ਼ੇਤਰ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਸਾਬਕਾ ਪ੍ਰੋਫ਼ੈਸਰ ਅਤੇ ਮੁਖੀ ਡਾ. ਹਰਸਿਮਰਨ ਸਿੰਘ ਰੰਧਾਵਾ ਨੇ ਕਿਹਾ ਕਿ ਹਰਵਿੰਦਰ ਸਿੰਘ ਵਿੰਦਰ ਦੀ ਕਵਿਤਾ ਪੰਜਾਬੀਅਤ ਦੀ ਗੱਲ ਕਰਦੀ ਹੈ।

ਮੁੱਖ ਮਹਿਮਾਨ ਜਸਦੇਵ ਸਿੰਘ ਸੰਧੂ ਗਰੁੱਪ ਆਫ਼ ਇੰਸਟੀਚਿਊਟਸ ਦੀ ਚੇਅਰਪਰਸਨ ਅਨੂਪਿੰਦਰ ਕੌਰ ਸੰਧੂ ਨੇ ਕਿਹਾ ਕਿ ਸਾਹਿਤ ਅਤੇ ਸਭਿਆਚਾਰ ਮਨੁੱਖੀ ਸਾਂਝ ਨੂੰ ਮਜ਼ਬੂਤ ਕਰਦਾ ਹੈ। ਡਾ. ਤਰਲੋਚਨ ਕੌਰ ਅਤੇ ਪ੍ਰੋ. ਨਵ ਸੰਗੀਤ ਸਿੰਘ ਦਾ ਮਤ ਸੀ ਕਿ ਕਵੀ ਵਿੰਦਰ ਨੇ ਆਪਣੀਆਂ ਨਜ਼ਮਾਂ ਵਿੱਚ ਖ਼ੂਬਸੂਰਤ ਬਿੰਬ ਅਤੇ ਪ੍ਰਤੀਕਾਂ ਦਾ ਇਸਤੇਮਾਲ ਕੀਤਾ ਹੈ। ਕਲਮਕਾਰ ਸੁਖਦੇਵ ਸਿੰਘ ਸ਼ਾਂਤ ਤੇ ਨਰਪਾਲ ਸਿੰਘ ਸ਼ੇਰਗਿੱਲ ਨੇ ਕਿਹਾ ਕਿ ਇਹ ਸੰਤੁਸ਼ਟੀ ਵਾਲੀ ਗੱਲ ਹੈ ਕਿ ਵਿਦੇਸ਼ਾਂ ਵਿੱਚ ਰਹਿੰਦੇ ਪੰਜਾਬੀ ਲੋਕ ਮਾਂ ਬੋਲੀ ਸਬੰਧੀ ਗਤੀਵਿਧੀਆਂ ਵਿੱਚ ਸ਼ਮੂਲੀਅਤ ਲਈ ਤਤਪਰ ਰਹਿੰਦੇ ਹਨ। ਜਗਤ ਪੰਜਾਬੀ ਸਭਾ ਕੈਨੇਡਾ ਦੇ ਚੇਅਰਮੈਨ ਅਜੈਬ ਸਿੰਘ ਚੱਠਾ ਨੇ ਸਭਾ ਦੇ ਉਪਰਾਲੇ ਦੀ ਸਾਰਥਿਕਤਾ ਲਈ ਸ਼ੁਭਕਾਮਨਾਵਾਂ ਸਾਂਝੀਆਂ ਕੀਤੀਆਂ। ਮੁੱਖ ਪਰਚਾ ਕਵਿੱਤਰੀ ਰਣਜੀਤ ਕੌਰ ਸਵੀ (ਮਾਲੇਰਕੋਟਲਾ) ਨੇ ਪੜ੍ਹਿਆ।

ਇਸ ਦੌਰਾਨ ਪੰਜਾਬੀ ਵਿਭਾਗ ਦੇ ਖੋਜਾਰਥੀ ਗੁਰਵਿੰਦਰ ਸਿੰਘ ਅਤੇ ਸਰਕਾਰੀ ਮਹਿੰਦਰਾ ਕਾਲਜ ਪਟਿਆਲਾ ਦੇ ਪੰਜਾਬੀ ਵਿਭਾਗ ਦੇ ਅਧਿਆਪਕ ਡਾ. ਬਲਕਰਨ ਸਿੰਘ ਨੇ 'ਵਿੰਦਰ ਦੀ ਪੁਸਤਕ ਦੇ ਕਲਾ ਕੌਸ਼ਲ' ਅਤੇ ਕੁਝ ਹੋਰ ਲੁਕਵੇਂ ਪੱਖਾਂ ਬਾਰੇ ਨੁਕਤੇ ਸਾਂਝੇ ਕੀਤੇ। ਵਿਦਿਆਰਥਣ ਇਸ਼ਮੀਤ ਕੌਰ ਦੀ ਮਾਂ ਬੋਲੀ ਬਾਰੇ ਕਵਿਤਾ ਨੇ ਦਾਦ ਹਾਸਲ ਕੀਤੀ। ਸਮਾਗਮ ਦੇ ਦੂਜੇ ਦੌਰ ਵਿੱਚ ਲੇਖਕਾਂ ਨੇ ਆਪਣੀਆਂ ਰਚਨਾਵਾਂ ਪੜ੍ਹੀਆਂ।

# ਵਿਰੋਧੀ ਧਿਰਾਂ ਵੱਲੋਂ 'ਆਪ' ਖ਼ਿਲਾਫ਼ ਪ੍ਰਦਰਸ਼ਨ

**ਸਨੌਰ, 16 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਸਨੌਰ ਵਿੱਚ ਅਕਾਲੀ, ਭਾਜਪਾ ਅਤੇ ਕਾਂਗਰਸੀ ਆਗੂਆਂ ਨੇ ਹਾਕਮ ਧਿਰ 'ਤੇ ਉਨ੍ਹਾਂ ਦੇ ਉਮੀਦਵਾਰਾਂ ਦੇ ਕਾਗਜ਼ ਪਾੜਨ ਦੇ ਦੋਸ਼ ਲਾਏ ਹਨ। ਵਿਰੋਧੀ ਧਿਰਾਂ ਨੇ ਕਿਹਾ ਕਿ ਅਜਿਹੀ ਧੱਕੇਸ਼ਾਹੀ ਕਰਨ ਵਾਲੇ 'ਆਪ' ਕਾਰਕੁਨਾਂ ਨੂੰ ਸਨੌਰ ਤੋਂ 'ਆਪ' ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਦੀ ਸਿੱਧੀ ਸਰਪ੍ਰਸਤੀ ਹਾਸਲ ਸੀ।

ਸਨੌਰ ਦੇ ਸਾਬਕਾ ਅਕਾਲੀ ਵਿਧਾਇਕ ਹਰਿੰਦਰਪਾਲ ਚੰਦੂਮਾਜਰਾ, ਸੂਬਾਈ ਅਕਾਲੀ ਆਗੂ ਜਗਜੀਤ ਸਿੰਘ ਕੋਹਲੀ, ਕਾਂਗਰਸ ਦੇ ਹਲਕਾ ਇੰਚਾਰਜ ਹੈਰੀਮਾਨ ਤੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਜਸਪਾਲ ਸਿੰਘ ਗਗਰੌਲੀ ਆਦਿ ਨੇ ਕਿਹਾ ਕਿ 'ਆਪ' ਆਗੂਆਂ ਵੱਲੋਂ ਵਧੀਕੀਆਂ ਕਰਕੇ ਆਪਣੇ ਉਮੀਦਵਾਰਾਂ ਨੂੰ ਜਿਤਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

# ਲੋੜਵੰਦ ਬੱਚਿਆਂ ਨੂੰ ਕੋਟੀਆਂ ਵੰਡੀਆਂ

**ਰਾਜਪੁਰਾ, 16 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਹਿੱਤ ਸੰਸਥਾ ਵੱਲੋਂ ਪ੍ਰਧਾਨ ਸੰਦੀਪ ਜਿੰਦਲ ਅਤੇ ਚੇਅਰਮੈਨ ਐਡਵੋਕੇਟ ਸੁੱਚਾ ਸਿੰਘ ਦੀ ਅਗਵਾਈ ਹੇਠ ਸੰਸਥਾ ਦਾ 32ਵਾਂ ਜਰਸੀ ਵੰਡ ਸਮਾਗਮ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਕਾਲਕਾ ਰੋਡ ਪੁਰਾਣਾ ਰਾਜਪੁਰਾ ਵਿੱਚ ਮਨਾਇਆ ਗਿਆ ਜਿਸ ਵਿੱਚ ਚਾਰ ਸਕੂਲਾਂ ਦੇ 65 ਬੱਚਿਆਂ ਨੂੰ ਗਰਮ ਕੱਪੜੇ ਵੰਡੇ ਗਏ। ਇਸ ਸਮਾਗਮ ਦੇ ਮੁੱਖ ਮਹਿਮਾਨ ਐਡਵੋਕੇਟ ਬਿਕਰਮ ਜੀਤ ਪਾਸੀ ਬੁਲਾਰੇ ਆਮ ਆਦਮੀ ਪਾਰਟੀ ਪੰਜਾਬ, ਵਿਸ਼ੇਸ਼ ਮਹਿਮਾਨ ਐਡਵੋਕੇਟ ਨਵਦੀਪ ਅਰੋੜਾ ਚੇਅਰਮੈਨ ਸੇਵਾ ਭਾਰਤੀ ਸਨ।

ਸੰਸਥਾ ਦੇ ਜਨਰਲ ਸਕੱਤਰ ਜਗਦੀਸ਼ ਹਿਤੈਸ਼ੀ ਨੇ ਦੱਸਿਆ ਕਿ ਇਹ ਸੰਸਥਾ ਪਿਛਲੇ 32 ਸਾਲਾਂ ਤੋਂ ਸਮਾਜ ਦੀ ਭਲਾਈ ਲਈ ਕੰਮ ਕਰ ਰਹੀ ਹੈ। ਇਹ ਸਾਰਾ ਕੰਮ ਲੋਕਾਂ ਦੇ ਸਹਿਯੋਗ ਨਾਲ ਹੋ ਰਿਹਾ ਹੈ। ਸਮਾਜ ਸੇਵੀ ਦੀਪਕ ਗੋਇਲ ਨੇ ਸੰਸਥਾ ਵੱਲੋਂ ਕੀਤੇ ਜਾ ਰਹੇ ਕੰਮਾਂ ਦੀ ਸ਼ਲਾਘਾ ਕੀਤੀ ਅਤੇ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਸੰਸਥਾ ਦੇ ਚੇਅਰਮੈਨ ਐਡਵੋਕੇਟ ਸੁੱਚਾ ਸਿੰਘ ਨੇ ਦੱਸਿਆ ਕਿ ਅਗਲੇ ਹਫ਼ਤੇ ਰਾਜਪੁਰਾ ਟਾਊਨ ਦੇ ਸਕੂਲਾਂ ਵਿੱਚ ਜਰਸੀਆਂ ਵੰਡੀਆਂ ਜਾਣਗੀਆਂ। ਇਸ ਮੌਕੇ ਕ੍ਰਿਸ਼ਨ ਕੁਮਾਰ ਟੇਲਰ, ਯੋਗ ਰਾਜ ਜੋਸ਼ੀ, ਰਾਕੇਸ਼ ਕੁਮਾਰ ਲਵਲੀ, ਕੁਲਵੰਤ ਸਿੰਘ, ਵਿੱਕੀ ਕੁਮਾਰ, ਰਾਜੇਸ਼ ਬਾਵਾ ਅਤੇ ਬਿਕਰਮ ਜੀਤ ਐੱਮਸੀ ਤੋਂ ਇਲਾਵਾ ਵੱਡੀ ਗਿਣਤੀ 'ਚ ਲੋਕ ਹਾਜ਼ਰ ਸਨ।

# ਫ਼ੌਜ, ਪੰਜਾਬ ਪੁਲਿਸ, ਬੀ.ਐੱਸ.ਐਫ, ਸੀ.ਆਰ.ਪੀ.ਐਫ ਅਤੇ ਸੀ.ਆਈ.ਐਫ ਦੀ ਭਰਤੀ ਲਈ ਟਰੇਨਿੰਗ ਕੈਂਪ 16 ਦਸੰਬਰ ਤੋਂ ਸ਼ੁਰੂ

**ਚੰਡੀਗੜ੍ਹ, 16 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਕਮਾਂਡਰ ਬਲਜਿੰਦਰ ਵਿਰਕ (ਰਿਟਾ), ਜ਼ਿਲ੍ਹਾ ਰੱਖਿਆ ਸੇਵਾਵਾਂ ਭਲਾਈ ਅਫ਼ਸਰ ਗੁਰਦਾਸਪੁਰ ਨੇ ਦੱਸਿਆ ਹੈ ਕਿ ਪੰਜਾਬ ਸਰਕਾਰ ਵੱਲੋਂ ਫ਼ੌਜ, ਪੰਜਾਬ ਪੁਲਿਸ, ਬੀ.ਐੱਸ.ਐਫ, ਸੀ.ਆਰ.ਪੀ.ਐਫ ਅਤੇ ਸੀ.ਆਈ.ਐਫ ਦੀ ਭਰਤੀ ਲਈ ਟਰੇਨਿੰਗ ਕੈਂਪ 16 ਦਸੰਬਰ ਤੋਂ ਜ਼ਿਲ੍ਹਾ ਸੈਨਿਕ ਭਲਾਈ ਦਫ਼ਤਰ ਵਿਖੇ ਸ਼ੁਰੂ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਇਸ ਭਰਤੀ ਟਰੇਨਿੰਗ ਦਾ ਵੱਧ ਤੋਂ ਵੱਧ ਫ਼ਾਇਦਾ ਉਠਾਇਆ ਜਾਵੇ।

ਕਮਾਂਡਰ ਬਲਜਿੰਦਰ ਵਿਰਕ (ਰਿਟਾ.) ਨੇ ਦੱਸਿਆ ਕਿ ਇਸ ਕਾਡਰ ਵਿੱਚ ਸਾਬਕਾ ਸੈਨਿਕਾਂ, ਉਨ੍ਹਾਂ ਦੀਆਂ ਵਿਧਵਾਵਾਂ ਦੇ ਬੱਚੇ ਅਤੇ ਸੇਵਾ ਕਰ ਰਹੇ ਸੈਨਿਕਾਂ ਅਤੇ ਸਿਵਲੀਅਨ ਦੇ ਬੱਚਿਆਂ ਨੂੰ ਭਰਤੀ ਸਬੰਧੀ ਤਿਆਰੀ ਕਰਵਾਈ ਜਾਵੇਗੀ। ਜਿਸ ਵਿੱਚ ਸਰੀਰਕ ਫਿਟਨੈੱਸ ਦੇ ਨਾਲ ਲਿਖਤੀ ਪ੍ਰੀਖਿਆ ਦੀ ਵੀ ਸਿਖਲਾਈ ਦਿੱਤੀ ਜਾਵੇਗੀ, ਜਿਸ ਦੇ ਲਈ ਸਰਕਾਰ ਵੱਲੋਂ ਸਲੈਕਟ ਕਰਕੇ ਉੱਚ ਦਰਜੇ ਦਾ ਸਟਾਫ਼ ਮੁਹੱਈਆ ਕਰਵਾਇਆ ਹੋਇਆ ਹੈ। ਉਨ੍ਹਾਂ ਕਿਹਾ ਕਿ ਚਾਹਵਾਨ ਉਮੀਦਵਾਰ ਆਪਣੇ ਸਾਰੇ ਸਰਟੀਫਿਕੇਟ ਨਾਲ ਲੈ ਕੇ ਕਾਡਰ ਸ਼ੁਰੂ ਹੋਣ ਤੋਂ ਪਹਿਲਾਂ ਦਫ਼ਤਰੀ ਸਮੇਂ ਦੌਰਾਨ ਆਪਣੀ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ । ਉਨ੍ਹਾਂ ਕਿਹਣ ਕਿ ਕਿਸੇ ਵੀ ਜਾਣਕਾਰੀ ਲਈ ਮੋਬਾਈਲ ਨੰਬਰ 9915941948 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਪੰਜ ਨਗਰ ਨਿਗਮਾਂ ਲਈ ਕੁੱਲ 2231 ਨਾਮਜ਼ਦਗੀਆਂ ਪ੍ਰਾਪਤ ਹੋਈਆਂ

**ਚੰਡੀਗੜ੍ਹ, 16 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰਾਜ ਚੋਣ ਕਮਿਸ਼ਨ ਦੇ ਇਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਪੰਜ ਨਗਰ ਨਿਗਮਾਂ ਲਈ ਅੱਜ ਤੱਕ ਕੁੱਲ 2231 ਨਾਮਜ਼ਦਗੀਆਂ ਪ੍ਰਾਪਤ ਹੋਈਆਂ ਹਨ। ਇਸ ਸਬੰਧ ਵਿੱਚ ਨਗਰ ਨਿਗਮ ਜਲੰਧਰ ਲਈ ਕੁੱਲ 448, ਨਗਰ ਨਿਗਮ ਲੁਧਿਆਣਾ ਲਈ 682, ਨਗਰ ਨਿਗਮ ਫਗਵਾੜਾ ਲਈ 219, ਨਗਰ ਨਿਗਮ ਅੰਮ੍ਰਿਤਸਰ ਲਈ 709 ਅਤੇ ਨਗਰ ਨਿਗਮ ਪਟਿਆਲਾ ਲਈ 173 ਨਾਮਜ਼ਦਗੀਆਂ ਪ੍ਰਾਪਤ ਹੋਈਆਂ ਹਨ।

# ਦਿਲਜੀਤ ਦੋਸਾਂਝ ਦੱਖਣੀ ਏਸ਼ਿਆਈ ਮਸ਼ਹੂਰ ਹਸਤੀਆਂ ਦੀ ਸੂਚੀ ਵਿੱਚ ਪਹਿਲੇ ਸਥਾਨ 'ਤੇ

## 40 ਸਾਲਾ ਪੰਜਾਬੀ ਗਾਇਕ ਨੇ ਪਿਛਲੇ ਸਾਲ ਦੇ ਮੋਹਰੀ ਸ਼ਾਹਰੁਖ ਖਾਨ ਨੂੰ ਪਿੱਛੇ ਛੱਡਿਆ

**ਲੰਡਨ, 16 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਸਿੱਧ ਗਾਇਕ-ਅਦਾਕਾਰ ਦਿਲਜੀਤ ਦੋਸਾਂਝ ਨੇ ਲੰਡਨ ਵਿੱਚ ਆਪਣੇ ਮੈਗਾ ਲਾਈਵ ਟੂਰ ਅਤੇ ਬਾਕਸ-ਆਫਿਸ ਦੀ ਸਫ਼ਲਤਾ ਤੋਂ ਬਾਅਦ ਪ੍ਰੀਵਿਊ ਕੀਤੀ 'ਵਿਸ਼ਵ ਦੀਆਂ ਚੋਟੀ ਦੀਆਂ 50 ਏਸ਼ਿਆਈ ਮਸ਼ਹੂਰ ਹਸਤੀਆਂ' ਦੀ ਯੂਕੇ ਸੂਚੀ ਵਿੱਚ ਪਹਿਲਾ ਸਥਾਨ ਹਾਸਲ ਕੀਤਾ ਹੈ। 40 ਸਾਲਾ ਪੰਜਾਬੀ ਗਾਇਕ ਤੇ ਅਦਾਕਾਰ ਨੇ ਪਿਛਲੇ ਸਾਲ ਦੇ ਮੋਹਰੀ ਸ਼ਾਹਰੁਖ ਖਾਨ ਨੂੰ ਪਛਾੜ ਦਿੱਤਾ ਹੈ ਅਤੇ ਉਹ ਬਰਤਾਨੀਆ ਦੇ ਹਫ਼ਤਾਵਾਰੀ 'ਈਸਟਰਨ ਆਈ' ਵੱਲੋਂ ਪ੍ਰਕਾਸ਼ਿਤ ਸੂਚੀ ਦੇ 2024 ਦੇ ਐਡੀਸ਼ਨ ਵਿੱਚ ਸਿਨੇਮਾ, ਟੈਲੀਵਿਜ਼ਨ, ਸੰਗੀਤ, ਕਲਾ ਅਤੇ ਸਾਹਿਤ ਦੀ ਦੁਨੀਆ ਵਿੱਚ ਕੌਮਾਂਤਰੀ ਪ੍ਰਤਿਭਾਵਾਂ ਵਿੱਚੋਂ ਸਭ ਤੋਂ ਅੱਗੇ ਹੈ।

'ਈਸਟਰਨ ਆਈ' ਦੇ ਐਂਟਰਟੇਨਮੈਂਟ ਐਡੀਟਰ ਅਸਜਾਦ ਨਜ਼ੀਰ ਨੇ ਕਿਹਾ, "ਇਸ ਸੁਪਰਸਟਾਰ ਨੇ ਆਪਣੇ ਬਲਾਕਬਸਟਰ 'ਦਿਲ-ਲੁਮਿਨਾਟੀ' ਸ਼ੋਅ ਨਾਲ ਇਤਿਹਾਸ ਵਿੱਚ ਕਿਸੇ ਵੀ ਦੱਖਣੀ ਏਸ਼ਿਆਈ ਮਸ਼ਹੂਰ ਹਸਤੀ ਵੱਲੋਂ ਕੀਤਾ ਗਿਆ



ਹੁਣ ਤੱਕ ਦਾ ਸਭ ਤੋਂ ਸਫ਼ਲ ਵਰਲਡ ਟੂਰ ਕੀਤਾ ਹੈ।" ਉਨ੍ਹਾਂ ਕਿਹਾ, "ਇਸ ਬਹੁ-ਪ੍ਰਤਿਭਾਸ਼ਾਲੀ ਸਿਤਾਰੇ ਨੇ ਫਿਲਮਾਂ ਵਿੱਚ ਆਪਣੀ ਪ੍ਰਭਾਵਸ਼ਾਲੀ ਅਦਾਕਾਰੀ ਦਾ ਪ੍ਰਦਰਸ਼ਨ ਕੀਤਾ ਅਤੇ ਆਪਣੇ ਪੰਜਾਬੀ ਸੱਭਿਆਚਾਰ ਨੂੰ ਅੱਗੇ ਵਧਾਇਆ। ਹਰੇਕ ਕੋਈ ਉਸ ਬਾਰੇ ਗੱਲ ਕਰ ਰਿਹਾ ਸੀ ਜੋ ਇੱਕ ਸੁਫ਼ਨੇ ਦਾ ਸਾਲ ਬਣ ਗਿਆ।" ਭਾਰਤੀ ਵਿਰਾਸਤ ਦੀ ਪੌਪ ਸੁਪਰਸਟਾਰ ਚਾਰਲੀ ਐਕਸਸੀਐਕਸ ਦੂਜੇ ਸਥਾਨ 'ਤੇ ਰਹੀ ਹੈ। ਤੀਜੇ ਸਥਾਨ 'ਤੇ ਰਹਿਣ ਵਾਲੇ ਅੱਲੂ ਅਰਜੁਨ ਨੇ ਸਾਲ ਦੀ ਸਭ ਤੋਂ ਸਫ਼ਲ ਭਾਰਤੀ ਫਿਲਮ 'ਪੁਸ਼ਪਾ: ਦਿ ਰੂਲ' ਨਾਲ ਬਾਕਸਆਫ਼ਿਸ ਦੇ ਰਿਕਾਰਡ ਤੋੜ ਦਿੱਤੇ ਅਤੇ ਆਪਣੇ ਵਿੱਚ ਸਿਨੇਮਾ ਦੇ ਦ੍ਰਿਸ਼ ਨੂੰ ਕਾਫੀ ਹੱਦ ਤੱਕ ਬਦਲ ਦਿੱਤਾ। ਉੱਧਰ, ਚੌਥੇ ਸਥਾਨ 'ਤੇ ਰਹਿਣ ਵਾਲੇ ਦੇਵ ਪਟੇਲ ਨੇ ਹਿੱਟ ਫਿਲਮ 'ਮੰਕੀ ਮੈਨ' ਵਿੱਚ ਜ਼ਿਕਰਯੋਗ ਲੇਖਨ, ਨਿਰਦੇਸ਼ਨ, ਨਿਰਮਾਣ ਅਤੇ ਅਦਾਕਾਰੀ ਕਰ ਕੇ ਹੌਲੀਵੁੱਡ ਦੇ ਪਾਵਰ ਪਲੇਅਰ ਦੇ ਰੂਪ ਵਿੱਚ ਆਪਣੀ ਜਗ੍ਹਾ ਪੱਕੀ ਕੀਤੀ।

ਪ੍ਰਿਯੰਕਾ ਚੋਪੜਾ ਫਿਲਮਾਂ ਤੋਂ ਲੈ ਕੇ ਮੈਗਾ-ਬਜਟ ਲੜੀ 'ਸਿਟਾਡੇਲ' ਦੇ ਦੂਜੇ ਸੀਜ਼ਨ 'ਤੇ ਕੰਮ ਸ਼ੁਰੂ ਕਰਨ ਤੱਕ ਦੇ ਹਾਈ ਪ੍ਰੋਫਾਈਲ ਪ੍ਰਾਜੈਕਟਾਂ ਨੂੰ ਸੰਤੁਲਿਤ ਕਰਨ ਲਈ ਪੰਜਵੇਂ ਸਥਾਨ 'ਤੇ ਰਹੀ। ਸਿਆਸੀ ਪਾਰਟੀ ਸ਼ੁਰੂ ਕਰਨ ਵਾਲੇ ਅਤੇ ਸਾਲ ਦੀ ਸਭ ਤੋਂ ਸਫ਼ਲ ਤਾਮਿਲ ਫਿਲਮ ਦੇਣ ਵਾਲੇ ਅਦਾਕਾਰ ਵਿਜੈ ਛੇਵੇਂ ਸਥਾਨ 'ਤੇ ਰਿਹਾ, ਜਦਕਿ ਗਾਇਕ ਅਰਿਜੀਤ ਸਿੰਘ ਸੱਤਵੇਂ ਸਥਾਨ 'ਤੇ ਹੈ। ਸੂਚੀ ਵਿੱਚ ਸਭ ਤੋਂ ਵੱਧ ਉਮਰ ਵਾਲਾ ਅਦਾਕਾਰ 82 ਸਾਲਾ ਅਮਿਤਾਭ ਬੱਚਨ ਇਕ ਵਾਰ ਫਿਰ ਤੋਂ 26ਵੇਂ ਸਥਾਨ 'ਤੇ ਹੈ ਜਦਕਿ ਸਭ ਤੋਂ ਘੱਟ ਉਮਰ ਦੀ 17 ਸਾਲਾ ਅਦਾਕਾਰਾ ਨਿਤਾਂਸ਼ੀ ਗੋਇਲ 42ਵੇਂ ਸਥਾਨ 'ਤੇ ਹੈ ਜਿਸ ਨੇ ਭਾਰਤ ਦੀ ਅਧਿਕਾਰਤ ਆਸਕਰ ਫਿਲਮ 'ਲਾਪਤਾ ਲੇਡੀਜ਼' ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ।

# ਸੇਂਟ ਜੇਵੀਅਰਸ ਇੰਟਰਨੈਸ਼ਨਲ ਸਕੂਲ ਵਿੱਚ ਸਾਇੰਸ ਮੇਲਾ ਕਰਵਾਇਆ



**ਪਾਤੜਾਂ, 16 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਇਲਾਕੇ ਦੀ ਪ੍ਰਮੁੱਖ ਵਿਦਿਅਕ ਸੰਸਥਾ ਸੇਂਟ ਜੈਵੀਅਰ ਇੰਟਰਨੈਸ਼ਨਲ ਸਕੂਲ ਅਤਾਲਾਂ ਵਿਚ ਸਾਇੰਸ ਐਗਜ਼ਿਬੀਸ਼ਨ ਕਰਵਾਇਆ ਗਿਆ। ਇਸ ਮੌਕੇ ਖੇਤੀਬਾੜੀ, ਖੁਰਾਕ ਸੁਰੱਖਿਆ, ਊਰਜਾ ਦੇ ਸਰੋਤ , ਵਾਤਾਵਰਣ ਸੁਰੱਖਿਆ, ਸੂਰਜੀ ਊਰਜਾ, ਪੌਣ ਊਰਜਾ, ਰੋਜ਼ਾਨਾ ਜੀਵਨ ਕੁਦਰਤੀ ਆਫ਼ਤਾਂ ਆਦਿ ਮਾਡਲਾਂ ਨੂੰ ਪ੍ਰਦਰਸ਼ਿਤ ਕੀਤਾ ਗਿਆ ।ਇਸ ਵਿਗਿਆਨ ਪ੍ਰਦਰਸ਼ਨੀ ਵਿੱਚ 250 ਤੋਂ ਵੱਧ ਬੱਚਿਆਂ ਨੇ ਭਾਗ ਲਿਆ ਅਤੇ ਆਪਣੇ ਮਾਡਲ ਪੇਸ਼ ਕੀਤੇ। ਪ੍ਰਦਰਸ਼ਨੀ ਨੂੰ ਵੇਖਣ ਲਈ ਵੱਖ ਵੱਖ ਸਕੂਲਾਂ ਦੇ ਬੱਚੇ ਅਤੇ ਮਾਪੇ ਵੀ ਪਹੁੰਚੇ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਿੰਸੀਪਲ ਅਰਨਬ ਸਰਕਾਰ ਨੇ ਦੱਸਿਆ ਕਿ ਵਿਗਿਆਨ ਪ੍ਰਦਰਸ਼ਨੀ ਵਿੱਚ ਬੱਚਿਆਂ ਨੇ ਭਾਰੀ ਉਤਸਾਹ ਨਾਲ ਭਾਗ ਲਿਆ । ਉਹਨਾਂ ਕਿਹਾ ਕਿ ਅੱਜ ਵਿਗਿਆਨ ਦਾ ਯੁੱਗ ਹੈ ਅਤੇ ਉਹਨਾਂ ਨੇ ਬੱਚਿਆ ਦੇ ਇਸ ਉਪਰਾਲੇ ਦੀ ਵੀ ਸ਼ਲਾਘਾ ਕੀਤੀ ।

ਇਸ ਮੌਕੇ ਚੇਅਰਮੈਨ ਅਨਿੰਦਯਾ ਕਾਂਤੀ ਸਰਕਾਰ ਨੇ ਵੀ ਸਾਰੇ ਵਿਦਿਆਰਥੀਆਂ ਦੀ ਹੌਸਲਾ ਅਫ਼ਜਾਈ ਕਰਦਿਆਂ ਉਹਨਾਂ ਦੀ ਸ਼ਲਾਘਾ ਕੀਤੀ। ਇਸ ਨਾਲ ਹੀ ਸੀ. ਬੀ. ਐੱਸ. ਸੀ. ਦੇ ਨਿਰਦੇਸ਼ਾਂ ਅਨੁਸਾਰ ਪੋਸ਼ਣ ਮਾਂ ਦਿਵਸ ਵੀ ਮਨਾਇਆ ਜਾ ਰਿਹਾ ਹੈ ਜਿਸਦਾ ਮਕਸਦ ਹੈ ਕਿ ਬੱਚੇ ਹਾਨੀਕਾਰਕ ਭੋਜਨ ਜਿਵੇਂ ਕਿ ਕੁਰਕੁਰੇ, ਚਿਪਸ ਆਦਿ ਪੈਕਿੰਗ ਵਾਲੇ ਖਾਣੇ ਨੂੰ ਛੱਡ ਕੇ ਘਰ ਦਾ ਬਣਿਆ ਹੋਇਆ ਪੌਸ਼ਟਿਕ ਭੋਜਨ ਖਾਣ। ਇਸ ਮੌਕੇ ਪ੍ਰਿੰਸੀਪਲ ਅਰਨਬ ਸਰਕਾਰ ਨੇ ਬੱਚਿਆਂ ਨੂੰ ਘਰ ਦੇ ਬਣੇ ਹੋਏ ਪੌਸ਼ਟਿਕ ਭੋਜਨ (ਬਾਜਰਾ, ਮੱਕੀ , ਜਵਾਰ, ਰਾਗੀ ਨਾਲ ਬਣਿਆ ਹੋਇਆ ਖਾਣਾ) ਦੇ ਫਾਇਦੇ ਦੱਸਦੇ ਹੋਏ ਘਰ ਦਾ ਭੋਜਨ ਖਾਣ ਲਈ ਬੱਚਿਆਂ ਨੂੰ ਉਤਸਾਹਿਤ ਕੀਤਾ।

# ਕੁੱਲ 244 ਨਾਮਜ਼ਦਗੀ ਪੱਤਰ ਹੋਏ ਦਾਖ਼ਲ : ਜ਼ਿਲ੍ਹਾ ਚੋਣ ਅਫ਼ਸਰ

**ਬਠਿੰਡਾ, 16 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹੇ ਅੰਦਰ ਨਗਰ ਨਿਗਮ, ਨਗਰ ਕੌਂਸਲ ਅਤੇ ਨਗਰ ਪੰਚਾਇਤਾਂ ਦੀਆਂ 21 ਦਸੰਬਰ 2024 ਨੂੰ ਹੋਣ ਜਾ ਰਹੀਆਂ ਚੋਣਾਂ ਦੇ ਮੱਦੇਨਜ਼ਰ ਕੁੱਲ 244 ਨਾਮਜ਼ਦਗੀ ਪੱਤਰ ਭਰੇ ਗਏ ਹਨ। ਇਹ ਜਾਣਕਾਰੀ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫਸਰ ਸ਼੍ਰੀ ਸ਼ੌਕਤ ਅਹਿਮਦ ਪਰੇ ਨੇ ਸਾਂਝੀ ਕੀਤੀ।

ਦਾਖਲ ਹੋਏ ਨਾਮਜ਼ਦਗੀ ਪੱਤਰਾਂ ਬਾਰੇ ਹੋਰ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਚੋਣ ਅਫਸਰ ਨੇ ਦੱਸਿਆ ਕਿ ਬਠਿੰਡਾ ਦੇ ਵਾਰਡ ਨੰਬਰ 48 ਲਈ 8, ਗੋਨਿਆਣਾ ਦੇ ਵਾਰਡ ਨੰਬਰ 9 ਲਈ 5, ਲਹਿਰਾ ਮੁਹੱਬਤ ਦੇ ਵਾਰਡ ਨੰਬਰ 3,5,8 ਅਤੇ



10 ਲਈ 17, ਨਥਾਣਾ ਦੇ ਵਾਰਡ ਨੰਬਰ 6 ਲਈ 4, ਰਾਮਪੁਰਾ ਫੂਲ ਦੇ ਵਾਰਡ ਨੰਬਰ 1-21 ਲਈ 109, ਮਹਿਰਾਜ ਦੇ ਵਾਰਡ ਨੰਬਰ 8 ਲਈ 4, ਕੋਠਾ ਗੁਰੂ ਦੇ ਵਾਰਡ ਨੰਬਰ 2 ਲਈ 4, ਭਾਈਰੂਪਾ ਦੇ ਵਾਰਡ ਨੰਬਰ 6 ਲਈ 8, ਮੌੜ ਦੇ ਵਾਰਡ ਨੰਬਰ 1 ਲਈ 5 ਅਤੇ ਤਲਵੰਡੀ ਸਾਬੋ ਦੇ ਵਾਰਡ ਨੰਬਰ 1-15 ਲਈ 80 ਨਾਮਜ਼ਦਗੀ ਪੱਤਰ ਦਾਖਲ ਹੋਏ। ਉਨ੍ਹਾਂ ਅੱਗੇ ਦੱਸਿਆ ਕਿ ਦੱਸਿਆ ਕਿ 13 ਦਸੰਬਰ ਨੂੰ ਦਾਖਲ ਨਾਮਜ਼ਦਗੀ ਪੱਤਰਾਂ ਦੀ ਜਾਂਚ-ਪੜਤਾਲ ਹੋਵੇਗੀ ਤੇ 14 ਦਸੰਬਰ 2024 ਨੂੰ ਨਾਮਜ਼ਦਗੀ ਪੱਤਰ ਵਾਪਸ ਲਏ ਜਾ ਸਕਣਗੇ। ਉਨ੍ਹਾਂ ਦੱਸਿਆ ਕਿ ਇਨ੍ਹਾਂ ਚੋਣਾਂ ਲਈ ਵੋਟਾਂ 21 ਦਸੰਬਰ 2024 ਨੂੰ ਸਵੇਰੇ 7 ਵਜੇ ਤੋਂ ਸ਼ਾਮ 4 ਵਜੇ ਤੱਕ ਪੈਣਗੀਆਂ।

# ਜਾਣੇ-ਪਛਾਣੇ ਰੁੱਖ
# ਸ਼ੈਤਾਨ ਰੁੱਖ

**ਸਦਾਬਹਾਰ ਹੋਣ ਕਾਰਨ ਇਹ ਰੁੱਖ ਛਾਂ ਲਈ ਉਗਾਇਆ ਜਾਂਦਾ ਹੈ। ਇਸ ਦੀ ਲਕੜੀ ਪੈਕਿੰਗ ਦਾ ਸਾਮਾਨ ਤਿਆਰ ਕਰਨ ਲਈ ਵਰਤੀ ਜਾਂਦੀ ਹੈ। ਇਸ ਦੇ ਛਿਲਕੇ ਦੀ ਵਰਤੋਂ ਦੇਸੀ ਦਵਾਈਆਂ 'ਚ ਕੀਤੀ ਜਾਂਦੀ ਹੈ...**





ਇਸ ਰੁੱਖ ਦਾ ਵਿਗਿਆਨਕ ਨਾਂ ਐਲਸਟੋਨੀਆ ਸਕੌਲਰਿਸ ਹੈ, ਇਸ ਨੂੰ ਅੰਗਰੇਜ਼ੀ ਭਾਸ਼ਾ ਵਿਚ ਡੈਵਿਲਜ਼ ਟ੍ਰੀ, ਡੀਟਾ ਬਾਰਕ ਟ੍ਰੀ, ਤੇਲਗੂ ਵਿਤ ਪਾਲੇਗ, ਹਿੰਦੀ ਤੇ ਪੰਜਾਬੀ ਵਿਚ ਸ਼ੈਤਾਨ ਰੁੱਖ ਆਖਦੇ ਹਨ। ਇਹ ਸਜਾਵਟੀ ਅਤੇ ਸਦਾਬਹਾਰ ਰੁੱਖ ਭਾਰਤ ਦੇ ਬਹੁਤ ਸਾਰੇ ਹਿੱਸਿਆਂ ਵਿਚ ਪਾਇਆ ਜਾਂਦਾ ਹੈ। ਕਪੂਰਥਲਾ ਦੀ ਰੇਲ ਕੋਚ ਫੈਕਟਰੀ ਵਿਚ ਇਹ ਰੁੱਖ ਵੱਡੀ ਗਿਣਤੀ ਵਿਚ ਲਗਾਏ ਗਏ ਹਨ। ਭਾਰਤ ਵਿਚ ਪੂਰਬੀ ਅਤੇ ਪੱਛਮੀ ਘਾਟਾਂ ਦੇ ਵਧੇਰੇ ਨਮੀ ਵਾਲੇ ਇਲਾਕਿਆਂ ਵਿਚ ਇਹ ਵੱਡੀ ਗਿਣਤੀ 'ਚ ਪਾਏ ਜਾਂਦੇ ਹਨ।

### ਨਾਮਕਰਣ

ਇਸ ਦਾ ਅਨੁਵੰਸ਼ਕ ਨਾਂ ਇਕ ਉੱਘੇ ਬਨਸਪਤੀ ਵਿਗਿਆਨੀ ਈਡਨਬਰਗ ਦੇ ਪ੍ਰੋ. ਐਲਸਟਨ ਦੇ ਨਾਂ 'ਤੇ ਰੱਖਿਆ ਗਿਆ ਹੈ। ਇਸ ਦਾ ਵਿਸ਼ੇਸ਼ ਨਾਂ ਸਕੌਲਰਿਸ਼ ਇਸ ਗੱਲ ਵੱਲ ਸੰਕੇਤ ਕਰਦਾ ਹੈ ਕਿ ਬੀਤੇ ਸਮੇਂ ਵਿਚ ਇਸ ਰੁੱਖ ਦੀ ਲਕੜੀ ਸਕੂਲੀ ਬੱਚਿਆਂ ਲਈ ਤਖ਼ਤੀਆਂ ਜਾਂ ਫੱਟੀਆਂ ਬਣਾਉਣ ਲਈ ਵਰਤੀ ਜਾਂਦੀ ਸੀ। ਅੰਗਰੇਜ਼ੀ ਨਾਂ ਡੈਵਿਲਜ਼ ਟ੍ਰੀ ਜਾਂ ਸ਼ੈਤਾਨ ਰੁੱਖ ਇਸ ਨਾਲ ਜੁੜੇ ਕੁਝ ਵਹਿਮਾਂ-ਭਰਮਾਂ ਵੱਲ ਇਸ਼ਾਰਾ ਕਰਦਾ ਹੈ। ਭਾਰਤ ਦੇ ਕੁਝ ਹਿੱਸਿਆਂ ਵਿਚ ਆਮ ਲੋਕਾਂ ਦਾ ਖ਼ਿਆਲ ਹੈ ਕਿ ਇਸ ਰੁੱਖ ਉੱਪਰ ਬਦਰੂਹਾਂ ਨਿਵਾਸ ਕਰਦੀਆਂ ਹਨ। ਭਾਰਤ ਵਿਚ ਬਹੁਤ ਸਾਰੇ ਕਬਾਇਲੀ ਲੋਕ ਤਾਂ ਇਸ ਹੇਠ ਬੈਠਣ ਜਾਂ ਲੰਘਣ ਤੋਂ ਵੀ ਗੁਰੇਜ ਕਰਦੇ ਹਨ।

### ਵਿਸ਼ੇਸ਼ਤਾ

ਇਹ ਇਕ ਉੱਚਾ-ਲੰਮਾ ਤੇ ਸ਼ਾਨਦਾਰ ਰੁੱਖ ਹੁੰਦਾ ਹੈ, ਜਿਸ ਦੀ ਛਿੱਲ ਸਲੇਟੀ, ਮਟਮੈਲੀ ਤੇ ਖੁਰਦਰੀ ਜਿਹੀ ਹੁੰਦੀ ਹੈ। ਇਸ ਦੀਆਂ ਟਾਹਣੀਆਂ ਚੱਕਰਦਾਰ ਹੁੰਦੀਆਂ ਹਨ, ਭਾਵ ਮੁੱਖ ਤਣੇ ਤੋਂ ਇਕ ਉੱਚਾਈ 'ਤੇ ਨਿਕਲਦੀਆਂ ਹਨ ਤੇ ਬਹੁਤ ਹੱਦ ਤਕ ਛਤਰੀ ਦਾ ਆਕਾਰ ਲੈ ਲੈਂਦੀਆਂ ਹਨ। ਪੱਤੇ ਇੱਕੋ ਥਾਂ 'ਤੇ 4-7 ਦੀ ਗਿਣਤੀ ਵਿਚ ਨਿਕਲਦੇ ਹਨ। ਇਨ੍ਹਾਂ ਪੱਤਿਆਂ ਦੀ ਸ਼ਕਲ ਅੰਬ ਦੇ ਪੱਤਿਆਂ ਨਾਲ ਮਿਲਦੀ-ਜੁਲਦੀ ਹੁੰਦੀ ਹੈ, ਜੋ ਉੱਪਰੋਂ ਗੂੜ੍ਹੇ ਹਰੇ ਅਤੇ ਹੇਠੋਂ ਹਲਕੀ ਸਫ਼ੈਦ ਭਾਅ ਮਾਰਦੇ ਹਨ। ਫੁੱਲ ਆਖਰੀ ਸ਼ਾਖ਼ਾ ਦੇ ਸਿਰਿਆਂ 'ਤੇ ਲੰਬੀਆਂ, ਪਤਲੀਆਂ ਡੰਡੀਆਂ 'ਤੇ ਨਿੱਕੇ-ਨਿੱਕੇ ਗੁੱਛਿਆਂ ਵਿਚ ਲਗਦੇ ਹਨ, ਜੋ ਚਿੱਟੀ ਜਾਂ ਹਰੀ ਭਾਅ ਮਾਰਦੇ ਹਨ। ਫਲ਼ ਥੈਲੀਨੁਮਾ, 30 ਤੋਂ 40 ਸੈਂਟੀਮੀਟਰ ਲੰਬਾ ਅਤੇ 3-4 ਮਿਲੀਮੀਟਰ ਮੋਟਾ ਹੁੰਦਾ ਹੈ। ਫਲ਼ ਏਨੀਂ ਜ਼ਿਆਦਾ ਗਿਣਤੀ ਵਿਚ ਲਗਦੇ ਹਨ ਕਿ ਰੁੱਖ ਦਾ ਆਮ ਨਾਲੋਂ ਦਿੱਖ ਪੂਰੀ ਤਰ੍ਹਾਂ ਬਦਲ ਜਾਂਦੀ ਹੈ।

### ਵਰਤੋਂ

ਸ਼ੈਤਾਨ ਰੁੱਖ ਦੀ ਲੱਕੜ ਬੇਹੱਦ ਨਰਮ ਹੁੰਦੀ ਹੈ। ਇਸ ਲਈ ਸਥਾਈ ਢਾਂਚੇ ਲਈ ਨਹੀਂ ਵਰਤੀ ਜਾਂਦੀ। ਇਸ ਦੀ ਜ਼ਿਆਦਾਤਰ ਵਰਤੋਂ ਪੈਕਿੰਗ ਕਰਨ ਵਾਲੀਆਂ ਪੇਟੀਆਂ ਅਤੇ ਬਲੈਕ ਬੋਰਡ ਬਣਾਉਣ ਲਈ ਕੀਤੀ ਜਾਂਦੀ ਹੈ। ਇਸ ਦੀ ਛਿੱਲ ਨੂੰ ਵਪਾਰਕ ਤੌਰ 'ਤੇ 'ਡੀਟਾ ਛਿੱਲ' ਆਖਦੇ ਹਨ ਅਤੇ ਦੇਸੀ ਦਵਾਈਆਂ ਵਿਚ ਇਸ ਦੀ ਵਰਤੋਂ ਬੁਖ਼ਾਰ, ਪੇਚਿਸ਼ ਆਦਿ ਦੇ ਇਲਾਜ ਲਈ ਕੀਤੀ ਜਾਂਦੀ ਹੈ। ਪਿੰਡਾਂ ਦੀਆਂ ਸਾਂਝੀਆਂ ਥਾਵਾਂ, ਸੜਕਾਂ ਦੇ ਕਿਨਾਰਿਆਂ ਅਤੇ ਖੂਹਾਂ 'ਤੇ ਇਸ ਨੂੰ ਛਾਂਦਾਰ ਰੁੱਖ ਦੇ ਤੌਰ 'ਤੇ ਆਸਾਨੀ ਨਾਲ ਉਗਾਇਆ ਜਾ ਸਕਦਾ ਹੈ।

• ਫੀਚਰ ਡੈਸਕ

# 2018 ਦੌਰਾਨ ਝੋਨੇ ਦੇ ਝਾੜ 'ਚ ਗਿਰਾਵਟ ਦੇ ਕਾਰਨ



• ਬੂਟਾ ਸਿੰਘ ਢਿੱਲੋਂ, ਪ੍ਰਭਜੋਤ ਕੌਰ ਸਿੱਧੂ

ਪਾਰਖੂ ਨਜ਼ਰ ਵਾਲੇ ਪੰਜਾਬ ਦੇ ਕਿਸਾਨ ਫ਼ਸਲਾਂ ਦੀਆਂ ਕਿਸਮਾਂ ਤੇ ਕਾਸ਼ਤਕਾਰੀ ਢੰਗਾਂ ਦੀ ਚੋਣ ਬਹੁਤ ਗਹੁ ਨਾਲ ਕਰਦੇ ਹਨ। ਉਹ ਉਤਪਾਦਕਤਾ ਦੇ ਉਤਰਾਅ-ਚੜ੍ਹਾਅ ਬਾਰੇ ਜਾਗਰੂਕ ਹਨ। ਸਾਲ 2018 ਦੌਰਾਨ ਝੋਨੇ ਦੇ ਝਾੜ ਦੇ ਅੰਕੜਿਆਂ ਮੁਤਾਬਕ ਇਸ ਸਾਲ ਝਾੜ 'ਚ ਗਿਰਾਵਟ ਆਈ ਹੈ। ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੇ ਕ੍ਰਿਸ਼ੀ ਵਿਗਿਆਨ ਕੇਂਦਰਾਂ ਤੋਂ ਇਕੱਤਰ ਜਾਣਕਾਰੀ ਅਤੇ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਦੇ ਅੰਕੜਿਆਂ ਅਨੁਸਾਰ ਝੋਨੇ ਦੇ ਝਾੜ ਵਿਚ 1 ਤੋਂ 3 ਕੁਇੰਟਲ ਪ੍ਰਤੀ ਏਕੜ ਦੀ ਗਿਰਾਵਟ ਆਈ ਹੈ। ਇਸ ਤੋਂ ਇਲਾਵਾ ਝੋਨੇ ਦੇ ਪਕਣ 'ਚ ਦੇਰੀ ਤੇ ਲੰਬਾ ਸਮਾਂ ਲੈਣ ਵਾਲੀਆਂ ਕਿਸਮਾਂ 'ਚ ਵਧੇਰੇ ਨਮੀ ਦਾ ਮਾਮਲਾ ਵੀ ਸਾਹਮਣੇ ਆਇਆ ਹੈ। ਇਹ ਤਬਦੀਲੀਆਂ ਕਿਸਮ, ਇਲਾਕੇ ਜਾਂ ਝੋਨੇ ਦੀ ਲੁਆਈ ਦੇ ਸਮੇਂ ਸਬੰਧੀ ਨਾ ਹੋ ਕੇ ਵੱਡੇ ਪੱਧਰ ਦੀਆਂ ਮੌਸਮੀ ਤਬਦੀਲੀਆਂ ਦਾ ਸੰਕੇਤ ਹੈ। ਝਾੜ ਵਿਚ ਗਿਰਾਵਟ ਕਿਸਾਨਾਂ, ਸਾਇੰਸਦਾਨਾਂ ਤੇ ਨੀਤੀ ਘਾੜਿਆਂ ਲਈ ਚਿੰਤਨ ਤੇ ਚਰਚਾ ਦਾ ਵਿਸ਼ਾ ਹੈ। ਅੰਕੜਿਆਂ ਦੀ ਪੁਣ-ਛਾਣ ਤੋਂ ਕੁਝ ਤੱਥ ਉਜਾਗਰ ਹੋ ਰਹੇ ਹਨ, ਜਿਨ੍ਹਾਂ ਨੂੰ ਅੱਖੋਂ ਪਰੋਖੇ ਕਰਨ ਨਾਲ ਲੰਬੇ ਸਮੇਂ ਦੀਆਂ ਨੀਤੀਆਂ ਪ੍ਰਭਾਵਿਤ ਹੋ ਸਕਦੀਆਂ ਹਨ। ਇਸ ਸਾਲ ਮੌਸਮੀ ਤੇ ਦੂਸਰੇ ਪਹਿਲੂਆਂ ਦੇ ਫ਼ਸਲ ਉੱਪਰ ਪ੍ਰਭਾਵ ਦਾ ਮੁਢਲਾ ਵਿਸ਼ਲੇਸ਼ਣ ਇਸ ਪ੍ਰਕਾਰ ਹੈ :

### ਫ਼ਸਲ ਦੀ ਮੁਢਲੀ ਅਵਸਥਾ 'ਤੇ ਮੌਸਮ ਦਾ ਪ੍ਰਭਾਵ

ਝੋਨੇ ਦੇ ਸੀਜ਼ਨ ਦੀ ਸ਼ੁਰੂਆਤ (ਜੂਨ-ਜੁਲਾਈ 2018) ਵਿਚ ਪਿਛਲੇ ਸਾਲ ਦੇ ਮੁਕਾਬਲੇ ਪੰਜਾਬ ਦੇ 5 ਜ਼ੋਨਾਂ ਵਿੱਚੋਂ 4 ਜ਼ੋਨਾਂ 'ਚ ਮੌਨਸੂਨ ਦੀ ਬਾਰਿਸ਼ ਜ਼ਿਆਦਾ ਹੋਈ। ਝੋਨੇ ਦੇ ਵਧਣ-ਫੁੱਲਣ ਵੇਲੇ ਬੱਦਲਵਾਈ ਰਹਿਣ ਕਾਰਨ ਸੂਰਜ ਦੀ ਰੌਸ਼ਨੀ ਫ਼ਸਲ ਨੂੰ ਘੱਟ ਮਿਲੀ, ਜਿਸ ਨਾਲ ਫ਼ਸਲ 'ਤੇ ਮਾੜਾ ਪ੍ਰਭਾਵ ਪਿਆ। ਇਹ ਮੁਸ਼ਕਿਲ ਦੱਖਣ-ਪੱਛਮੀ ਜ਼ਿਲ੍ਹਿਆਂ ਫਿਰੋਜ਼ਪੁਰ, ਫਾਜ਼ਿਲਕਾ-ਅਬੋਹਰ, ਮੁਕਤਸਰ, ਬਠਿੰਡਾ ਤੇ ਮਾਨਸਾ, ਜਿੱਥੇ ਬੇਸ਼ੱਕ ਘੱਟ ਬਾਰਿਸ਼ ਹੋਈ ਪ੍ਰੰਤੂ ਬੱਦਲਵਾਈ ਬਣੀ ਰਹਿਣ ਕਾਰਨ ਵੀ ਪਾਈ ਗਈ।

### ਦਾਣੇ ਬਣਨ ਦੀ ਅਵਸਥਾ 'ਤੇ ਮੌਸਮੀ ਪ੍ਰਭਾਵ

ਝੋਨੇ ਦੀਆਂ ਕਿਸਮਾਂ ਦੇ ਪੱਕਣ ਦੇ ਵੱਖ-ਵੱਖ ਸਮੇਂ ਕਾਰਨ ਫ਼ਸਲ ਦਾ ਨਿਸਾਰਾ ਅਗਸਤ ਦੇ ਅਖ਼ੀਰਲੇ ਹਫ਼ਤੇ ਤੋਂ ਸਤੰਬਰ ਦੇ ਅਖ਼ੀਰਲ ਤਕ ਜਾਰੀ ਰਿਹਾ। ਸਤੰਬਰ ਦੇ ਅਖ਼ਰੀਲੇ ਹਫ਼ਤੇ ਪੰਜਾਬ ਦੇ ਕਰੀਬ ਸਾਰੇ ਜ਼ਿਲ੍ਹਿਆਂ 'ਚ ਭਾਰੀ ਬਾਰਿਸ਼ ਹੋਈ। ਇਸ ਬਾਰਿਸ਼ ਨੇ ਖਾਲੀ ਜਾਂ ਫੋਕੇ ਦਾਣਿਆਂ ਦੀ ਗਿਣਤੀ ਵਧਾ ਦਿੱਤੀ। ਬਾਰਿਸ਼ ਦੇ ਨਾਲ ਤੇਜ਼ ਹਵਾਵਾਂ ਕਾਰਨ ਲੰਬੇ ਕੱਦ ਵਾਲੀਆਂ ਕਿਸਮਾਂ ਡਿੱਗ ਪਈਆਂ। ਬੱਦਲਵਾਈ ਤੇ ਹਵਾ 'ਚ ਨਮੀ ਕਾਰਨ ਝੋਨੇ ਦੀ ਝੂਠੀ ਕਾਂਗਿਆਰੀ (ਹਲਦੀ ਰੋਗ) 'ਚ ਵੀ ਵਾਧਾ ਹੋਇਆ। ਇਨ੍ਹਾਂ ਦਿਨਾਂ ਵਿਚ ਸੂਬੇ 'ਚ ਪਈ ਬਾਰਿਸ਼ ਕਾਰਨ ਦਿਨ ਦੇ ਤਾਪਮਾਨ 'ਚ 4 ਤੋਂ 5 ਡਿਗਰੀ ਸੈਂਟੀਗਰੇਡ (ਕਈ ਦਿਨ ਇਸ ਤੋਂ ਵੀ ਜ਼ਿਆਦਾ) ਦੀ ਕਮੀ ਆਈ ਤੇ ਇਹ ਵਰਤਾਰਾ ਅੱਧ ਅਕਤੂਬਰ ਤਕ ਜਾਰੀ ਰਿਹਾ। ਮੌਸਮ ਦੇ ਇਸ ਪ੍ਰਭਾਵ ਨੇ ਪੌਦਿਆਂ ਦੀ ਪ੍ਰਕਾਸ਼-ਸੰਸਲੇਸ਼ਣ ਨੂੰ ਘਟਾ ਦਿੱਤਾ। ਪ੍ਰੰਤੂ ਰਾਤ ਦੇ ਤਾਪਮਾਨ 'ਚ ਸਿਰਫ਼ 1-2 ਡਿਗਰੀ ਸੈਂਟੀਗਰੇਡ ਦੀ ਕਮੀ ਆਈ। ਇਸ ਵਰਤਾਰੇ ਨੇ ਦਿਨ-ਰਾਤ ਦੇ ਤਾਪਮਾਨ ਦੀ ਵਿੱਥ ਨੂੰ ਘਟਾ ਦਿੱਤਾ। ਤਾਪਮਾਨ 'ਚ ਇਨ੍ਹਾਂ ਤਬਦੀਲੀਆਂ ਨੇ ਬੂਟਿਆਂ ਦੁਆਰਾ ਦਾਣਿਆਂ ਨੂੰ ਭੇਜੇ ਜਾਣ ਵਾਲੇ ਭੋਜਨ ਦੀ ਮਾਤਰਾ 'ਚ ਗਿਰਾਵਟ ਲੈ ਆਂਦੀ। ਜੋ ਝਾੜ ਦੇ ਘਟਣ ਦਾ ਮੁੱਖ ਕਾਰਨ ਬਣਿਆ। ਕੁੱਲ ਮਿਲਾ ਕੇ ਪੌਦੇ ਦੇ ਵਧਣ-ਫੁੱਲਣ, ਨਿਸਰਣ ਸਮੇਂ ਤੇ ਨਿਸਾਰ ਤੋਂ ਬਾਅਦ ਮੌਸਮ 'ਚ ਆਈਆਂ ਤਬਦੀਲੀਆਂ ਨੇ ਝਾੜ ਵਿਚ ਕਮੀ ਲਿਆਂਦੀ। ਖਾਲੀ ਦਾਣਿਆਂ (ਫੋਕ) ਦੀ ਮਾਤਰਾ 'ਚ ਵਾਧਾ ਤੇ ਦਾਣਿਆਂ ਦੇ ਭਾਰ 'ਚ ਕਮੀ ਦੀਆ ਰਿਪੋਰਟਾਂ ਖੋਜ ਤਜਰਬਿਆਂ ਅਤੇ ਕਿਸਾਨਾਂ ਦੇ ਖੇਤਾਂ ਵਿੱਚੋਂ ਵੀ ਮਿਲੀਆਂ ਹਨ। ਇਨ੍ਹਾਂ ਤੱਥਾਂ ਤੋਂ ਜ਼ਾਹਿਰ ਹੈ ਕਿ ਮੌਸਮੀ ਤਬਦੀਲੀਆਂ ਝਾੜ ਦੇ ਘਟਣ ਦਾ ਮੁੱਖ ਕਾਰਨ ਹਨ। ਝੋਨੇ ਦੇ ਵਧਣ-ਫੁੱਲਣ ਸਮੇਂ ਸੂਰਜੀ ਘੰਟਿਆਂ ਦਾ ਘਟਣਾ ਤੇ ਨਿਸਾਰ ਸਮੇਂ ਭਾਰੀ ਬਾਰਿਸ਼ਾਂ ਕਾਰਨ ਤਾਪਮਾਨ ਦਾ ਡਿਗਣਾ ਮੌਸਮੀ ਘਟਨਾਵਾਂ ਦਾ ਅਸੰਭਾਵਿਤ ਜੋੜ ਸੀ। ਮੌਸਮ ਵਿਚ ਇਸ ਤਰ੍ਹਾਂ ਦੀ ਸਥਿਤੀ ਕਈ ਦਹਾਕਿਆਂ ਬਾਅਦ ਬਣਦੀ ਹੈ।

### ਝੋਨੇ ਦੀ ਲੁਆਈ ਅਤੇ ਫ਼ਸਲੀ ਉਤਪਾਦਨ

ਜ਼ਮੀਨਦੋਜ਼ ਪਾਣੀ ਦੀ ਸੰਭਾਲ ਲਈ ਜਾਰੀ ਕੀਤੇ ਗਏ ਆਰਡੀਨੈਂਸ ਤਹਿਤ ਝੋਨੇ ਦੀ ਲੁਆਈ 10 ਜੂਨ ਤੋਂ ਕੀਤੇ ਜਾਣ ਦੀ ਆਗਿਆ ਹੈ। ਪਾਣੀ ਦੇ ਡਿੱਗ ਰਹੇ ਪੱਧਰ ਨੂੰ ਠੱਲ੍ਹ ਪਾਉਣ ਲਈ ਸਾਲ 2014 ਵਿਚ ਇਹ ਤਰੀਕ 15 ਜੂਨ ਮਿੱਥੀ ਗਈ ਸੀ। ਝੋਨੇ ਦੀ ਲੁਆਈ 'ਚ ਇਸ ਤਬਦੀਲੀ ਦਾ ਝਾੜ 'ਤੇ ਕੋਈ ਮਾੜਾ ਅਸਰ ਨਹੀਂ ਪਿਆ ਸਗੋਂ 2016 ਤੇ 2017 ਦੌਰਾਨ ਝੋਨੇ ਦੀ ਪੈਦਾਵਾਰ ਨੇ ਨਵੇਂ ਕੀਰਤੀਮਾਨ ਪੈਦਾ ਕੀਤੇ। ਇਨ੍ਹਾਂ ਸਾਲਾਂ ਦੌਰਾਨ ਪਹਿਲਾਂ ਨਾਲੋਂ ਘੱਟ ਸਮੇਂ 'ਚ ਪੱਕਣ ਵਾਲੀਆਂ ਕਿਸਮਾਂ ਦੀ ਕਾਸ਼ਤ ਲਈ ਸਿਫ਼ਾਰਸ਼ ਕੀਤੀ ਗਈ, ਜਿਨ੍ਹਾਂ ਨੇ ਝੋਨੇ ਦੀ ਲੁਆਈ ਦੀ ਮਿਤੀ ਨੂੰ ਮੌਨਸੂਨ ਦੀਆਂ ਬਾਰਿਸ਼ਾਂ ਦੇ ਸ਼ੁਰੂਆਤੀ ਸਮੇਂ ਵੱਲ ਕੀਤੇ ਜਾਣ ਦਾ ਇਕ ਹੋਰ ਮੌਕਾ ਦਿੱਤਾ। ਤਜਰਬਿਆਂ ਅਨੁਸਾਰ 25 ਜੂਨ ਨੂੰ ਲਗਾਏ ਗਏ ਝੋਨੇ ਨੇ 15 ਜੂਨ ਦੇ ਮੁਕਾਬਲੇ ਵਧੇਰੇ ਝਾੜ ਦਿੱਤਾ। ਤਜਰਬਿਆਂ ਅਨੁਸਾਰ ਇਨ੍ਹਾਂ ਵਰ੍ਹਿਆਂ ਦੌਰਾਨ 15 ਜੂਨ ਨੂੰ ਲਗਾਏ ਗਏ ਝੋਨੇ ਤੋਂ 31 ਕੁਇੰਟਲ ਪ੍ਰਤੀ ਏਕੜ ਝਾੜ ਪ੍ਰਾਪਤ ਹੋਇਆ, ਜਦਕਿ 25 ਜੂਨ ਨੂੰ ਝੋਨੇ ਦੀ ਲੁਆਈ ਕਰਨ 'ਤੇ ਇਹ ਝਾੜ 32.2 ਕੁਇੰਟਲ ਪ੍ਰਤੀ ਏਕੜ ਪ੍ਰਾਪਤ ਹੋਇਆ। 5 ਜੁਲਾਈ ਨੂੰ ਲਗਾਏ ਗਏ ਝੋਨੇ ਤੋਂ 28.9 ਕੁਇੰਟਲ ਪ੍ਰਤੀ ਏਕੜ ਝਾੜ ਪ੍ਰਾਪਤ ਹੋਇਆ।

#### ਲੁਧਿਆਣਾ 'ਚ ਬਾਰਿਸ਼ ਦੇ ਅੰਕੜੇ

ਲੁਧਿਆਣਾ ਜ਼ਿਲ੍ਹੇ ਵਿਚ 2017 ਅਤੇ 2018 ਦੌਰਾਨ ਹੋਈ ਬਾਰਿਸ਼ ਦੇ ਅੰਕੜਿਆਂ ਉੱਪਰ ਝਾਤੀ ਮਾਰੀ ਜਾਵੇ ਤਾਂ ਇਥੇ ਜੂਨ 2017 ਵਿਚ 127 ਮਿਲੀਮੀਟਰ ਅਤੇ ਜੂਨ 2018 ਵਿਚ 141.8 ਮਿਲੀਮੀਟਰ ਬਾਰਿਸ਼ ਹੋਈ। ਇਸੇ ਤਰ੍ਹਾਂ ਜੁਲਾਈ 2017 ਵਿਚ 112 ਅਤੇ ਜੁਲਾਈ 2018 ਵਿਚ 376.6 ਮਿਲੀਮੀਟਰ, ਅਗਸਤ 2017 ਵਿਚ 131.4 ਮਿਲੀਮੀਟਰ ਤੇ ਅਗਸਤ 2018 ਵਿਚ 74 ਮਿਲੀਮੀਟਰ ਬਾਰਿਸ਼ ਹੋਈ। ਇਸੇ ਤਰ੍ਹਾਂ ਸਤੰਬਰ 2017 ਵਿਚ ਲੁਧਿਆਣਾ ਜ਼ਿਲ੍ਹੇ ਵਿਚ 24.4 ਮਿਲੀਮੀਟਰ ਅਤੇ ਸਤੰਬਰ 2018 ਵਿਚ 250.6 ਮਿਲੀਮੀਟਰ ਬਾਰਿਸ਼ ਹੋਈ। ਇਸ ਹਿਸਾਬ ਨਾਲ ਇਨ੍ਹਾਂ ਮਹੀਨਿਆਂ ਦੌਰਾਨ ਸਾਲ 2017 ਦੌਰਾਨ ਕੁੱਲ ਬਾਰਿਸ਼ 394.8 ਮਿਲੀਮੀਟਰ ਅਤੇ ਸਾਲ 2018 ਦੌਰਾਨ 843 ਮਿਲੀਮੀਟਰ ਬਾਰਿਸ਼ ਰਿਕਾਰਡ ਕੀਤੀ ਗਈ।

#### ਬਰਸਾਤ ਤੇ ਬੱਦਲਵਾਈ ਦਾ ਅਸਰ

ਸੂਰਜੀ ਰੌਸ਼ਨੀ ਦੀ ਘਾਟ ਬੂਟੇ ਦੇ ਕੱਦ ਵਿਚ ਮਾਮੂਲੀ ਵਾਧਾ, ਨਿਸਾਰ ਵਿਚ 2-3 ਦਿਨ ਦੀ ਅਗੇਤ ਤੇ ਸ਼ਾਖਾਵਾਂ ਦੀ ਗਿਣਤੀ 'ਚ ਕਮੀ ਲਿਆਉਂਦੀ ਹੈ। ਪੀਏਯੂ ਲੁਧਿਆਣਾ ਅਤੇ ਖੋਜ ਕੇਂਦਰ ਕਪੂਰਥਲਾ ਵਿਖੇ ਝੋਨੇ ਦੀਆਂ ਵੱਖ-ਵੱਖ ਕਿਸਮਾਂ ਦੇ ਤਜਰਬਿਆਂ ਦੇ ਨਤੀਜਿਆਂ ਨੇ ਵੀ ਇਨ੍ਹਾਂ ਲੱਛਣਾਂ ਦੀ ਪੁਸ਼ਟੀ ਕੀਤੀ ਹੈ। ਜੇ ਮੌਸਮ ਦਾ ਮੁੱਖ ਪ੍ਰਭਾਵ ਸੀਜ਼ਨ ਦੇ ਅਖ਼ੀਰ ਵਿਚ ਪੈਂਦਾ ਤਾਂ ਕੁਝ ਕਿਸਮਾਂ ਪੱਕਣ ਦੇ ਸਮੇਂ ਦੇ ਵਖਰੇਵੇਂ ਕਾਰਨ ਇਸ ਤੋਂ ਬਚ ਸਕਦੀਆਂ ਸਨ ਪ੍ਰੰਤੂ ਸਾਰੀਆਂ ਕਿਸਮਾਂ ਦੇ ਝਾੜ ਵਿਚ ਗਿਰਾਵਟ ਤੋਂ ਇਹ ਸਪਸ਼ਟ ਹੈ ਕਿ ਸੀਜ਼ਨ ਦੇ ਸ਼ੁਰੂ ਵਿਚ ਬੱਦਲਵਾਈ ਰਹਿਣ ਘਟੇ ਸੂਰਜੀ ਘੰਟਿਆਂ ਨੇ ਫ਼ਸਲ ਦਾ ਝਾੜ ਘਟਾਉਣ 'ਚ ਮੁੱਖ ਭੂਮਿਕਾ ਨਿਭਾਈ।

### ਚਾਰ ਸਾਲਾਂ ਦਾ ਔਸਤ ਝਾੜ

2018 ਦੌਰਾਨ ਝੋਨੇ ਦੀ ਲੁਆਈ ਦੀ ਸ਼ੁਰੂਆਤੀ ਤਰੀਕ ਨੂੰ 20 ਜੂਨ ਮਿੱਥ ਦਿੱਤਾ ਗਿਆ। ਇਸ ਤਰ੍ਹਾਂ ਇਹ ਸੀਜ਼ਨ ਝੋਨੇ ਦੀ 20 ਜੂਨ ਤੋਂ ਲੁਆਈ ਨੂੰ ਲਾਗੂ ਕਰਨ ਦਾ ਪਹਿਲਾ ਸਾਲ ਸੀ। ਕੁਝ ਲੋਕ ਇਸ ਸਾਲ ਝਾੜ ਘਟਣ ਦਾ ਕਾਰਨ ਝੋਨੇ ਦੀ ਲੁਆਈ ਦੀ ਤਰੀਕ 'ਚ ਕੀਤੀ ਗਈ 5 ਦਿਨਾਂ ਦੀ ਤਬਦੀਲੀ ਨੂੰ ਸਮਝ ਰਹੇ ਹਨ। ਯੂਨੀਵਰਸਿਟੀ ਦੇ ਤਜਰਬੇ ਦਰਸਾਉਂਦੇ ਹਨ ਕਿ ਝੋਨੇ ਦੀ ਲੁਆਈ ਦੇ ਸਮੇਂ 'ਚ ਕੀਤੀ ਗਈ ਤਬਦੀਲੀ ਝੋਨੇ ਦੀ ਪੈਦਾਵਾਰ ਤੇ ਪਾਣੀ ਦੀ ਬਚਤ ਪੱਖੋਂ ਵਧੀਆ ਹੈ। ਝੋਨੇ ਦੀ ਨਵੀਂ ਲੁਆਈ ਮਿਤੀ (20 ਜੂਨ) ਦੇ ਸੰਭਾਵਿਤ ਪ੍ਰਭਾਵਾਂ ਦਾ ਜੇ ਸਹੀ ਮੁਲਾਂਕਣ ਕਰਨਾ ਹੋਵੇ ਤਾਂ ਸਾਨੂੰ ਦੇਖਣਾ ਪਵੇਗਾ ਕਿ ਜੂਨ ਮਹੀਨੇ ਵਿਚ ਕਿਹੜੇ ਸਮੇਂ ਦੌਰਾਨ ਕਿੰਨੇ ਫ਼ੀਸਦੀ ਲੁਆਈ ਹੋਈ। ਭਾਵੇਂ ਇਸ ਸਾਲ ਲੁਆਈ ਦੇ ਸਮੇਂ 'ਚ 5 ਦਿਨ ਵਾਧਾ ਕੀਤਾ ਗਿਆ, ਫਿਰ ਵੀ 30 ਜੂਨ ਤਕ ਕਰੀਬ 88 ਫ਼ੀਸਦੀ (19 ਜੂਨ ਤੋਂ ਪਹਿਲਾਂ 4 ਫ਼ੀਸਦੀ ਤੇ 20-30 ਜੂਨ ਦੌਰਾਨ 84 ਫ਼ੀਸਦੀ) ਰਕਬੇ ਉੱਪਰ ਪਰਮਲ ਝੋਨੇ ਦੀ ਲੁਆਈ ਹੋ ਗਈ ਸੀ। ਸਾਲ 2017 ਦੌਰਾਨ 95 ਫ਼ੀਸਦੀ ਰਕਬੇ ਉੱਪਰ (19 ਜੂਨ ਤੋਂ ਪਹਿਲਾਂ 37 ਫ਼ੀਸਦੀ ਤੇ 20 ਤੋਂ 30 ਜੂਨ ਦੌਰਾਨ 58 ਫ਼ੀਸਦੀ) ਪਰਮਲ ਝੋਨੇ ਦੀ ਲੁਆਈ ਹੋਈ ਸੀ। 2017 ਦੌਰਾਨ 4 ਫ਼ੀਸਦੀ ਰਕਬੇ 'ਤੇ ਲੁਆਈ ਜੁਲਾਈ ਮਹੀਨੇ ਵਿਚ ਹੋਈ ਜਦਕਿ ਲੁਆਈ ਦੀ ਮਿਤੀ 15 ਤੋਂ 20 ਜੂਨ ਸਰਕਾਉਣ ਨਾਲ ਇਸ ਸਾਲ 8 ਫ਼ੀਸਦੀ ਦੇ ਵਾਧੇ ਨਾਲ 12 ਫ਼ੀਸਦੀ ਰਕਬੇ 'ਤੇ ਝੋਨੇ ਦੀ ਲੁਆਈ ਜੁਲਾਈ ਮਹੀਨੇ ਦੌਰਾਨ ਹੋਈ। ਇਸ ਤੋਂ ਉਜਾਗਰ ਹੁੰਦਾ ਹੈ ਕਿ ਨਾ ਸਿਰਫ਼ 8 ਫ਼ੀਸਦੀ ਵੱਧ ਰਕਬੇ ਉੱਪਰ ਲੁਆਈ ਜੁਲਾਈ ਮਹੀਨੇ ਵਿਚ ਹੋਈ, ਜੋ ਕਿ ਪਰਮਲ ਝੋਨੇ ਹੇਠ ਰਕਬੇ ਦਾ ਥੋੜ੍ਹਾ ਜਿਹਾ ਹਿੱਸਾ ਹੈ। ਜੇ ਬਾਸਮਤੀ ਦੀ ਗੱਲ੍ਹ ਕਰੀਏ ਤਾਂ ਲੁਆਈ ਦੀ ਮਿਤੀ ਸਰਕਾਉਣ ਦਾ ਬਾਸਮਤੀ ਦੀ ਲੁਆਈ ਦੇ ਸਮੇਂ ਉੱਪਰ ਕੋਈ ਫ਼ਰਕ ਨਹੀਂ ਪਿਆ। ਉਕਤ ਤੱਥਾਂ ਤੋਂ ਜ਼ਾਹਿਰ ਹੈ ਕਿ ਲੁਆਈ ਦੇ ਅਸਲ ਸਮੇਂ ਵਿਚ ਕੋਈ ਭਾਰੀ ਤਬਦੀਲੀ ਨਹੀਂ ਆਈ ਪ੍ਰੰਤੂ ਫਿਰ ਵੀ ਝਾੜ 'ਚ ਆਈ ਕਮੀ ਨੂੰ ਲੁਆਈ ਦੇ ਸਮੇਂ ਦੇ ਸੰਦਰਭ ਵਿਚ ਗਹੁ ਨਾਲ ਵੇਖਣ ਦੀ ਲੋੜ ਹੈ।

### ਜ਼ਿਆਦਾਤਰ ਕਿਸਮਾਂ ਦੇ ਝਾੜ 'ਚ ਗਿਰਾਵਟ

ਝੋਨਾ ਸੈਕਸ਼ਨ ਤੇ ਖੋਜ ਕੇਂਦਰ ਕਪੂਰਥਲਾ ਵਿਖੇ ਝੋਨੇ ਦੀਆਂ ਵੱਖ-ਵੱਖ ਕਿਸਮਾਂ ਦੇ ਵੱਖ-ਵੱਖ ਸਮੇਂ 'ਤੇ ਲੁਆਈ ਦੇ ਤਜਰਬਿਆਂ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਸਾਲ 2018 ਦੌਰਾਨ 2017 ਦੇ ਮੁਕਾਬਲੇ ਸਾਰੀਆਂ ਤਰੀਕਾਂ (20 ਜੂਨ, 27 ਜੂਨ ਤੇ 5 ਜੁਲਾਈ) ਨੂੰ ਲਾਏ ਗਏ ਝੋਨੇ ਦੇ ਝਾੜ 'ਚ ਕਮੀ ਪਾਈ ਗਈ। ਅੰਕੜਿਆਂ ਅਨੁਸਾਰ ਦੋਹਾਂ ਸਾਲਾਂ ਦੌਰਾਨ 27 ਜੂਨ ਤੋਂ ਲਾਏ ਗਏ ਝੋਨੇ ਨੇ ਵੱਧ ਝਾੜ ਦਿਤਾ ਤੇ ਇਸ ਸਾਲ ਪਿਛਲੇ ਸਾਲ ਦੇ ਮੁਕਾਬਲੇ 27 ਜੂਨ ਤੇ 5 ਜੁਲਾਈ ਨੂੰ ਲਾਏ ਗਏ ਝੋਨੇ ਦੇ ਝਾੜ ਵਿਚ ਕਰੀਬ ਬਰਾਬਰ ਦੀ ਗਿਰਾਵਟ ਦਰਜ ਕੀਤੀ ਗਈ। ਮੁਕਤਸਰ ਜ਼ਿਲ੍ਹੇ ਨੂੰ ਸੇਮ ਕਾਰਣ ਛੂਟ ਅਧੀਨ ਦੋਹਾਂ ਸਾਲਾਂ ਵਿਚ ਅਗੇਤੀ ਲੁਆਈ ਦੀਆਂ ਉਦਾਹਰਣਾਂ ਮੌਜੂਦ ਹਨ। ਜ਼ਿਲ੍ਹੇ ਦੇ 8 ਪਿੰਡਾਂ 'ਚੋਂ ਲਏ ਘਏ ਅੰਕੜਿਆਂ (10 ਤੋਂ 20 ਜੂਨ ਲੁਆਈ) ਮੁਤਾਬਿਕ 2017 ਦੇ ਮੁਕਾਬਲੇ 2018 'ਚ ਝਾੜ ਘਟਿਆ ਹੈ।

ਗੁਆਂਢੀ ਸੂਬੇ ਹਰਿਆਣਾ ਵਿਚ ਵੀ ਝੋਨੇ ਦਾ ਝਾੜ ਘਟਿਆ ਹੈ, ਜਿਥੇ ਝੋਨੇ ਦੀ ਲੁਆਈ ਦੀ ਤਰੀਕ 15 ਜੂਨ ਹੈ। ਇਸ ਤੋਂ ਸਾਬਤ ਹੁੰਦਾ ਹੈ ਕਿ ਝਾੜ ਘਟਣ ਦਾ ਲੁਆਈ ਦੀ ਤਰੀਕ ਨਾਲ ਕੋਈ ਸਬੰਧ ਨਹੀਂ ਹੈ। ਮੌਸਮੀ ਤਬਦੀਲੀ ਨਾਲ ਸਾਰੀਆਂ ਕਿਸਮਾਂ ਦੇ ਝਾੜ 'ਚ ਕਮੀ ਆਈ। ਘੱਟ ਸਮਾਂ ਲੈਣ ਵਾਲੀ ਪੀਆਰ-126 ਤੋਂ ਲੈ ਕੇ ਵੱਧ ਸਮਾਂ ਲੈਣ ਵਾਲੀ ਪੂਸਾ-44 ਵੀ ਪ੍ਰਭਾਵਿਤ ਹੋਈਆਂ ਪ੍ਰੰਤੂ ਪੀਆਰ-114 ਕਿਸਮ ਘੱਟ ਪ੍ਰਭਾਵਿਤ ਹੋਈ ਸਗੋਂ ਕਈ ਜਗ੍ਹਾ ਇਸ ਦੇ ਝਾੜ 'ਚ ਵਾਧਾ ਦਰਜ ਕੀਤਾ ਗਿਆ। ਉਕਤ ਤੱਥਾਂ ਦੇ ਮੱਦੇਨਜ਼ਰ ਸਾਨੂੰ ਇਸ ਸਾਲ ਦੀ ਮੌਸਮੀ ਕਰੂਪਤਾ ਤੋਂ ਘਬਰਾ ਕੇ, ਪਾਣੀ ਬਚਾਉਣ ਦੇ ਮੰਤਵ ਨਾਲ ਬਣਾਈ ਹੋਈ ਦੂਰਅੰਦੇਸ਼ੀ ਯੋਜਨਾ ਤੋਂ ਪਿੱਛੇ ਨਹੀਂ ਹਟਣਾ ਚਾਹੀਦਾ। •



**ਸਰਦੀਆਂ ਦਾ ਮੌਸਮ ਕੋਰ੍ਹੇ ਕਾਰਨ ਫ਼ਸਲਾਂ ਲਈ ਚੁਣੌਤੀਆਂ ਵਾਲਾ ਹੁੰਦਾ ਹੈ। ਫਲ਼ਦਾਰ ਬੂਟਿਆਂ ਨੂੰ ਕੁੱਲੀਆਂ ਬਣਾ ਕੇ ਜਾਂ ਉੱਚੀ ਵਾੜ ਕਰ ਕੇ ਕੋਰ੍ਹੇ ਤੋਂ ਬਚਾਇਆ ਜਾ ਸਕਦਾ ਹੈ। ਇਹ ਮੌਸਮ ਖੁੰਭ ਦੀ ਨਵੀਂ ਉਪਜ ਲੈਣ ਲਈ ਕੰਪੋਸਟ ਤਿਆਰ ਲਈ ਜਿੱਥੇ ਬਿਹਤਰ ਹੈ, ਉੱਥੇ ਸਬਜ਼ੀਆਂ ਦੀ ਸਾਂਭ-ਸੰਭਾਲ ਵੱਲ ਵੀ ਉਚੇਚਾ ਧਿਆਨ ਦੇਣ ਦੀ ਲੋੜ ਹੈ...**

# ਦਸੰਬਰ ਮਹੀਨੇ ਦੇ ਬਾਗ਼ਬਾਨੀ ਰੁਝੇਵੇਂ



• ਡਾ. ਸੁਖਦੀਪ ਸਿੰਘ ਹੁੰਦਲ
75080-18842

ਦਸੰਬਰ ਮਹੀਨੇ ਠੰਡ ਪੂਰੇ ਜੋਬਨ 'ਤੇ ਹੁੰਦੀ ਹੈ ਅਤੇ ਇਹ ਮੌਸਮ ਬਾਗ਼ਬਾਨੀ ਫ਼ਸਲਾਂ ਲਈ ਚੁਣੌਤੀ ਭਰਿਆ ਹੁੰਦਾ ਹੈ। ਇਸ ਮਹੀਨੇ ਰਾਤ ਸਮੇਂ ਕੋਰ੍ਹਾ ਪੈਣ ਦੀ ਸੰਭਾਵਨਾ ਰਹਿੰਦੀ ਹੈ। ਬੂਟਿਆਂ ਦਾ ਵਾਧਾ ਰੁਕ ਜਾਂਦਾ ਹੈ। ਪਤਝੜੀ ਬੂਟੇ ਆਪਣੇ ਪੱਤੇ ਝਾੜ ਦਿੰਦੇ ਹਨ।

### ਕੋਰ੍ਹੇ ਤੋਂ ਬਚਾਅ

ਕੋਰ੍ਹੇ ਤੋਂ ਬਚਾਅ ਲਈ ਅੰਬ, ਲੀਚੀ, ਪਪੀਤਾ, ਅਮਰੂਦ ਦੇ ਬੂਟਿਆ ਦੇ ਦੁਆਲੇ ਕੁੱਲੀਆਂ ਬੰਨ੍ਹ ਦਿਓ ਤੇ ਰਾਤ ਸਮੇਂ ਬੂਟਿਆਂ ਨੂੰ ਹਲਕਾ ਪਾਣੀ ਲਾ ਦਿਓ। ਇਸ ਤੋਂ ਇਲਾਵਾ ਸੰਘਣੀ ਹਵਾ ਰੋਕੂ ਵਾੜ ਲਗਾ ਕੇ, ਬੂਟਿਆਂ ਨੂੰ ਹੈੱਡ-ਬੈਕ ਕਰ ਕੇ, ਬੂਟਿਆਂ ਨੂੰ ਦੇਸੀ ਢੇਰ ਪਾ ਕੇ, ਬੂਟਿਆਂ ਦੁਆਲੇ ਧੂੰਆਂ ਕਰ ਕੇ ਵੀ ਕੋਰ੍ਹੇ ਦੇ ਅਸਰ ਨੂੰ ਘੱਟ ਕੀਤਾ ਜਾ ਸਕਦਾ ਹੈ।

### ਫੁੱਲਾਂ ਦੀ ਦੇਖਭਾਲ

ਗੇਂਦੇ ਦੇ ਬੀਜ ਉਤਪਾਦਨ ਲਈ ਫੁੱਲ ਛਾਂਟਣ ਦਾ ਇਹ ਢੁੱਕਵਾਂ ਸਮਾਂ ਹੈ, ਇਸ ਲਈ ਗੁੰਦਵੇਂ ਤੇ ਤੰਦਰੁਸਤ ਫੁੱਲਾਂ ਦੀ ਚੋਣ ਕਰੋ। ਗਲੈਡੀਓਲਸ ਦੇ ਬੂਟਿਆਂ ਨੂੰ 3-6 ਪੱਤੇ ਆਉਣ 'ਤੇ ਨਾਈਟਰੋਜਨ ਖਾਦ ਦੀ ਪਹਿਲੀ ਜਾਂ ਦੂਜੀ ਕਿਸ਼ਤ ਪਾ ਕੇ ਮਿੱਟੀ ਚੜ੍ਹਾ ਦਿਓ। ਕਰੋਟਨ, ਡਾਈਫਨਬੇਚੀਆ, ਪਾਮ ਦੇ ਬੂਟਿਆਂ ਨੂੰ ਕੋਰ੍ਹੇ ਤੋਂ ਬਚਾਉਣ ਦਾ ਪ੍ਰਬੰਧ ਕਰੋ। ਗੁਲਾਬ ਦੀ ਪਿਉਂਦ ਦਾ ਢੁੱਕਵਾਂ ਸਮਾਂ ਹੈ ਇਸ ਲਈ ਮਨਪਸੰਦ ਕਿਸਮਾਂ ਦੀ ਪਿਉਂਦ ਹੁਣ ਕਰ ਦੇਵੋ। ਮੌਸਮੀ ਫੁੱਲਾਂ ਅਤੇ ਘਾਹ ਦੇ ਲਾਅਨ ਨੂੰ ਕੋਰ੍ਹੇ ਤੋਂ ਬਚਾਉਣ ਲਈ ਹਲਕੀ ਸਿੰਚਾਈ ਕਰੋ। ਗੁਲਦਾਉਦੀ ਦੇ ਸੁੱਕੇ ਹੋਏ ਫੁੱਲਾਂ ਨੂੰ ਬੂਟਿਆਂ ਨਾਲੋ ਤੋੜ ਦੇਵੋ।



### ਫਲ਼ਦਾਰ ਬੂਟਿਆਂ ਦੀ ਸੰਭਾਲ

ਅਮਰੂਦ, ਬੇਰ, ਔਲ਼ੇ ਤੇ ਲੁਕਾਠ ਦੇ ਬੂਟਿਆਂ ਨੂੰ ਛੱਡ ਕੇ ਸਾਰੇ ਫਲ਼ਦਾਰ ਬੂਟਿਆਂ ਨੂੰ ਰੂੜੀ ਦੀ ਖਾਦ ਪਾ ਦਿਓ। ਨਾਸ਼ਪਾਤੀ, ਆੜੂ, ਅਲੂਚਾ ਤੇ ਲੀਚੀ ਦੇ ਬੂਟਿਆਂ ਨੂੰ ਸਿੰਗਲ ਸੁਪਰਫਾਸਫੇਟ ਤੇ ਪੋਟਾਸ਼ ਖਾਦ ਵੀ ਬੂਟੇ ਦੀ ਉਮਰ ਦੇ ਹਿਸਾਬ ਪਾਓ। ਪੱਤਝੜ ਰੁੱਤ ਦੇ ਫਲ਼ਦਾਰ ਬੂਟੇ ਜਿਵੇਂ ਨਾਸ਼ਪਾਤੀ, ਆੜੂ, ਅਲੂਚਾ, ਅੰਜ਼ੀਰ, ਅੰਗੂਰ ਨੂੰ ਲਗਾਉਣ ਦਾ ਢੁੱਕਵਾਂ ਸਮਾਂ ਨਜ਼ਦੀਕ ਆ ਰਿਹਾ ਹੈ।

ਇਨ੍ਹਾਂ ਬੂਟਿਆਂ ਨੂੰ ਲਗਾਉਣ ਲਈ ਬਾਗ਼ਬਾਨੀ ਮਾਹਿਰ ਦੀ ਸਲਾਹ ਨਾਲ ਹੁਣ ਤੋਂ ਹੀ ਵਿਉਂਤਬੰਦੀ ਕਰ ਲਵੋ ਤੇ ਬਾਗ਼ਬਾਨੀ ਵਿਭਾਗ, ਪੀਏਯੂ ਜਾਂ ਮਨਜ਼ੂਰਸ਼ੁਦਾ ਨਰਸਰੀਆਂ ਤੋਂ ਬੂਟਿਆਂ ਦਾ ਪ੍ਰਬੰਧ ਵੀ ਹੁਣ ਤੋਂ ਹੀ ਕਰ ਲਵੋ। ਬੇਰ ਦੇ ਫਲ਼ ਦੇ ਵਾਧੇ ਲਈ ਲੋੜ ਅਨੁਸਾਰ ਪਾਣੀ ਲਾਓ ਤੇ ਚਿੱਟੇ ਧੂੜੇ ਦੇ ਰੋਗ ਤੋਂ ਬਚਾਅ ਲਈ 0.5 ਮਿਲੀਲਿਟਰ ਕੈਰਾਥੇਨ ਦਵਾਈ ਇਕ ਲੀਟਰ ਪਾਣੀ ਵਿਚ ਘੋਲ ਕੇ ਸਪਰੇਅ ਕਰੋ। ਅਮਰੂਦ, ਮਾਲਟਾ, ਗਰੇਪਫਰੂਟ ਦੇ ਫਲ਼ਾਂ ਦੀ ਤੁੜਾਈ ਕਰ ਲਵੋ।



ਪੱਤਝੜ ਰੁੱਤ ਦੇ ਫਲ਼ਦਾਰ ਬੂਟਿਆਂ ਦੀ ਕਾਂਟ-ਛਾਂਟ, ਜਦੋਂ ਇਹ ਪੱਤੇ ਝਾੜ ਦੇਣ ਤਾਂ ਇਸ ਮਹੀਨੇ ਦੇ ਅਖ਼ੀਰ ਵਿਚ ਕਰ ਦਿਓ। ਅੰਬਾਂ ਦੇ ਬੂਟਿਆਂ ਤੇ ਮੀਲੀ ਬੱਗ ਕੀੜੇ ਨੂੰ ਬੂਟਿਆਂ 'ਤੇ ਚੜ੍ਹਨ ਤੋਂ ਰੋਕਣ ਲਈ ਇੰਨ੍ਹਾਂ ਦੇ ਤਣਿਆਂ ਦੁਆਲੇ ਇਕ ਮੀਟਰ ਉਚਾਈ 'ਤੇ ਪਲਾਸਟਿਕ ਦੀ ਸ਼ੀਟ ਦੀ ਤਿਲਕਵੀ ਪੱਟੀ ਬੰਨ੍ਹ ਦਿਓ। ਨਿੰਬੂ ਜਾਤੀ ਦੇ ਫਲ਼ਾਂ ਨੂੰ ਕੋਹੜ ਰੋਗ ਤੋਂ ਬਚਾਉਣ ਲਈ 0.1 ਗ੍ਰਾਮ ਸਟ੍ਰੈਪਟੋਸਾਈਕਲੀਨ ਤੇ 0.2 ਗ੍ਰਾਮ ਨੀਲਾ ਥੋਥਾ ਪ੍ਰਤੀ ਲੀਟਰ ਪਾਣੀ ਦੇ ਹਿਸਾਬ ਨਾਲ ਸਪਰੇਅ ਕਰੋ। •

#### ਖੁੰਭਾਂ ਦੀ ਪੈਦਾਵਾਰ

ਬਟਨ ਖੁੰਭ ਦੀ ਤੁੜਾਈ ਤੇ ਸੰਭਾਲ ਕਰੋ। ਖੁੰਭ ਦੀ ਦੂਸਰੀ ਫ਼ਸਲ ਲਈ ਕੰਪੋਸਟ ਤਿਆਰ ਕਰਨਾ ਸ਼ੁਰੂ ਕਰ ਦਿਓ ਤੇ ਕਮਰਿਆਂ ਨੂੰ ਫਾਰਮਾਲੀਨ ਦਵਾਈ ਨਾਲ ਕਿਟਾਣੂ ਰਹਿਤ ਕਰ ਲਵੋ। ਢੀਂਗਰੀ ਦੀ ਕਟਾਈ ਕਰਦੇ ਰਹੋ ਤੇ ਇਸ ਦੀ ਲਗਾਤਾਰ ਪੈਦਾਵਾਰ ਲੈਣ ਲਈ ਨਵੇਂ ਲਿਫ਼ਾਫ਼ੇ ਲਗਾਉਣੇ ਜਾਰੀ ਰੱਖੋ।



#### ਸ਼ਹਿਦ ਦੀਆਂ ਮੱਖੀਆਂ ਦੀ ਸਾਂਭ-ਸੰਭਾਲ

ਸ਼ਹਿਦ ਦੀਆਂ ਮੱਖੀਆਂ ਦੇ ਬਕਸਿਆਂ ਦਾ ਧੁੱਪ ਵਿਚ ਨਿਰੀਖਣ ਕਰਦੇ ਰਹੋ। ਜੇਕਰ ਬਕਸੇ ਛਾਵੇਂ ਹਨ ਤਾਂ ਉਨ੍ਹਾਂ ਨੂੰ ਧੁੱਪੇ ਰੱਖ ਦੇਵੋ। ਜੇ ਮੱਖੀਆਂ ਲਈ ਖ਼ੁਰਾਕ ਦੀ ਕਮੀ ਹੋਵੇ ਤਾਂ ਖੰਡ : ਪਾਣੀ 2:1 ਅਨੁਪਾਤ ਵਿਚ ਦੇ ਕੇ ਪੂਰਤੀ ਕਰੋ। ਸ਼ਹਿਦ ਲੈਣ ਲਈ ਬਕਸਿਆਂ ਨੂੰ ਬੇਰੀਆਂ ਤੇ ਤੋਰੀਏ ਦੀ ਫ਼ਸਲ ਦੇ ਨੇੜੇ ਰੱਖੋ। ਬਕਸਿਆਂ ਨੂੰ ਠੰਡ ਤੋਂ ਬਚਾਉਣ ਲਈ ਬਕਸੇ ਵਿਚਲੀਆਂ ਤਰੇੜਾਂ ਨੂੰ ਲਿੱਪ ਕੇ ਭਰ ਦੇਵੋ ਤੇ ਬਕਸਿਆਂ ਅੰਦਰ ਖ਼ਾਲੀ ਥਾਵਾਂ 'ਤੇ ਸਰਦੀ ਵਾਲੀ ਪੈਕਿੰਗ ਲਗਾ ਦੇਵੋ।



#### ਸਬਜ਼ੀਆਂ ਦੀਆਂ ਫ਼ਸਲਾਂ

ਟਮਾਟਰ ਦੀ ਪਨੀਰੀ ਇਸ ਮਹੀਨੇ ਦੇ ਪਹਿਲੇ ਪੰਦਰਵਾੜੇ ਛੌਰਾ ਕਰ ਕੇ ਬਿਜਾਈ ਕਰ ਦਿਓ। ਪਿਆਜ਼ ਦੀ ਪਨੀਰੀ ਨੂੰ ਨਦੀਨ ਮੁਕਤ ਰੱਖਣ ਲਈ ਹਲਕੀ ਗੋਡੀ ਕਰੋ। ਮੂਲੀ, ਸ਼ਲਗਮ, ਗਾਜਰ ਦੀਆਂ ਅੰਗਰੇਜ਼ੀ ਕਿਸਮਾਂ ਦੀ ਬਿਜਾਈ ਬੰਦ ਕਰ ਦਿਓ। ਗੋਭੀ ਦੇ ਬੀਜ ਉਤਪਾਦਨ ਲਈ ਵੱਡੇ ਫੁੱਲਾਂ ਵਾਲੇ ਬੂਟਿਆਂ ਨੂੰ ਜੜ੍ਹਾਂ ਸਮੇਤ ਪੁੱਟ ਕੇ ਦੂਸਰੀ ਜਗ੍ਹਾ 'ਤੇ ਲਗਾ ਦਿਓ। ਮੂਲੀ, ਗਾਜਰ, ਸ਼ਲਗਮ ਦੇ ਬੀਜ ਉਤਪਾਦਨ ਲਈ ਡੱਕ ਲਗਾ ਦਿਓ ਅਤੇ ਲਗਾਉਣ ਤੋਂ ਪਹਿਲਾਂ 220 ਗ੍ਰਾਮ ਯੂਰੀਆ ਤੇ 315 ਗ੍ਰਾਮ ਸਿੰਗਲ ਸੁਪਰਫਾਸਫੇਟ ਖਾਦ ਪ੍ਰਤੀ ਮਰਲਾ ਪਾਓ। ਆਲੂ ਦੀ ਫ਼ਸਲ ਨੂੰ ਅੱਧ ਦਸੰਬਰ ਤੋਂ ਬਾਅਦ ਪਾਣੀ ਦੇਣਾ ਬੰਦ ਕਰ ਦੇਵੋ ਤੇ ਮਹੀਨੇ ਦੇ ਅੰਤ 'ਚ ਪੱਤੇ ਕੱਟ ਦਿਓ ਤਾਂ ਜੋ ਆਲੂ ਦਾ ਵਾਧਾ ਹੋ ਸਕੇ ਅਤੇ ਜੇਕਰ ਪਛੇਤੇ ਝੁਲਸ ਰੋਗ ਦਾ ਹਮਲਾ ਨਜ਼ਰ ਆਵੇ ਤਾਂ 2 ਗ੍ਰਾਮ ਰਿਡੋਮਿਲ ਗੋਲਡ ਜਾਂ ਕਰਜ਼ਟ ਐੱਮ-8 ਜਾਂ ਸੈਕਟਿਨ ਜਾਂ ਈਕੂਏਸ਼ਨ ਪ੍ਰੋ ਜਾਂ ਰੀਵਸ ਜਾਂ ਮੈਲੋਡੀ ਡੂਓ ਦਾ ਪ੍ਰਤੀ ਲੀਟਰ ਪਾਣੀ ਦੇ ਹਿਸਾਬ ਨਾਲ ਸਪਰੇਅ ਕਰੋ। ਮਟਰ ਦੀ ਫ਼ਸਲ ਨੂੰ ਸੁਰੰਗੀ ਕੀੜੇ ਤੋਂ ਬਚਾਉਣ ਲਈ 4 ਮਿਲੀਲਿਟਰ ਰੋਗਰ ਇਕ ਲੀਟਰ ਪਾਣੀ ਦੇ ਹਿਸਾਬ ਨਾਲ ਸਪਰੇਅ ਕਰੋ।



# ਫ਼ਸਲੀ ਵਿਭਿੰਨਤਾ ਦਾ ਪਾਂਧੀ ਨਿਰਭੈ ਸਿੰਘ

**ਨਿਰਭੈ ਸਿੰਘ ਨੇ ਚਾਰ ਏਕੜ ਜ਼ਮੀਨ 'ਤੇ ਖੇਤੀ ਦੀ ਸ਼ੁਰੂਆਤ ਕੀਤੀ। ਆਧੁਨਿਕ ਖੇਤੀ ਤਕਨੀਕਾਂ ਦੇ ਨਾਲ-ਨਾਲ ਉਨ੍ਹਾਂ ਨੇ ਸਬਜ਼ੀਆਂ ਦੀ ਪਨੀਰੀ ਤਿਆਰ ਕਰਨ, ਦੁੱਧ ਤੋਂ ਉਤਪਾਦਨ ਤਿਆਰ ਕਰਨ ਵਰਗੇ ਧੰਦੇ ਸ਼ੁਰੂ ਕੀਤੇ ਤੇ ਅੱਜ ਲੋਕ ਉਨ੍ਹਾਂ ਨੂੰ 'ਨਰਸਰੀ ਕਿੰਗ' ਦੇ ਨਾਂ ਨਾਲ ਜਾਣਦੇ ਹਨ...**

• ਕੁਲਵੀਰ ਕੌਰ

ਪਿੰਡ ਸੁੱਖਾ ਸਿੰਘਵਾਲਾ ਜ਼ਿਲ੍ਹਾ ਬਠਿੰਡਾ ਦਾ ਰਹਿਣ ਵਾਲਾ ਸਫਲ ਕਿਸਾਨ ਹੈ ਨਿਰਭੈ ਸਿੰਘ, ਜਿਸ ਨੇ ਆਪਣੀ ਮੁਹਾਰਤ ਤੇ ਮਿਹਨਤ ਸਦਕਾ ਫ਼ਸਲ ਵਿਭਿੰਨਤਾ ਨੂੰ ਅਪਣਾ ਕੇ ਸਫਲਤਾ ਦੀਆਂ ਬੁਲੰਦੀਆਂ ਨੂੰ ਛੋਹਿਆ ਹੈ। ਬੀਏ ਭਾਗ ਦੂਜਾ ਤਕ ਪੜ੍ਹਾਈ ਤੋਂ ਬਾਅਦ ਉਨ੍ਹਾਂ ਨੇ ਗਿਆਨੀ ਅਤੇ ਡਰਾਫ਼ਟਸਮੈਨ ਸਿਵਲ ਦਾ ਡਿਪਲੋਮਾ ਕੀਤਾ ਤੇ ਪੜ੍ਹਾਈ ਉਪਰੰਤ ਫ਼ੌਜ ਦੀ ਨੌਕਰੀ ਕੀਤੀ।

### ਰਵਾਇਤੀ ਖੇਤੀ ਤੋਂ ਆਧੁਨਿਕਤਾ ਵੱਲ

ਨਿਰਭੈ ਸਿੰਘ ਕੋਲ ਆਪਣੀ ਸਾਢੇ ਚਾਰ ਏਕੜ ਜ਼ਮੀਨ ਹੈ। 1966 ਵਿਚ ਉਨ੍ਹਾਂ ਨੇ ਇਕ ਕਨਾਲ ਰਕਬੇ 'ਚ ਸਬਜ਼ੀਆਂ ਉਗਾਉਣ ਦੀ ਸ਼ੁਰੂਆਤ ਕੀਤੀ ਤੇ ਬਾਕੀ ਰਕਬੇ 'ਚ ਕਣਕ ਤੇ ਨਰਮੇ ਦੀ ਕਾਸ਼ਤ ਕਰਦੇ ਰਹੇ। 2003 ਵਿਚ ਫ਼ੌਜ ਦੀ ਨੌਕਰੀ ਤੋਂ ਰਿਟਾਇਰਮੈਂਟ ਉਨ੍ਹਾਂ ਨੇ ਪੂਰਾ ਧਿਆਨ ਖੇਤੀ ਵੱਲ ਦੇਣਾ ਸ਼ੁਰੂ ਕੀਤਾ। ਉਨ੍ਹਾਂ ਨੇ ਕ੍ਰਿਸ਼ੀ ਵਿਗਿਆਨ ਕੇਂਦਰ ਬਠਿੰਡਾ ਤੋਂ ਸ਼ਹਿਦ ਦੀਆਂ ਮੱਖੀਆਂ ਪਾਲਣ ਦੀ ਸਿਖਲਾਈ ਪ੍ਰਾਪਤ ਕੀਤੀ। ਖੇਤੀ ਸਬੰਧੀ ਨਵੀਆਂ ਤਕਨੀਕਾਂ ਦੀ ਜਾਣਕਾਰੀ ਲਈ ਉਨ੍ਹਾਂ ਨੇ ਤਿੰਨ ਮਹੀਨੇ ਦਾ 'ਫਾਰਮਰਜ਼ ਟ੍ਰੇਨਿੰਗ' ਕੋਰਸ ਕੀਤਾ ਅਤੇ ਬਾਅਦ ਵਿਚ ਮਿਰਚਾਂ ਦੇ ਦੋਗਲੇ ਬੀਜ ਉਤਪਾਦਨ ਦੀ ਸਿਖਲਾਈ ਲਈ। ਸਿਖਲਾਈ ਉਪਰੰਤ 2011 ਵਿਚ ਉਨ੍ਹਾਂ ਨੇ ਦੋ ਏਕੜ ਰਕਬੇ 'ਚ ਮਿਰਚਾਂ, ਟਮਾਟਰ ਤੇ ਪਿਆਜ਼ ਦੀ ਪਨੀਰੀ ਲਗਾਈ ਅਤੇ ਬਾਕੀ ਰਕਬੇ 'ਚ ਕਣਕ ਤੇ ਨਰਮੇ ਦੀ ਫ਼ਸਲ ਦਾ ਉਤਪਾਦਨ ਕੀਤਾ। ਹੌਲੀ-ਹੌਲੀ ਉਹ ਕਣਕ-ਨਰਮੇ ਹੇਠੋਂ ਰਕਬਾ ਘਟਾਉਂਦੇ ਗਏ । ਉਹ ਆਪਣੇ ਭਰਾ ਦੇ ਸਾਢੇ ਚਾਰ ਏਕੜ ਰਕਬੇ 'ਤੇ ਵੀ ਸਬਜ਼ੀਆਂ ਦਾ ਉਤਪਾਦਨ ਕਰਨ ਲੱਗੇ । ਇਸ ਸਮੇਂ ਨਿਰਭੈ ਸਿੰਘ ਨੌਂ ਏਕੜ ਜ਼ਮੀਨ 'ਤੇ ਖੇਤੀ ਕਰ ਰਹੇ ਹਨ।

### ਸਬਜ਼ੀਆਂ ਦੀ ਪਨੀਰੀ ਤਿਆਰ ਕਰਨਾ

ਨਿਰਭੈ ਸਿੰਘ ਇਸ ਸਮੇਂ ਚਾਰ ਏਕੜ ਰਕਬੇ 'ਚ ਸਬਜ਼ੀਆਂ ਦੀ ਪਨੀਰੀ ਉਗਾ ਰਹੇ ਹਨ, ਜਿਸ ਵਿਚ ਪਿਆਜ਼, ਮਿਰਚਾਂ, ਟਮਾਟਰ, ਬੈਂਗਣ, ਬੈਂਗਣੀ, ਸ਼ਿਮਲਾ ਮਿਰਚ, ਬੰਦ ਗੋਭੀ, ਬਰੌਕਲੀ ਆਦਿ ਸ਼ਾਮਲ ਹਨ। ਉਹ ਪਿਆਜ਼, ਟਮਾਟਰ, ਸ਼ਿਮਲਾ ਮਿਰਚ, ਗੋਭੀ ਦੀ ਪਨੀਰੀ ਲੈਣ ਉਪਰੰਤ ਉਸੇ ਰਕਬੇ ਵਿੱਚੋਂ ਪਿਆਜ਼ ਦੀ ਫ਼ਸਲ ਲੈਂਦੇ ਹਨ। ਹੁਣ ਉਹ ਡੇਢ ਏਕੜ ਵਿਚ ਸ਼ਕਰਕੰਦੀ ਦੀ ਕਾਸ਼ਤ ਕਰਦੇ ਹਨ ਤੇ ਢਾਈ ਏਕੜ ਵਿਚ ਪਿਆਜ਼ ਦੇ ਬੀਜ ਦਾ ਉਤਪਾਦਨ ਕਰਦੇ ਹਨ। ਸਬਜ਼ੀਆਂ ਦੀ ਪਨੀਰੀ ਵੇਚ ਕੇ ਉਹ ਕਾਫ਼ੀ ਮੁਨਾਫ਼ਾ ਕਮਾ ਰਹੇ ਹਨ। ਉਨ੍ਹਾਂ ਦੱਸਿਆ ਕਿ ਉਹ ਪਿਆਜ਼ ਦੀ 'ਪੰਜਾਬ ਨਰੋਆ' ਤੇ 'ਪੀਆਰ-6' ਕਿਸਮ ਦੀ ਪਨੀਰੀ 15 ਰੁਪਏ ਵਰਗ ਫੁੱਟ ਤੇ ਪਿਆਜ਼ ਦੋਗਲੀ ਕਿਸਮ ਦੀ ਪਨੀਰੀ 25 ਤੋਂ 30 ਰੁਪਏ ਵਰਗ ਫੁੱਟ ਦੇ ਹਿਸਾਬ ਨਾਲ ਵੇਚਦੇ ਹਨ। ਉਨ੍ਹਾਂ ਨੇ ਇਕ ਕਨਾਲ ਰਕਬੇ 'ਚ 'ਪੌਲੀ ਹਾਊਸ' ਵੀ ਲਗਾਇਆ ਹੋਇਆ ਹੈ, ਜਿਸ ਵਿਚ ਉਹ ਸ਼ਿਮਲਾ ਮਿਰਚ ਤੇ ਟਮਾਟਰ ਦੀ ਅਗੇਤੀ ਨਰਸਰੀ ਤਿਆਰ ਕਰਦੇ ਹਨ। ਇਸ ਤੋਂ ਇਲਾਵਾ ਉਨ੍ਹਾਂ ਨੇ ਡੇਢ ਕਨਾਲ ਵਿਚ 'ਸ਼ੈੱਡ ਨੈੱਟ' ਤੇ ਇਕ ਕਨਾਲ ਵਿਚ 'ਨੈੱਟ ਹਾਊਸ' ਵੀ ਲਗਾਇਆ ਹੈ। ਨਿਰਭੈ ਸਿੰਘ ਵਿਗਿਆਨਕ ਤਰੀਕੇ ਨਾਲ ਖੇਤੀ ਕਰਦੇ ਹਨ ਤੇ ਕੁਦਰਤੀ ਵਸੀਲਿਆਂ ਪ੍ਰਤੀ ਪੂਰੀ ਤਰ੍ਹਾਂ ਜਾਗਰੂਕ ਹਨ। ਪਾਣੀ ਦੀ ਬੱਚਤ ਲਈ ਉਹ ਪਟੜੀਆਂ 'ਤੇ ਸਬਜ਼ੀਆਂ ਉਗਾਉਂਦੇ ਹਨ। ਖੇਤਾਂ ਵਿਚ ਪਰਾਲੀ ਨੂੰ ਉਹ ਮਲਚਿੰਗ ਲਈ ਇਸਤੇਮਾਲ ਕਰਦੇ ਹਨ। ਉਹ ਹਰੀ ਖਾਦ ਲਈ ਉਹ ਗਵਾਰੇ ਦੀ ਫ਼ਸਲ ਉਗਾਉਂਦੇ ਹਨ ਤੇ ਜ਼ਮੀਨ ਦੀ ਸਿਹਤ ਨੂੰ ਬਰਕਰਾਰ ਰੱਖਣ ਲਈ ਖੇਤਾਂ 'ਚ ਰੂੜੀ ਦੀ ਖਾਦ ਵਰਤਦੇ ਹਨ।

### ਬਠਿੰਡੇ ਦਾ ਨਰਸਰੀ ਕਿੰਗ

ਨਿਰਭੈ ਸਿੰਘ ਅੱਧਾ ਏਕੜ ਰਕਬੇ 'ਚ ਫੁੱਲਾਂ ਤੇ ਫ਼ਲਾਂ ਦੀ ਖੇਤੀ ਵੀ ਕਰਦੇ ਹਨ, ਜਿਸ ਵਿਚ ਸਜਾਵਟੀ ਬੂਟੇ, ਛਾਂ-ਦਾਰ ਬੂਟੇ, ਘਰੇਲੂ ਸਜਾਵਟੀ ਬੂਟੇ, ਟਿੰਬਰ ਦਰਖ਼ਤ, ਫਲ਼ਦਾਰ ਬੂਟੇ- ਅਮਰੂਦ, ਕਿੰਨੂ, ਬੇਰ, ਨਿੰਬੂ, ਸੰਤਰਾ ਆਦਿ ਸ਼ਾਮਲ ਹਨ। ਇਨ੍ਹਾਂ ਵਸੀਲਿਆਂ ਤੋਂ ਉਨ੍ਹਾਂ ਨੂੰ 4 ਲੱਖ ਰੁਪਏ ਦੀ ਆਮਦਨ ਹੁੰਦੀ ਹੈ। ਫਲ਼ਾਂ ਤੇ ਫੁੱਲਾਂ ਦੀ ਖੇਤੀ ਤੋਂ ਉਨ੍ਹਾਂ ਨੂੰ ਸਾਲਾਨਾ 7 ਲੱਖ ਰੁਪਏ ਦਾ ਮੁਨਾਫ਼ਾ ਹੁੰਦਾ ਹੈ। ਉਹ ਇਕ ਸਾਲ ਵਿਚ ਸਬਜ਼ੀਆਂ ਦੇ ਬੀਜਾਂ ਦੀਆਂ ਕਿਟਸ ਲਗਪਗ ਵੀਹ ਰੁਪਏ ਪ੍ਰਤੀ ਕਿਸਮ ਦੇ ਹਿਸਾਬ ਨਾਲ ਵੇਚ ਕੇ ਉਹ ਸਾਲਾਨਾ ਚਾਰ ਲੱਖ ਰੁਪਏ ਮੁਨਾਫ਼ਾ ਕਮਾਉਂਦੇ ਹਨ। ਫੁੱਲਾਂ ਦੀ ਨਰਸਰੀ ਤੋਂ ਇਲਾਵਾ ਉਹ ਪਲਾਸਟਿਕ, ਸੀਮਿੰਟ ਤੇ ਮਿੱਟੀ ਦੇ ਗਮਲੇ ਵੀ ਵੇਚਦੇ ਹਨ।

ਇਸ ਤੋਂ ਇਲਾਵਾ ਉਹ ਬਗ਼ੀਚੀਆਂ ਵਾਸਤੇ ਢਾਈ ਤੋਂ ਤਿੰਨ ਰੁਪਏ ਪ੍ਰਤੀ ਵਰਗ ਫੁੱਟ ਦੇ ਹਿਸਾਬ ਨਾਲ ਸਜਾਵਟੀ ਘਾਹ ਦੀ ਵੀ ਵਿਕਰੀ ਕਰਦੇ ਹਨ। ਉਨ੍ਹਾਂ ਨੇ ਬਠਿੰਡਾ-ਮਾਨਸਾ ਸੜਕ 'ਤੇ ਖ਼ਾਲਸਾ ਫਾਰਮ ਪ੍ਰੋਡਕਟਸ ਦੇ ਨਾਂ ਨਾਲ ਨਰਸਰੀ ਕਾਇਮ ਕੀਤੀ ਹੋਈ ਹੈ। ਉਨ੍ਹਾਂ ਦੀਆਂ ਪ੍ਰਾਪਤੀਆਂ ਤੋਂ ਪ੍ਰਭਾਵਿਤ ਹੋ ਕੇ ਕਈ ਕਿਸਾਨਾਂ ਨੇ ਸਬਜ਼ੀਆਂ ਤੇ ਨਰਸਰੀ ਦਾ ਕੰਮ ਸ਼ੁਰੂ ਕੀਤਾ ਹੈ। ਆਪਣੇ ਇਲਾਕੇ ਵਿਚ ਉਹ 'ਨਰਸਰੀ ਕਿੰਗ' ਦੇ ਨਾਂ ਨਾਲ ਜਾਣੇ ਜਾਂਦੇ ਹਨ। •

#### ਮਾਣ-ਸਨਮਾਨ

ਨਿਰਭੈ ਸਿੰਘ ਨੂੰ ਆਧੁਨਿਕ ਤਰੀਕਿਆਂ ਨਾਲ ਖੇਤੀ ਕਰਨ ਲਈ ਕਈ ਮਾਣ-ਸਨਮਾਨ ਪ੍ਰਾਪਤ ਹੋ ਚੁੱਕੇ ਹਨ। 'ਆਤਮਾ' ਬਠਿੰਡਾ ਵੱਲੋਂ ਉਨ੍ਹਾਂ ਨੂੰ ਅਗਾਂਹਵਧੂ ਕਿਸਾਨ ਐਵਾਰਡ, ਪੀਏਯੂ ਵੱਲੋਂ ਵਧੀਆ ਪਿਆਜ਼ ਉਤਪਾਦਨ ਲਈ ਪਹਿਲੇ ਤੇ ਦੂਜੇ ਇਨਾਮ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ। 2013 ਵਿਚ ਪੀਏਯੂ ਲੁਧਿਆਣਾ ਵੱਲੋਂ ਉਨ੍ਹਾਂ ਨੂੰ 'ਸੁਰਜੀਤ ਸਿੰਘ ਢਿੱਲੋਂ ਐਵਾਰਡ' ਨਾਲ ਨਿਵਾਜਿਆ ਜਾ ਚੁੱਕਾ ਹੈ। ਬਾਗ਼ਬਾਨੀ ਖੇਤਰ 'ਚ ਪ੍ਰਾਪਤੀਆਂ ਲਈ ਸਨਮਾਨ ਤੋਂ ਇਲਾਵਾ ਉਨ੍ਹਾਂ ਨੂੰ ਜੱਟ ਐਕਸਪੋ ਐਵਾਰਡ ਨਾਲ ਵੀ ਸਨਮਾਨਿਤ ਕੀਤਾ ਜਾ ਚੁੱਕਾ ਹੈ। 2017 ਵਿਚ ਇੰਡੀਅਨ ਕੌਂਸਲ ਆਫ ਐਗਰੀਕਲਚਰਲ ਰਿਸਰਚ ਵੱਲੋਂ ਉਨ੍ਹਾਂ ਨੂੰ ਨੈਸ਼ਨਲ ਤੇ ਜ਼ੋਨਲ ਪੱਧਰ ਦਾ 'ਪੰਡਿਤ ਦੀਨ ਦਿਆਲ ਉਪਾਧਿਆਏ ਕ੍ਰਿਸ਼ੀ ਪੁਰਸਕਾਰ ਤੇ 50 ਹਜ਼ਾਰ ਰੁਪਏ ਦੀ ਰਾਸ਼ੀ ਨਾਲ ਸਨਮਾਨਿਤ ਕੀਤਾ ਗਿਆ।



#### ਦੁੱਧ ਤੋਂ ਬਣੇ ਪਦਾਰਥਾਂ ਦੀ ਵਿਕਰੀ

2015 ਵਿਚ ਉਨ੍ਹਾਂ ਨੇ ਐੱਨਡੀਆਰਆਈ ਕਰਨਾਲ ਤੋਂ ਦੁੱਧ ਅਤੇ ਦੁੱਧ ਤੋਂ ਬਣਨ ਵਾਲੇ ਪਦਾਰਥਾਂ ਸਬੰਧੀ ਸਿਖਲਾਈ ਪ੍ਰਾਪਤ ਕੀਤੀ। ਇਸ ਉਪਰੰਤ ਉਨ੍ਹਾਂ ਨੇ ਇਕ ਕਨਾਲ ਰਕਬੇ ਵਿਚ ਡਿਸਪਲੇਅ ਡੀਜ਼ਾਈਨ ਬਣਾਇਆ, ਜਿਸ ਦਾ ਨਾਂ 'ਵੇਰਕਾ ਮਿਲਕ ਬਾਰ ਹੱਟ' ਰੱਖਿਆ। ਇਥੇ ਉਹ ਵੇਰਕਾ ਦੁੱਧ ਤੇ ਦੁੱਧ ਤੋਂ ਬਣੇ ਪਦਾਰਥ ਵੇਚਦੇ ਹਨ, ਜਿਸ ਤੋਂ ਉਨ੍ਹਾਂ ਨੂੰ ਰੋਜ਼ਾਨਾ ਤਿੰਨ ਹਜ਼ਾਰ ਰੁਪਏ ਆਮਦਨ ਹੁੰਦੀ ਹੈ। ਉਹ ਹਲਦੀ, ਮਿਰਚ, ਮਸਾਲੇ, ਗੁੜ, ਸ਼ੱਕਰ ਤੇ ਸ਼ਹਿਦ ਵੀ ਵੇਚਦੇ ਹਨ।

# ਗਵਰਨਰ ਪੰਜਾਬ ਗੁਲਾਬ ਚੰਦ ਕਟਾਰੀਆ ਵੱਲੋਂ ਨਸ਼ਿਆਂ ਵਿਰੁੱਧ ਚਲਾਈ ਜਾ ਰਹੀ ਜਾਗਰੂਕਤਾ ਮੁਹਿੰਮ ਸ਼ਲਾਘਾ




**ਪਟਿਆਲਾ, 16 ਦਸੰਬਰ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਪ੍ਰਸ਼ਾਸਨ ਅਤੇ ਇੰਡੀਅਨ ਰੈੱਡ ਕਰਾਸ ਸੁਸਾਇਟੀ ਸਟੇਟ ਬ੍ਰਾਂਚ ਚੰਡੀਗੜ੍ਹ ਦੇ ਸਕੱਤਰ ਸ਼ਿਵਦੁਲਾਰ ਸਿੰਘ ਢਿੱਲੋਂ ਦੀ ਸਰਪ੍ਰਸਤੀ ਹੇਠ ,ਪੰਜਾਬ ਅਤੇ ਪਟਿਆਲਾ ਜ਼ਿਲ੍ਹੇ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ, ਯੁਵਕ ਸੇਵਾਵਾਂ ਕਲੱਬ ਦੀਪ ਨਗਰ, ਪਾਵਰ ਹਾਊਸ ਯੁਵਕ ਸੇਵਾਵਾਂ ਕਲੱਬ ਰਣਜੀਤ ਨਗਰ, ਪੰਜਾਬ ਰੈਡ ਕਰਾਸ ਨਸ਼ਾ ਛੁਡਾਊ ਅਤੇ ਪੁਨਰਵਾਸ ਕੇਂਦਰ ਪਟਿਆਲਾ, ਸਾਕੇਤ ਹਸਪਤਾਲ, ਪੰਜਾਬ ਪੁਲਿਸ, ਸਾਂਝ ਕੇਂਦਰ ਪਟਿਆਲਾ ਵਲੋਂ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮਾਂ ਦਾ ਆਯੋਜਨ ਪੰਜਾਬ ਦੇ ਵੱਖ ਵੱਖ ਸ਼ਹਿਰਾਂ, ਪਿੰਡਾਂ, ਕਸਬਿਆਂ, ਸਕੂਲਾਂ, ਕਾਲਜਾਂ, ਯੂਨੀਵਰਸਿਟੀ ਵਿਖੇ ਲੜੀਵਾਰ ਕੀਤਾ ਜਾ ਰਿਹਾ ਹੈ। ਇਸ ਤਹਿਤ ਇੰਡੀਅਨ ਰੈੱਡ ਕਰਾਸ ਸੁਸਾਇਟੀ ਸਟੇਟ ਬ੍ਰਾਂਚ ਚੰਡੀਗੜ੍ਹ ਦੇ ਸਕੱਤਰ ਸ਼ਿਵਦੁਲਾਰ ਸਿੰਘ ਢਿੱਲੋਂ ਦੀ ਅਗਵਾਈ ਹੇਠ ਮਾਨਯੋਗ ਗਵਰਨਰ ਪੰਜਾਬ ਸ਼੍ਰੀ ਗੁਲਾਬ ਚੰਦ ਕਟਾਰੀਆ ਨਾਲ ਪਰਮਿੰਦਰ ਭਲਵਾਨ ਮੈਂਬਰ ਨਸਾ ਮੁਕਤ ਭਾਰਤ ਅਭਿਆਨ, ਪਰਮਿੰਦਰ ਕੌਰ ਮਨਚੰਦਾ ਪ੍ਰੋਜੈਕਟ ਡਾਇਰੈਕਟਰ ਸਾਕੇਤ ਹਸਪਤਾਲ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸਾ ਮੁਕਤ ਭਾਰਤ ਅਭਿਆਨ, ਸਟੇਟ ਐਵਾਰਡੀ ਰੁਪਿੰਦਰ ਕੌਰ, ਰੁਦਰਪ੍ਰਤਾਪ ਸਿੰਘ ਨੇ ਮੁਲਾਕਾਤ ਕੀਤੀ। ਇਹਨਾਂ ਮੈਂਬਰਾਂ ਨੇ ਮਾਨਯੋਗ ਗਵਰਨਰ ਪੰਜਾਬ ਸ਼੍ਰੀ ਗੁਲਾਬ ਚੰਦ ਕਟਾਰੀਆ ਨੂੰ ਦੱਸਿਆ ਕਿ ਉਹਨਾਂ ਦੀਆਂ ਸਮਾਜ ਸੇਵੀ ਸੰਸਥਾਵਾਂ ਅਤੇ ਸਾਕੇਤ ਪਟਿਆਲਾ ਵਲੋਂ ਪਿਛਲੇ 12 ਸਾਲਾਂ ਤੋਂ ਨਸ਼ਿਆਂ ਵਿਰੁੱਧ ਤਕਰੀਬਨ 2000 ਤੋਂ ਵੱਧ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਪੰਜਾਬ ਦੇ ਵੱਖ ਵੱਖ ਸ਼ਹਿਰਾਂ ਵਿੱਚ ਕੀਤਾ ਗਿਆ ਹੈ। ਇਸ ਮੌਕੇ ਗਵਰਨਰ ਪੰਜਾਬ ਸ੍ਰੀ ਗੁਲਾਬ ਚੰਦ ਕਟਾਰੀਆ ਜੀ ਨੇ ਭਲਵਾਨ, ਗਰੇਵਾਲ, ਰੁਪਿੰਦਰ, ਰੁਦਰਪ੍ਰਤਾਪ ਸਿੰਘ ਵੱਲੋਂ ਕੀਤੇ ਜਾ ਰਹੇ ਨਸ਼ਿਆਂ ਵਿਰੁੱਧ ਜਾਗਰੂਕਤਾ ਪ੍ਰੋਗਰਾਮਾਂ ਅਤੇ ਸਮਾਜ ਸੇਵੀ ਕਾਰਜਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹਨਾਂ ਵਲੋਂ ਵੱਖ ਵੱਖ ਖੇਤਰਾਂ ਵਿਚ ਕੀਤੇ ਜਾ ਰਹੇ ਸਮਾਜ ਸੇਵੀ ਕਾਰਜ ਸ਼ਲਾਘਾਯੋਗ ਹਨ ਸਭ ਤੋਂ ਸ਼ਲਾਘਾਯੋਗ ਕਦਮ ਇਹਨਾਂ ਦੀ ਟੀਮ ਵੱਲੋਂ ਨਸ਼ਿਆਂ ਵਿਰੁੱਧ ਛੇੜੀ ਮੁਹਿੰਮ ਹੈ। ਇਸ ਮੌਕੇ ਪਰਮਿੰਦਰ ਭਲਵਾਨ, ਜਤਵਿੰਦਰ ਗਰੇਵਾਲ, ਨੇ ਮਾਨਯੋਗ ਗਵਰਨਰ ਪੰਜਾਬ ਸ੍ਰੀ ਗੁਲਾਬ ਚੰਦ ਕਟਾਰੀਆ ਜੀ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹਨਾਂ ਵਲੋਂ ਜੋ ਉਹਨਾਂ ਦੀ ਟੀਮ ਨੂੰ ਨਸ਼ਿਆਂ ਵਿਰੁੱਧ ਜਾਗਰੂਕਤਾ ਮੁਹਿੰਮ ਵਿੱਚ ਹੋਰ ਵੱਧ ਚੜ ਕੇ ਕੰਮ ਲਈ ਪ੍ਰੇਰਿਤ ਕਰਨਾ ਉਨ੍ਹਾਂ ਦੀ ਟੀਮ ਲਈ ਮਾਣ ਦੀ ਗੱਲ ਹੈ। ਇਸ ਮੌਕੇ ਗਵਰਨਰ ਪੰਜਾਬ ਗੁਲਾਬ ਚੰਦ ਕਟਾਰੀਆ ਵਲੋਂ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਪਬਲਿਕ ਨੂੰ ਡਰੱਗ ਫਰੀ ਵਲੱਡ ਕੈਲੋਫੋਰਨੀਆਂ ਅਮਰੀਕਾ ਵਲੋਂ ਨਸ਼ਿਆਂ ਦੀ ਸਚਾਈ ਬਾਰੇ ਮੁਫ਼ਤ ਕਿਤਾਬਾਂ ਵੀ ਵੰਡੀਆਂ ਗਈਆਂ।

# ਸੁਖਦੇਵ ਸਿੰਘ ਢੀਂਡਸਾ ਨੇ ਤਖ਼ਤ ਸ੍ਰੀ ਦਮਦਮਾ ਸਾਹਿਬ ਵਿਖੇ ਧਾਰਮਿਕ ਸੇਵਾ ਕੀਤੀ



**ਤਲਵੰਡੀ ਸਾਬੋ, 16 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸੁਣਾਈ ਗਈ ਧਾਰਮਿਕ ਸੇਵਾ ਕਰਨ ਲਈ ਸੀਨੀਅਰ ਅਕਾਲੀ ਆਗੂ ਤੇ ਸ਼੍ਰੋਮਣੀ ਅਕਾਲੀ ਦਲ ਸੁਧਾਰ ਲਹਿਰ ਦੇ ਸਾਬਕਾ ਸਰਪ੍ਰਸਤ ਸੁਖਦੇਵ ਸਿੰਘ ਢੀਂਡਸਾ ਅੱਜ ਤਖ਼ਤ ਦਮਦਮਾ ਸਾਹਿਬ ਪੁੱਜੇ ਤੇ ਸੇਵਾ ਨਿਭਾਈ। ਉਨ੍ਹਾਂ ਪਹਿਲਾਂ ਸਵੇਰੇ 9 ਤੋਂ 10 ਵਜੇ ਤੱਕ ਤਖ਼ਤ ਸਾਹਿਬ ਦੇ ਮੁੱਖ ਦੁਆਰ ਅੱਗੇ ਚਰਨ ਕੁੰਡ ਕੋਲ ਨੀਲਾ ਚੋਲਾ ਪਹਿਨ ਅਤੇ ਹੱਥ ਵਿੱਚ ਬਰਛਾ ਫੜ ਕੇ ਚੋਬਦਾਰ (ਪਹਿਰੇਦਾਰ) ਵਜੋਂ ਸੇਵਾ ਕੀਤੀ।

ਇਸ ਮਗਰੋਂ ਇੱਕ ਘੰਟਾ ਗੁਰਬਾਣੀ ਕੀਰਤਨ ਸਵਰਣ ਕੀਤਾ। ਉਸ ਤੋਂ ਬਾਅਦ ਉਨ੍ਹਾਂ ਮਾਤਾ ਸੁੰਦਰ ਕੌਰ ਲੰਗਰ ਹਾਲ ਵਿੱਚ ਦਸ ਕੁ ਮਿੰਟ ਹੀ ਜੂਠੇ ਭਾਂਡੇ ਮਾਂਜਣੇ ਦੀ ਸੇਵਾ ਕੀਤੀ। ਉਹ ਸਿਹਤ ਠੀਕ ਨਾ ਹੋਣ ਕਰ ਕੇ ਜ਼ਿਆਦਾ ਦੇਰ ਇਹ ਸੇਵਾ ਨਾ ਕਰ ਸਕੇ। ਇਸ ਮੌਕੇ ਉਨ੍ਹਾਂ ਨਾਲ ਵੀ ਵੱਡੀ ਗਿਣਤੀ ਅਕਾਲੀ ਆਗੂ ਹਾਜ਼ਰ ਸਨ।

# ਪਟਿਆਲਾ ਜ਼ਿਲ੍ਹੇ 'ਚ ਨਗਰ ਕੌਂਸਲ ਤੇ ਨਗਰ ਪੰਚਾਇਤ ਚੋਣਾਂ ਲਈ ਆਬਜ਼ਰਵਰ ਹਰਬੀਰ ਸਿੰਘ ਵੱਲੋਂ ਚੋਣ ਪ੍ਰਬੰਧਾਂ ਦਾ ਜਾਇਜ਼ਾ



ਨਗਰ ਕੌਂਸਲਾਂ ਤੇ ਨਗਰ ਪੰਚਾਇਤਾਂ ਲਈ ਤਾਇਨਾਤ ਨਿਗਰਾਨ ਹਰਬੀਰ ਸਿੰਘ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਤੇ ਹੋਰ ਅਧਿਕਾਰੀਆਂ ਨਾਲ ਮੀਟਿੰਗ ਦੌਰਾਨ।

**ਪਟਿਆਲਾ, 16 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

21 ਦਸੰਬਰ ਨੂੰ ਨਗਰ ਕੌਂਸਲ ਤੇ ਨਗਰ ਪੰਚਾਇਤਾਂ ਦੀਆਂ ਹੋਣ ਵਾਲੀਆਂ ਆਮ ਚੋਣਾਂ ਤੇ ਉਪ ਚੋਣਾਂ ਦੇ ਮੱਦੇਨਜ਼ਰ ਚੋਣ ਅਮਲ ਪੂਰੀ ਨਿਰਪੱਖਤਾ, ਪਾਰਦਰਸ਼ਤਾ ਤੇ ਨਿਰਵਿਘਨਤਾ ਨਾਲ ਨੇਪਰੇ ਚਾੜਨ ਲਈ ਰਾਜ ਚੋਣ ਕਮਿਸ਼ਨ ਵੱਲੋਂ ਤਾਇਨਾਤ ਅਬਜ਼ਰਵਰ ਸੀਨੀਅਰ ਆਈ.ਏ.ਐਸ. ਅਤੇ ਪਸ਼ੂ ਪਾਲਣ, ਮੱਛੀ ਪਾਲਣ ਤੇ ਡੇਅਰੀ ਵਿਕਾਸ ਵਿਭਾਗਾਂ ਦੇ ਵਿਸ਼ੇਸ਼ ਸਕੱਤਰ ਹਰਬੀਰ ਸਿੰਘ ਨੇ ਅੱਜ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਸਮੇਤ ਹੋਰ ਅਧਿਕਾਰੀਆਂ ਨਾਲ ਬੈਠਕ ਕੀਤੀ।

ਚੋਣ ਆਬਜ਼ਰਵਰ ਹਰਬੀਰ ਸਿੰਘ ਨੇ ਕਿਹਾ ਕਿ ਇਹ ਚੋਣਾਂ ਆਜ਼ਾਦਾਨਾ, ਨਿਰਪੱਖ ਤੇ ਪੂਰੀ ਪਾਰਦਸ਼ਤਾ ਨਾਲ ਕਰਵਾਉਣੀਆਂ ਯਕੀਨੀ ਬਨਾਉਣ ਲਈ ਰਾਜ ਚੋਣ ਕਮਿਸ਼ਨ ਦੀਆਂ ਹਦਾਇਤਾਂ ਤੇ ਨਿਯਮਾਂ ਦੀ ਇੰਨ ਬਿੰਨ ਪਾਲਣਾ ਸਖਤੀ ਨਾਲ ਕੀਤੀ ਜਾਵੇ। ਉਨ੍ਹਾਂ ਨੇ ਵੋਟਾਂ ਬਾਅਦ ਈ.ਐਮ.ਐਮਜ਼ ਨੂੰ ਰੱਖਣ ਲਈ ਸਰਕਾਰੀ ਬਹੁਤਕਨੀਕੀ ਕਾਲਜ ਵਿਖੇ ਬਣਾਏ ਗਏ ਸਟਰਾਂਗ ਰੂਮ ਅਤੇ ਬੀ.ਡੀ.ਪੀ.ਓ. ਦਫ਼ਤਰ ਸਨੌਰ ਦਾ ਦੌਰਾ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਨਗਰ ਕੌਂਸਲ ਸਨੌਰ ਦੇ ਰਿਟਰਨਿੰਗ ਅਧਿਕਾਰੀ ਨਵਦੀਪ ਕੁਮਾਰ, ਨਗਰ ਨਿਗਮ ਦੇ ਸੰਯੁਕਤ ਕਮਿਸ਼ਨਰ ਬਬਨਦੀਪ ਸਿੰਘ ਵਾਲੀਆ ਅਤੇ ਐਸ.ਪੀ. ਸਥਾਨਕ ਹਰਬੰਤ ਕੌਰ ਵੀ ਮੌਜੂਦ ਸਨ।

ਜਿਕਰਯੋਗ ਹੈ ਕਿ ਪਟਿਆਲਾ ਜ਼ਿਲ੍ਹੇ ਅੰਦਰ ਨਗਰ ਕੌਂਸਲ ਸਨੌਰ ਸਮੇਤ ਨਗਰ ਪੰਚਾਇਤਾਂ ਘਨੌਰ, ਦੇਵੀਗੜ੍ਹ, ਭਾਦਸੋਂ ਤੇ ਘੱਗਾ ਦੀਆਂ ਆਮ ਚੋਣਾਂ ਤੋਂ ਇਲਾਵਾ ਸਮਾਣਾ, ਰਾਜਪੁਰਾ, ਨਾਭਾ ਤੇ ਪਾਤੜਾਂ ਨਗਰ ਕੌਂਸਲਾਂ ਦੀ ਇੱਕ-ਇੱਕ ਵਾਰਡ ਵਿੱਚ ਉਪ ਚੋਣ ਵੀ ਹੋਰ ਰਹੀ ਹੈ, ਜਿਸ ਲਈ ਰਾਜ ਚੋਣ ਕਮਿਸ਼ਨ ਨੇ ਹਰਬੀਰ ਸਿੰਘ ਨੂੰ ਨਿਗਰਾਨ ਤਾਇਨਾਤ ਕੀਤਾ ਹੈ।

ਚੋਣ ਆਬਜ਼ਰਵਰ ਹਰਬੀਰ ਸਿੰਘ ਨੇ ਪੋਲਿੰਗ ਬੂਥਾਂ ਸਬੰਧੀ ਪੋਲਿੰਗ ਬੂਥਾਂ ਦੀ ਸੰਵੇਦਨਸ਼ੀਲਤਾ ਬਾਰੇ ਜਾਣਕਾਰੀ ਹਾਸਲ ਕਰਦਿਆਂ ਸਮੂਹ ਰਿਟਰਨਿੰਗ ਅਫ਼ਸਰਾਂ ਨੂੰ ਹਦਾਇਤ ਕੀਤੀ ਕਿ ਆਪਣੇ ਅਧੀਨ ਨਗਰ ਕੌਂਸਲਾਂ ਤੇ ਨਗਰ ਪੰਚਾਇਤਾਂ ਵਿਖੇ ਸਮੁੱਚਾ ਚੋਣ ਅਮਲ ਨਿਰਵਿਘਨਤਾ ਸਹਿਤ ਨੇਪਰੇ ਚੜ੍ਹਾਇਆ ਜਾਵੇ।

ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਦੱਸਿਆ ਕਿ ਚੋਣ ਅਮਲੇ ਦੀਆਂ ਰਿਹਰਸਲਾਂ ਕਰਵਾਉਣ ਸਮੇਤ ਵੋਟਾਂ ਪੁਆਉਣ ਲਈ ਸੁਰੱਖਿਆ ਸਮੇਤ ਸਮੁੱਚੇ ਪ੍ਰਬੰਧ ਮੁਕੰਮਲ ਹਨ।

## ਉਰਦੂ ਭਾਸ਼ਾ ਦੀ ਸਿਖਲਾਈ ਜਨਵਰੀ ਤੋਂ ਹੋਵੇਗੀ ਸ਼ੁਰੂ : ਜ਼ਿਲ੍ਹਾ ਭਾਸ਼ਾ ਅਫ਼ਸਰ

**ਪਟਿਆਲਾ, 16 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਸ਼ਾ ਵਿਭਾਗ, ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਧੀਨ ਜ਼ਿਲ੍ਹਾ ਭਾਸ਼ਾ ਦਫ਼ਤਰ, ਪਟਿਆਲਾ ਵਿਖੇ ਜਨਵਰੀ 2025 ਤੋਂ 'ਉਰਦੂ ਆਮੋਜ਼' ਦੀ ਸਿਖਲਾਈ ਦੀਆਂ ਜਮਾਤਾਂ ਸ਼ੁਰੂ ਹੋਣ ਜਾ ਰਹੀਆਂ ਹਨ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਮਨਜਿੰਦਰ ਸਿੰਘ ਨੇ ਦੱਸਿਆ ਕਿ ਉਰਦੂ ਭਾਸ਼ਾ ਇਕ ਬਹੁਤ ਹੀ ਮਿੱਠੀ ਤੇ ਪਿਆਰੀ ਜ਼ੁਬਾਨ ਹੈ। ਪੰਜਾਬੀ ਭਾਸ਼ਾ ਅਤੇ ਸਾਹਿਤ ਬਾਰੇ ਵਿਸਥਾਰਪੂਰਵਕ ਗਿਆਨ ਹਾਸਲ ਕਰਨ ਲਈ ਉਰਦੂ ਭਾਸ਼ਾ ਸਿੱਖਣੀ ਬਹੁਤ ਜ਼ਰੂਰੀ ਹੈ। ਪੱਛਮੀ ਪੰਜਾਬ ਵਿੱਚ ਸਾਰਾ ਪੰਜਾਬੀ ਸਾਹਿਤ ਸ਼ਾਹਮੁਖੀ ਲਿਪੀ ਵਿੱਚ ਰਚਿਆ ਗਿਆ ਹੈ। ਉਥੋਂ ਦੇ ਕਈ ਵਿਦਿਅਕ ਅਦਾਰਿਆਂ ਵਿੱਚ ਵਿਦਿਆਰਥੀਆਂ ਨੂੰ 'ਸ਼ਾਹਮੁਖੀ' ਦੇ ਨਾਲ ਨਾਲ ਗੁਰਮੁਖੀ ਲਿਪੀ ਦਾ ਗਿਆਨ ਵੀ ਦਿੱਤਾ ਜਾ ਰਿਹਾ ਹੈ। ਪੰਜਾਬੀ ਸਾਹਿਤ ਦੇ ਅਦਾਨ ਪ੍ਰਦਾਨ ਲਈ ਦੋਹਾਂ ਲਿਪੀਆਂ 'ਸ਼ਾਹਮੁਖੀ' ਅਤੇ ਗੁਰਮੁਖੀ ਦੀ ਜਾਣਕਾਰੀ ਹੋਣਾ ਬਹੁਤ ਜ਼ਰੂਰੀ ਹੈ। ਇਸ ਲਈ ਵਿਦਿਆਰਥੀਆਂ ਲਈ 'ਉਰਦੂ ਆਮੋਜ਼' ਦੀ ਸਿਖਲਾਈ ਦਾ ਕੋਰਸ ਬਹੁਤ ਲਾਹੇਵੰਦ ਹੈ।

ਦਫ਼ਤਰ, ਜ਼ਿਲ੍ਹਾ ਭਾਸ਼ਾ ਅਫ਼ਸਰ, ਪਟਿਆਲਾ ਵਿਖੇ 'ਉਰਦੂ ਆਮੋਜ਼' ਦੀ ਸਿਖਲਾਈ ਲਈ ਬਹੁਤ ਹੀ ਤਜ਼ਰਬੇਕਾਰ ਅਤੇ ਕਾਬਲ ਅਧਿਆਪਕ ਹਨ। ਇਹ ਸਿਖਲਾਈ ਜਨਵਰੀ ਮਹੀਨੇ (2025) ਤੋਂ ਸ਼ੁਰੂ ਹੋ ਕੇ ਜੂਨ (2025) ਮਹੀਨੇ ਤੱਕ ਚੱਲੇਗੀ। ਇਸ ਸਿਖਲਾਈ ਦੀ ਮਿਆਦ ਛੇ ਮਹੀਨੇ ਦੀ ਹੈ। ਇਸ ਸਿਖਲਾਈ ਦੀ ਸਮੁੱਚੀ ਇੱਕ ਵਾਰ ਦੀ ਫੀਸ 500/- ਰੁਪਏ ਹੈ। ਇਸ ਜਮਾਤ ਦਾ ਸਮਾਂ ਸ਼ਾਮ 5.00 ਵਜੇ ਤੋਂ ਲੈ ਕੇ 6.00 ਵਜੇ ਤੱਕ ਦਾ ਹੈ। ਇਸ ਲਈ ਉਰਦੂ ਸਿੱਖਣ ਦੇ ਚਾਹਵਾਨ ਵਿਅਕਤੀ ਮਿਤੀ 10.01.2025 ਤੱਕ ਦਫ਼ਤਰ, ਜ਼ਿਲ੍ਹਾ ਭਾਸ਼ਾ ਅਫ਼ਸਰ (ਭਾਸ਼ਾ ਭਵਨ), ਸ਼ੇਰਾਂ ਵਾਲਾ ਗੇਟ, ਪਟਿਆਲਾ ਵਿਖੇ ਆਪਣਾ ਫਾਰਮ (ਸਮੇਤ ਇਕ ਪਾਸਪੋਰਟ ਸਾਈਜ਼ ਫੋਟੋ, ਆਧਾਰ ਕਾਰਡ ਅਤੇ ਵਿਦਿਅਕ ਯੋਗਤਾ ਦੇ ਸਰਟੀਫਿਕੇਟ ਦੀ ਫੋਟੋ ਕਾਪੀ) ਭਰ ਕੇ ਦਾਖਲਾ ਲੈ ਸਕਦੇ ਹਨ। ਉਰਦੂ ਆਮੋਜ਼ ਦੀ ਸਿਖਲਾਈ ਸਬੰਧੀ ਕਿਸੇ ਕਿਸਮ ਦੀ ਜਾਣਕਾਰੀ ਲਈ ਦਫ਼ਤਰ ਦੀ ਈਮੇਲ dlo.patiala@gmail.com ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

## ਗੋਨਿਆਣਾ ਮੰਡੀ ਦੇ ਵਾਰਡ ਨੰਬਰ 9 ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਸੰਦੀਪ ਦੁੱਗਲ (ਬੌਣਾ) ਨੇ ਆਪਣੇ ਨਾਮਜਦਗੀ ਪੱਤਰ ਦਾਖਲ ਕੀਤੇ



**ਬਠਿੰਡਾ 16 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਕਮ -ਵਧੀਕ ਜ਼ਿਲ੍ਹਾ ਚੋਣਕਾਰ ਅਫ਼ਸਰ ਡਾਕਟਰ ਰੁਪਿੰਦਰ ਪਾਲ ਸਿੰਘ ਵੱਲੋ ਮਿਲੀ ਜਾਣਕਾਰੀ ਅਨੁਸਾਰ ਜੋਂ 21 ਦਸੰਬਰ ਨੂੰ ਵੱਖ ਵੱਖ ਨਗਰ ਨਿਗਮ , ਨਗਰ ਪੰਚਾਇਤਾਂ ਅਤੇ ਨਗਰ ਕੌਂਸਲਾਂ ਵਿੱਖੇ ਚੋਣਾਂ ਹੋਣ ਜਾ ਰਹੀਆਂ ਹਨ ਉਸ ਵਿੱਚ ਗੋਨਿਆਣਾ ਨਗਰ ਕੌਂਸਲ ਦੇ ਵਾਰਡ ਨੰਬਰ 9 ਦੀ ਉਪ ਚੋਣ ਵੀ ਸ਼ਾਮਿਲ ਹੈ ਅੱਜ ਫਾਰਮ ਦਾਖ਼ਲ ਕਰਨ ਦਾ ਆਖਰੀ ਦਿਨ ਸੀ ਜਿਸ ਕਰਕੇ ਚੋਣ ਲੜਨ ਦੇ ਚਾਹਵਾਨ ਆਪਣੇ ਸਮਰਥਕਾਂ ਨਾਲ ਦਫਤਰ ਵਿੱਖੇ ਪੁਹੰਚੇ ਹੋਏ ਸਨ ਜਿੰਨਾ ਵਿੱਚ ਗੋਨਿਆਣਾ ਮੰਡੀ ਦੇ ਵਾਰਡ ਨੰਬਰ 9 ਤੋ ਆਮ ਆਦਮੀ ਪਾਰਟੀ ਦੀ ਟਿਕਟ ਤੋਂ ਚੋਣ ਲੜ ਰਹੇ ਸੰਦੀਪ ਦੁੱਗਲ (ਬੌਣਾ) ਨੇ ਅੱਜ ਹਲਕਾ ਵਿਧਾਇਕ ਮਾਸਟਰ ਜਗਸੀਰ ਸਿੰਘ, ਬਠਿੰਡਾ ਤੋ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਸੁਰਿੰਦਰ ਬਿੱਟੂ, ਬਲਾਕ ਪ੍ਰਧਾਨ ਰਜਨੀਸ਼ ਰਾਜੂ, ਕੁਸ਼ਲ ਗਰਗ ਯੂਥ ਆਗੂ ਅਤੇ ਭਾਰੀ ਸਮਰਥਕਾਂ ਦੀ ਮੌਜੂਦਗੀ ਵਿੱਚ ਆਪਣੇ ਨਾਮਜ਼ਦਗੀ ਪੱਤਰ ਜਿਲ੍ਹਾ ਪ੍ਰਬੰਧਕੀ ਕੰਪਲੈਕਸ ਦੀ ਦੂਜੀ ਮੰਜ਼ਿਲ ਤੇ ਸਥਿੱਤ ਦਫਤਰ ਉਪ ਮੰਡਲ ਮੈਜਿਸਟਰੇਟ ਦੇ ਕਮਰਾ ਨੰਬਰ 311 ਵਿੱਖੇ ਦਾਖਲ ਕੀਤੇ, ਇਸ ਮੌਕੇ ਸੰਦੀਪ ਦੁੱਗਲ ਨੇ ਜੋਂ ਕਿ ਸ਼੍ਰੀਮਤੀ ਕਮਲਾ ਦੇਵੀ ਕੌਂਸਲਰ ਦੇ ਸਪੁੱਤਰ ਅਤੇ ਸਵਰਗੀ ਮਨੋਜ ਦੁੱਗਲ ਸੀਨੀਅਰ ਮੀਤ ਪ੍ਰਧਾਨ ਦੇ ਭਰਾ ਹਨ ਓਹਨਾਂ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਆਮ ਆਦਮੀ ਪਾਰਟੀ ਦੇ ਪੰਜਾਬ ਪ੍ਰਧਾਨ ਅਮਨ ਅਰੋੜਾ, ਹਲਕਾ ਵਿਧਾਇਕ ਮਾਸਟਰ ਜਗਸੀਰ ਸਿੰਘ ਦਾ ਪਾਰਟੀ ਵਲੋ ਟਿਕਟ ਦੇਣ ਤੇ ਧੰਨਵਾਦ ਕੀਤਾ, ਸੰਦੀਪ ਦੁੱਗਲ ਵੱਲੋ ਹਰ ਸਮੇਂ ਆਪਣੇ ਵਾਰਡ ਵਾਸੀਆਂ ਦੇ ਹਰੇਕ ਕੰਮ ਕਾਰ ਵਿੱਚ ਅੱਗੇ ਹੋ ਕੇ ਓਹਨਾ ਦੇ ਨਾਲ ਖੜਨ ਕਰਕੇ ਅਤੇ ਓਹਨਾਂ ਦੇ ਭਰਾ ਸਵਰਗੀ ਮਨੋਜ ਦੁੱਗਲ ਮੁੰਨਾ ਵਾਂਗ ਬਿਨਾਂ ਕਿਸੇ ਭੇਦ ਭਾਵ ਦੇ ਦਿਨ ਰਾਤ ਦੀ ਪਰਵਾਹ ਕਿਤੇ ਬਿਨਾਂ ਲੋਕਾਂ ਦੀ ਸੇਵਾ ਕਰਨ ਕਰਕੇ ਖੁੱਦ ਮਾਸਟਰ ਜਗਸੀਰ ਸਿੰਘ ਹਲਕਾ ਵਿਧਾਇਕ ਨੇ ਸੰਦੀਪ ਦੁੱਗਲ ਦੀ ਆਮ ਆਦਮੀ ਪਾਰਟੀ ਵੱਲੋ ਟਿੱਕਟ ਦੀ ਸਿਫਾਰਿਸ਼ ਕੀਤੀ ਅਤੇ ਅੱਜ ਵਿਧਾਇਕ ਮਾਸਟਰ ਜਗਸੀਰ ਸਿੰਘ ਸੰਦੀਪ ਦੁੱਗਲ ਦੇ ਨਾਮਜ਼ਦਗੀ ਪੱਤਰ ਦਾਖਲ ਕਰਵਾਉਣ ਲਈ ਵੀ ਵਿਸ਼ੇਸ਼ ਤੌਰ ਤੇ ਹਾਜਰ ਰਹੇ, ਓਹਨਾ ਅੱਗੇ ਕਿਹਾ ਕਿ ਜੋਂ ਜਨਤਾ ਵਾਸਤੇ ਕੰਮ ਕਰੇਗਾ ਮੈ ਹਮੇਸ਼ਾ ਉਸਦੇ ਨਾਲ ਖੜ੍ਹਾ ਰਹਾਂਗਾ, ਇਸ ਮੌਕੇ ਵਾਰਡ ਵਾਸੀਆਂ ਦੀ ਗਿਣਤੀ ਅਤੇ ਜੋਸ਼ ਦੇਖਣ ਯੋਗ ਸੀ, ਵਾਰਡ ਵਾਸੀਆਂ ਨੇ ਗੱਲਬਾਤ ਦੌਰਾਨ ਕਿਹਾ ਕਿ ਅਸੀਂ ਇਸ ਦਿਨ ਦੀ ਬਹੁਤ ਸਮੇਂ ਤੋਂ ਉਡੀਕ ਕਰ ਰਹੇ ਸੀ, ਅਸੀਂ ਯਕੀਨ ਦਿਵਾਨੇ ਹਾਂ ਕਿ ਜਿਵੇਂ ਪਾਰਟੀ ਨੇ ਸੰਦੀਪ ਦੁੱਗਲ ਤੇ ਵਿਸ਼ਵਾਸ਼ ਕਰਕੇ ਟਿਕਟ ਦਿੱਤੀ ਹੈ ਉਸ ਤਰ੍ਹਾਂ ਹੀ ਅਸੀਂ ਪਾਰਟੀ ਦਾ ਵਿਸ਼ਵਾਸ਼ ਟੁੱਟਣ ਨਹੀਂ ਦੇਵਾਂਗੇ ਇਹ ਸੀਟ ਪਹਿਲਾਂ ਵੀ ਪਾਰਟੀ ਦੀ ਸੀ ਅੱਗੇ ਵੀ ਇਸਨੂੰ ਸੰਦੀਪ ਦੁੱਗਲ ਨੂੰ ਜਿਤਾ ਕੇ ਇਹ ਸੀਟ ਆਮ ਆਦਮੀ ਪਾਰਟੀ ਦੀ ਝੋਲ਼ੀ ਪਾਵਾਂਗੇ।

# ਬੀਜੇਪੀ ਵਲੋਂ ਨਗਰ ਪੰਚਾਇਤ ਘੱਗਾ ਲਈ ਉਮੀਦਵਾਰ ਐਲਾਨੇ

**ਘੱਗਾ, 16 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਜਨਤਾ ਪਾਰਟੀ ਵੱਲੋਂ ਨਗਰ ਪੰਚਾਇਤ ਘੱਗਾ ਅਤੇ ਪਾਤੜਾਂ ਦੀ ਇੱਕ ਸੀਟ ਲਈ ਸਾਬਕਾ ਮੈਂਬਰ ਪਾਰਲੀਮੈਂਟ ਪ੍ਰਨੀਤ ਕੌਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਪ੍ਰਧਾਨ ਹਰਮੇਸ਼ ਗੋਇਲ ਅਤੇ ਹਲਕਾ ਇੰਚਾਰਜ ਨਰਾਇਣ ਸਿੰਘ ਨਰਸੋਤ ਦੀ ਅਗਵਾਈ ਹੇਠ ਤੇਰਾਂ ਵਾਰਡਾਂ ਤੋਂ ਸੁਰਿੰਦਰ ਕੌਰ, ਦਿਲਪ੍ਰੀਤ ਸਿੰਘ, ਤਜਿੰਦਰ ਕੌਰ, ਰਮੇਸ਼ ਬੱਤਰਾ, ਬਲਵਿੰਦਰ ਸਿੰਘ, ਮੰਨਾ ਰਾਮ,ਸੁਨਿਆਰੀ ਦੇਵੀ , ਮਹਿੰਗਾ ਸਿੰਘ, ਸੁਖਦੇਵ ਕੌਰ, ਬਲਵਿੰਦਰ ਸਿੰਘ, ਬੇਅੰਤ ਕੌਰ, ਗੁਰਬਖਸ਼ ਸਿੰਘ, ਅਤੇ ਸੁਖਜਿੰਦਰ ਕੌਰ ਨੂੰ ਅਤੇ ਨਗਰ ਕੌਂਸਲ ਪਾਤੜਾਂ ਦੀ 16 ਨੰਬਰ ਵਾਰਡ ਦੀ ਜਿਮਨੀ ਚੋਣ ਵਾਸਤੇ ਮਨਪ੍ਰੀਤ ਸਿੰਘ ਨੂੰ ਚੋਣ ਉਮੀਦਵਾਰ ਲਈ ਉਤਾਰਿਆ। ਇਸ ਮੌਕੇ ਤਰਸੇਮ ਚੰਦ ਬਾਂਸਲ, ਬਾਬੂ ਕੀਮਤ ਸਿੰਗਲਾ,ਵਿਜੇ ਸ਼ਰਮਾ ਚੋਣ ਇੰਚਾਰਜ ਘੱਗਾ,ਮੰਡਲ ਪ੍ਰਧਾਨ ਰਮੇਸ਼ ਬੱਤਰਾ, ਮੰਡਲ ਪ੍ਰਧਾਨ ਲਾਲ ਚੰਦ ਲਾਲੀ, ਜਰਨੈਲ ਸਿੰਘ ਸੂਬਾ ਕਾਰਜਕਾਰੀ ਮੈਂਬਰ ਕਿਸਾਨ ਮੋਰਚਾ ਭਾਜਪਾ, ਸ਼ਤੀਸ ਗਰਗ ਜਿਲਾ ਵਾਈਸ ਪ੍ਰਧਾਨ, ਗੌਰਵ ਜਲੋਟਾ ਜਿਲਾ ਜਨਰਲ ਸਕੱਤਰ, ਕ੍ਰਿਸ਼ਨ ਜੈਨ ਘੱਗਾ, ਸੋਨੂ ਗਰਗ ਆਈਟੀ ਸੈਲ ਵਾਈਸ ਕਨਵੀਨਰ, ਜਥੇਦਾਰ ਗੁਰਵਿੰਦਰ ਸਿੰਘ ਘੱਗਾ, ਰਿੰਪਲ ਗਰਗ, ਤਰਸੇਮ ਕਲਵਾਨੂੰ , ਵਿਕਾਸ ਬਤਰਾ ਅਤੇ ਹੋਰ ਕਈ ਭਾਜਪਾ ਮੈਂਬਰ ਮੌਜੂਦ ਸਨ।

# ਡੇਅਰੀ ਵਿਕਾਸ ਵਿਭਾਗ ਵੱਲੋਂ ਪਿੰਡ ਤੇਜਾ ਵਿਖੇ ਦੁੱਧ ਉਤਪਾਦਕ ਜਾਗਰੂਕਤਾ ਕੈਂਪ




**ਪਟਿਆਲਾ, 16 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡੇਅਰੀ ਵਿਕਾਸ ਵਿਭਾਗ ਵੱਲੋਂ ਦੁੱਧ ਉਤਪਾਦਕਾਂ ਨੂੰ ਧੰਦੇ ਦੀਆਂ ਬਾਰੀਕੀਆਂ ਸਬੰਧੀ ਜਾਣਕਾਰੀ ਦੇਣ ਲਈ ਲਗਾਏ ਜਾਂਦੇ ਕੈਂਪਾਂ ਤਹਿਤ ਡਿਪਟੀ ਡਾਇਰੈਕਟਰ ਡੇਅਰੀ ਵਿਕਾਸ ਵਿਭਾਗ ਦਲਬੀਰ ਸਿੰਘ ਦੀ ਅਗਵਾਈ ਵਿੱਚ ਵਿਭਾਗ ਵੱਲੋਂ ਪਿੰਡ ਤੇਜਾ ਬਲਾਕ ਭੁਨਰਹੇੜੀ ਜ਼ਿਲ੍ਹਾ ਪਟਿਆਲਾ ਵਿਖੇ ਦੁੱਧ ਉਤਪਾਦਕ ਜਾਗਰੂਕਤਾ ਕੈਂਪ ਲਗਾਇਆ ਗਿਆ।

ਕੈਂਪ ਦੌਰਾਨ ਦਲਬੀਰ ਕੁਮਾਰ ਵੱਲੋਂ ਵਿਭਾਗ ਵੱਲੋਂ ਚਲਾਈਆਂ ਜਾ ਰਹੀਆਂ ਵੱਖ ਵੱਖ ਸਕੀਮਾਂ ਜਿਸ ਵਿੱਚ ਦੋ ਹਫ਼ਤੇ ਅਤੇ ਚਾਰ ਹਫ਼ਤੇ ਦੀ ਸਿਖਲਾਈ, 2 ਤੋਂ 20 ਪਸ਼ੂਆਂ ਤੱਕ ਡੀ.ਡੀ.-8 ਕਰਜ਼ਾ ਸਕੀਮ ਤਹਿਤ ਸਬਸਿਡੀ ਸਬੰਧੀ ਜਾਣਕਾਰੀ ਦਿੱਤੀ ਗਈ। ਮਿਲਕਫੈਡ ਦੇ ਖਰੀਦ ਮੈਨੇਜਰ (ਸੇਵਾਮੁਕਤ) ਗੁਰਮੇਲ ਸਿੰਘ ਰਠੌਰ ਵੱਲੋਂ ਦੁੱਧ ਦੀ ਫੈਟ, ਐਸਐਨਐਫ ਦੇ ਘਟਣ ਵਧਣ ਬਾਰੇ ਦੁੱਧ ਉਤਪਾਦਕਾਂ ਨੂੰ ਜਾਣਕਾਰੀ ਦਿੱਤੀ ਅਤੇ ਇਸ ਤੋਂ ਇਲਾਵਾ ਦੁੱਧ ਤੋਂ ਪਦਾਰਥ ਬਣਾਉਣ ਬਾਰੇ ਜਾਣਕਾਰੀ ਮੁਹੱਈਆ ਕਰਵਾਈ ਗਈ।

ਡੇਅਰੀ ਵਿਕਾਸ ਇੰਸਪੈਕਟਰ ਯਸ਼ਪਾਲ ਨੇ ਐਨ.ਐਲ.ਐਮ ਪਸ਼ੂ ਬੀਮਾ ਸਕੀਮ, ਐਨ.ਐਲ.ਐਮ ਫੀਡ ਅਤੇ ਫੌਡਰ ਸਕੀਮ ਅਤੇ ਸਾਰਾ ਸਾਲ ਹਰੇ ਚਾਰੇ ਦੀ ਵਿਉਂਤਬੰਦੀ ਬਾਰੇ ਜਾਣਕਾਰੀ ਦਿੱਤੀ ਗਈ। ਵੈਟਰਨਰੀ ਇੰਸਪੈਕਟਰ (ਸੇਵਾਮੁਕਤ) ਡਾ. ਮੋਹਨ ਸ਼ਰਮਾ ਨੇ ਪਸ਼ੂਆਂ ਦੀ ਬਿਮਾਰੀਆਂ ਦੀ ਰੋਕਥਾਮ ਅਤੇ ਕੱਟੀਆਂ ਵੱਛੀਆਂ ਦੀ ਸਾਂਭ ਸੰਭਾਲ ਬਾਰੇ ਦੁੱਧ ਉਤਪਾਦਕਾਂ ਨੂੰ ਜਾਣਕਾਰੀ ਦਿੱਤੀ ਗਈ। ਵੈਟਰਨਰੀ ਇੰਸਪੈਕਟਰ ਲਖਮੀਰ ਸਿੰਘ ਵੱਲੋਂ ਸਾਫ਼ ਦੁੱਧ ਦੀ ਪੈਦਾਵਾਰ ਅਤੇ ਕੈਟਲਸ਼ੈਡ ਦੀ ਮਹੱਤਤਾ ਬਾਰੇ ਜਾਣਕਾਰੀ ਦਿੱਤੀ ਗਈ।

ਇਸ ਮੌਕੇ ਵਿਭਾਗ ਦੇ ?ਅਧਿਕਾਰੀਆਂ ਨੇ ਦੱਸਿਆ ਕਿ ਦੋ ਹਫ਼ਤੇ ਦਾ ਡੇਅਰੀ ਸਿਖਲਾਈ ਕੋਰਸ 30 ਦਸੰਬਰ ਨੂੰ ਚਲਾਇਆ ਜਾਵੇਗਾ। ਇਸ ਸਬੰਧੀ ਚਾਹਵਾਨ ਲਾਭਪਾਤਰੀ ਦਫ਼ਤਰ ਡਿਪਟੀ ਡਾਇਰੈਕਟਰ ਡੇਅਰੀ ਵਿਕਾਸ ਵਿਖੇ ਸੰਪਰਕ ਕਰ ਸਕਦੇ ਹਨ। ਇਸ ਮੌਕੇ ਪਿੰਡ ਤੇਜਾ ਦੇ ਮੁਹਤਬਰ ਵਿਅਕਤੀਆਂ ਨੇ ਡੇਅਰੀ ਵਿਕਾਸ ਵਿਭਾਗ ਦੇ ਕੰਮਾਂ ਦੀ ਸ਼ਲਾਘਾ ਕੀਤੀ ਤੇ ਕਿਹਾ ਕਿ ਅਜਿਹੇ ਕੈਂਪ ਲੱਗਦੇ ਰਹਿਣੇ ਚਾਹੀਦੇ ਹਨ ਤਾਂ ਜੋ ਦੁੱਧ ਉਤਪਾਦਕਾਂ ਨੂੰ ਪੰਜਾਬ ਸਰਕਾਰ ਦੀਆਂ ਸਕੀਮਾਂ ਦਾ ਲਾਭ ਮਿਲ ਸਕੇ।

# ਪਟਿਆਲਾ ਸੰਗੀਤ ਸਮਾਰੋਹ ਦਾ ਦੂਜਾ ਐਡੀਸ਼ਨ 18 ਤੋਂ 21 ਦਸੰਬਰ ਤੱਕ ਕਾਲਿਦਾਸ ਆਡੀਟੋਰੀਅਮ



**ਪਟਿਆਲਾ, 16 ਦਸੰਬਰ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਉੱਤਰੀ ਖੇਤਰ ਸਾਂਸਕ੍ਰਿਤਿਕ ਕੇਂਦਰ (ਐਨ.ਜ਼ੈਡ.ਸੀ.ਸੀ.) ਨੇ ਕਲਾਗ੍ਰਾਮ ਉਤਸਵ ਦੀ ਸਫਲਤਾਪੂਰਵਕ ਸਮਾਪਤੀ ਤੋਂ ਬਾਅਦ ਪਟਿਆਲਾ ਸੰਗੀਤ ਸਮਾਰੋਹ ਦੇ ਦੂਜੇ ਐਡੀਸ਼ਨ ਦੀ ਤਾਰੀਖਾਂ ਦਾ ਐਲਾਨ ਕਰ ਦਿੱਤਾ ਹੈ। ਇਹ ਸਮਾਰੋਹ, ਜੋ ਪਿਛਲੇ ਸਾਲ ਸ਼ੁਰੂ ਹੋਇਆ ਸੀ, 18 ਦਸੰਬਰ ਤੋਂ 21 ਦਸੰਬਰ ਤੱਕ ਕਾਲਿਦਾਸ ਆਡੀਟੋਰੀਅਮ, ਪਟਿਆਲਾ ਵਿੱਚ ਕਰਵਾਇਆ ਜਾਵੇਗਾ। ਚਾਰ ਦਿਨਾਂ ਦੇ ਇਸ ਸਮਾਰੋਹ ਵਿੱਚ ਕਈ ਮਸ਼ਹੂਰ ਸ਼ਾਸਤਰੀ ਗਾਇਕਾਂ ਅਤੇ ਵਾਦਕਾਂ ਵੱਲੋਂ ਪ੍ਰਦਰਸ਼ਨ ਕੀਤਾ ਜਾਵੇਗਾ। ਸਮਾਰੋਹ ਦੀ ਸ਼ੁਰੂਆਤ ਪਟਿਆਲਾ ਘਰਾਨੇ ਦੇ ਪ੍ਰਸਿੱਧ ਸ਼ਾਸਤਰੀ ਗਾਇਕ ਸ਼ਾਂਤਨੁ ਭਟਾਚਾਰਿਆ ਦੀ ਪ੍ਰਸਤੁਤੀ ਨਾਲ ਹੋਵੇਗੀ, ਜਦਕਿ ਆਖਰੀ ਦਿਨ ਅਨੁਪਮਾ ਭਗਵਤ (ਬੈਂਗਲੂਰ) ਵੱਲੋਂ ਸਿਤਾਰ ਵਾਦਨ ਨਾਲ ਸਮਾਰੋਹ ਦਾ ਸਮਾਪਨ ਕੀਤਾ ਜਾਵੇਗਾ। ਸਮਾਰੋਹ ਵਿੱਚ ਹਿਸਾ ਲੈਣ ਵਾਲੇ ਹੋਰ ਕਲਾਕਾਰ ਹਨ: ਗੁੰਜਨ ਚੰਨਾ (ਸ਼ਿਮਲਾ) ਅਲੰਕਾਰ ਸਿੰਘ (ਪਟਿਆਲਾ) ਰੌਂਕੀਨੀ ਗੁਪਤਾ (ਮੁੰਬਈ) ਉਦੇ ਪ੍ਰਕਾਸ਼ ਮਲਿਕ (ਦਿੱਲੀ) ਸੌਰਭ ਵਸ਼ਿਸ਼ਠ (ਜੈਪੁਰ) ਇਸ ਤੋਂ ਇਲਾਵਾ, ਸਮਾਰੋਹ ਵਿੱਚ ਯੋਗੇਸ਼ ਸ਼ਮਸੀ ਦੇ ਤਬਲੇ ਅਤੇ ਤਨਮੈ ਦੇਵਚਕੇ ਦੇ ਹਾਰਮੋਨੀਆਮ ਦੀ ਜੁਗਲਬੰਦੀ ਅਤੇ ਰਾਜਿੰਦਰ ਪ੍ਰਸੰਨਾ ਦੇ ਬਾਂਸਰੀ ਵਾਦਨ ਦੀ ਵੀ ਪ੍ਰਸਤੁਤੀ ਸ਼ਾਮਲ ਹੈ। ਪਟਿਆਲਾ ਘਰਾਨੇ ਨੂੰ ਸ਼ਰਧਾਂਜਲੀ ਇਹ ਸਮਾਰੋਹ ਪਿਛਲੇ ਸਾਲ ਸ਼ੁਰੂ ਕੀਤਾ ਗਿਆ ਸੀ, ਜਿਸਦਾ ਮਕਸਦ ਸ਼ਾਸਤਰੀ ਸੰਗੀਤ ਵਿੱਚ ਪਟਿਆਲਾ ਘਰਾਨੇ ਦੇ ਮਹੱਤਵਪੂਰਨ ਯੋਗਦਾਨ ਨੂੰ ਸਨਮਾਨ ਦੇਣਾ ਹੈ। ਸਮਾਰੋਹ ਦੀ ਵੱਡੀ ਸਫਲਤਾ ਦੇ ਮੱਦੇਨਜ਼ਰ, ਇਸਨੂੰ ਐਨ.ਜ਼ੈਡ.ਸੀ.ਸੀ. ਦੇ ਸਾਲਾਨਾ ਕੈਲੇਂਡਰ ਵਿੱਚ ਸ਼ਾਮਲ ਕਰ ਲਿਆ ਗਿਆ ਹੈ। ਸਮਾਰੋਹ ਬਾਰੇ ਗੱਲ ਕਰਦੇ ਹੋਏ ਕੇਂਦਰ ਦੇ ਨਿਰਦੇਸ਼ਕ ਫੁਰਕਾਨ ਖਾਨ ਨੇ ਕਿਹਾ, ਪਟਿਆਲਾ ਘਰਾਨੇ ਦਾ ਹਿੰਦੁਸਤਾਨੀ ਸ਼ਾਸਤਰੀ ਸੰਗੀਤ ਵਿੱਚ ਇੱਕ ਮਹੱਤਵਪੂਰਨ ਸਥਾਨ ਹੈ, ਪਰ ਇਸਦੇ ਸਨਮਾਨ ਵਿੱਚ ਕੋਈ ਵੱਡਾ ਸਮਾਰੋਹ ਨਹੀਂ ਹੋ ਰਿਹਾ ਸੀ। ਇਹ ਸਮਾਰੋਹ ਪਟਿਆਲਾ ਘਰਾਨੇ ਨੂੰ ਸ਼ਰਧਾਂਜਲੀ ਹੈ ਅਤੇ ਹਿੰਦੁਸਤਾਨੀ ਸ਼ਾਸਤਰੀ ਸੰਗੀਤ ਨੂੰ ਉਤਸ਼ਾਹਿਤ ਕਰਨ ਦਾ ਇੱਕ ਪ੍ਰਯਾਸ ਹੈ। ਸਾਰੇ ਦਿਨ ਫ੍ਰੀ ਪ੍ਰਵੇਸ਼ ਸਮਾਰੋਹ ਦੇ ਚਾਰਾਂ ਦਿਨ ਪ੍ਰਵੇਸ਼ ਮੁਫ਼ਤ ਰਹੇਗਾ।

## ਬਾਬਾ ਕਾਲਾ ਮਹਿਰ ਸਟੇਡੀਅਮ ਵਿੱਚ ਹੋਵੇਗਾ ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਸਮਾਗਮ




**ਬਰਨਾਲਾ, 16 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਪੱਧਰੀ ਗਣਤੰਤਰ ਦਿਵਸ ਸਮਾਗਮ 26 ਜਨਵਰੀ 2025 ਨੂੰ ਇੱਥੇ ਬਾਬਾ ਕਾਲਾ ਮਹਿਰ ਬਹੁਮੰਤਵੀ ਖੇਡ ਸਟੇਡੀਅਮ ਵਿਖੇ ਕਰਾਇਆ ਜਾਵੇਗਾ।

ਇਸ ਸਬੰਧੀ ਬੁਲਾਈ ਗਈ ਵਿਸ਼ੇਸ਼ ਮੀਟਿੰਗ ਨੂੰ ਸੰਬੋਧਨ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ (ਜ) ਸਹਿਤ ਉਪ ਮੰਡਲ ਮੈਜਿਸਟਰੇਟ ਮਹਿਲ ਕਲਾਂ ਸ. ਹਰਕੰਵਲਜੀਤ ਸਿੰਘ ਨੇ ਕਿਹਾ ਕਿ ਸਾਰੇ ਸਬੰਧਤ ਵਿਭਾਗ ਅਤੇ ਕਰਮਚਾਰੀ ਇਸ ਸਮਾਗਮ ਨੂੰ ਸਫ਼ਲ ਬਣਾਉਣ ਲਈ ਜ਼ਿੰਮੇਵਾਰੀ ਨਾਲ ਡਿਊਟੀ ਨਿਭਾਉਣ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸ. ਸਤਵੰਤ ਸਿੰਘ ਵੀ ਮੌਜੂਦ ਸਨ।

ਉਨ੍ਹਾਂ ਨਗਰ ਕੌਂਸਲ ਬਰਨਾਲਾ ਨੂੰ ਸਟੇਡੀਅਮ ਅਤੇ ਆਲੇ - ਦੁਆਲੇ ਦੀ ਪੂਰੀ ਸਾਫ਼ - ਸਫ਼ਾਈ ਕਰਾਉਣ ਦੇ ਨਿਰਦੇਸ਼ ਦਿੱਤੇ ਤਾਂ ਜੋ ਬਾਕੀ ਵਿਭਾਗ ਓਥੇ ਅਗਲਾ ਕੰਮ ਕਰਵਾ ਸਕਣ। ਉਨ੍ਹਾਂ ਕਿਹਾ ਕਿ ਪੁਲੀਸ ਵਲੋਂ ਸੁਰੱਖਿਆ ਅਤੇ ਪਾਰਕਿੰਗ ਸਬੰਧੀ ਇੰਤਜ਼ਾਮ ਕੀਤੇ ਜਾਣਗੇ। ਉਨ੍ਹਾਂ ਹਦਾਇਤ ਕੀਤੀ ਕਿ ਰਿਹਰਸਲਾਂ ਦੌਰਾਨ ਸਕੂਲੀ ਬੱਚਿਆਂ ਲਈ ਪਾਣੀ ਅਤੇ ਚਾਹ ਦਾ ਢੁਕਵਾਂ ਪ੍ਰਬੰਧ ਯਕੀਨੀ ਬਣਾਇਆ ਜਾਵੇ।

ਇਸ ਮੌਕੇ ਸਹਾਇਕ ਕਮਿਸ਼ਨਰ (ਜ) ਸ੍ਰੀ ਰਾਜਨ ਗੋਇਲ ਨੇ ਸਾਰੇ ਵਿਭਾਗਾਂ ਨੂੰ ਉਨ੍ਹਾਂ ਨਾਲ ਸਬੰਧਤ ਕੰਮਾਂ ਬਾਰੇ ਜਾਣੂ ਕਰਵਾਇਆ ਅਤੇ ਸ਼ਹਿਰ ਦੇ ਵੱਖ ਵੱਖ ਚੌਂਕ ਸਜਾਉਣ ਲਈ ਵੰਡ ਕੀਤੀ। ਇਸ ਮੌਕੇ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਅਤੇ ਕਰਮਚਾਰੀ ਹਾਜ਼ਰ ਸਨ।

## ਵਿਜੀਲੈਂਸ ਬਿਊਰੋ ਵੱਲੋਂ ਮੋਟਰ ਵਹੀਕਲ ਇੰਸਪੈਕਟਰ ਅਤੇ ਉਸ ਦਾ ਸਾਥੀ 14,000 ਰੁਪਏ ਰਿਸ਼ਵਤ ਲੈਂਦੇ ਰੰਗੇ ਹੱਥੀਂ ਕਾਬੂ

**ਚੰਡੀਗੜ੍ਹ, 16 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਜੀਲੈਂਸ ਬਿਊਰੋ ਨੇ ਸੂਬੇ ਵਿੱਚ ਭ੍ਰਿਸ਼ਟਾਚਾਰ ਵਿਰੁੱਧ ਜਾਰੀ ਆਪਣੀ ਮੁਹਿੰਮ ਦੌਰਾਨ ਅੱਜ ਪਟਿਆਲਾ ਵਿਖੇ ਤਾਇਨਾਤ ਮੋਟਰ ਵਹੀਕਲ ਇੰਸਪੈਕਟਰ (ਐਮ.ਵੀ.ਆਈ.) ਗੁਰਮੀਤ ਸਿੰਘ ਅਤੇ ਪਟਿਆਲਾ ਦੇ ਹੀ ਰਹਿਣ ਵਾਲੇ ਉਸਦੇ ਸਾਥੀ ਅਨਿਲ ਨੂੰ 14,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਵਿਜੀਲੈਂਸ ਬਿਊਰੋ ਦੇ ਅਧਿਕਾਰਤ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਨੂੰ ਪਟਿਆਲਾ ਸ਼ਹਿਰ ਦੇ ਵਸਨੀਕ ਦਿਨੇਸ਼ ਕੁਮਾਰ, ਜੋ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਪਟਿਆਲਾ ਵਿਖੇ ਵਸੀਕਾ ਨਵੀਸ ਵਜੋਂ ਕੰਮ ਕਰਦਾ ਹੈ, ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ 'ਤੇ ਗ੍ਰਿਫਤਾਰ ਕੀਤਾ ਗਿਆ ਹੈ। ਉਨ੍ਹਾਂ ਅੱਗੇ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਾਇਆ ਕਿ ਉਕਤ ਮੋਟਰ ਵਹੀਕਲ ਇੰਸਪੈਕਟਰ ਆਪਣੇ ਨਿੱਜੀ ਏਜੰਟ ਅਨਿਲ ਰਾਹੀਂ ਵਾਹਨ ਦੀ ਫਿਟਨੈਸ ਲਈ ਮਨਜ਼ੂਰੀ ਸਰਟੀਫਿਕੇਟ ਦੇਣ ਅਤੇ ਉਸਦਾ ਡਰਾਈਵਿੰਗ ਲਾਇਸੈਂਸ ਟੈਸਟ ਪਾਸ ਕਰਨ ਬਦਲੇ ਉਸ ਤੋਂ ਰਿਸ਼ਵਤ ਮੰਗ ਰਿਹਾ ਹੈ। ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਜਿਸ ਦੌਰਾਨ ਦੋਵੇਂ ਮੁਲਜ਼ਮ ਗੁਰਮੀਤ ਸਿੰਘ (ਐਮ.ਵੀ.ਆਈ.) ਅਤੇ ਉਸ ਦੇ ਨਿੱਜੀ ਏਜੰਟ ਅਨਿਲ ਨੂੰ ਦੋ ਸਰਕਾਰੀ ਗਵਾਹਾਂ ਦੀ ਮੌਜੂਦਗੀ ਵਿੱਚ ਸ਼ਿਕਾਇਤਕਰਤਾ ਤੋਂ 14,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫਤਾਰ ਕਰ ਲਿਆ ਗਿਆ ਅਤੇ ਉਨ੍ਹਾਂ ਤੋਂ ਰਿਸ਼ਵਤ ਦੀ ਰਕਮ ਵੀ ਬਰਾਮਦ ਕਰ ਲਈ ਗਈ।

# ਸਿਵਲ ਸਰਜਨ ਬਰਨਾਲਾ ਨੇ ਸਿਵਲ ਹਸਪਤਾਲ ਦੇ ਸਾਰੇ ਵਿੰਗਾਂ ਦਾ ਕੀਤਾ ਨਿਰੀਖਣ



**ਬਰਨਾਲਾ, 16 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਹਤ ਮੰਤਰੀ ਪੰਜਾਬ ਡਾ. ਬਲਬੀਰ ਸਿੰਘ ਅਤੇ ਡਿਪਟੀ ਕਮਿਸ਼ਨਰ ਬਰਨਾਲਾ ਪੂਨਮਦੀਪ ਕੌਰ ਆਈ ਏ ਐਸ ਦੇ ਨਿਰਦੇਸ਼ਾਂ ਅਨੁਸਾਰ ਸਿਵਲ ਸਰਜਨ ਬਰਨਾਲਾ ਡਾ. ਬਲਦੇਵ ਸਿੰਘ ਵੱਲੋਂ ਮਰੀਜ਼ਾਂ ਨੂੰ ਦਿੱਤੀਆਂ ਜਾ ਰਹੀਆਂ ਸਿਹਤ ਸੇਵਾਵਾਂ ਦਾ ਜਾਇਜ਼ਾ ਲੈਣ ਹਿੱਤ ਸਿਵਲ ਹਸਪਤਾਲ ਬਰਨਾਲਾ ਦੇ ਸਾਰੇ ਵਿੰਗਾਂ ਦਾ ਦੌਰਾ ਕੀਤਾ ਗਿਆ।

ਉਨ੍ਹਾਂ ਹਸਪਤਾਲ ਦੇ ਸਾਰੇ ਵਾਰਡਾਂ, ਆਪ੍ਰੇਸ਼ਨ ਥੀਏਟਰ, ਐਮਰਜੈਂਸੀ ਵਾਰਡ, ਨਸ਼ਾ ਛੁਡਾਊ ਕੇਂਦਰ, ਡੇਂਗੂ ਵਾਰਡ , ਡਾਇਲਸਿਸ ਵਿਭਾਗ ਅਤੇ ਕ੍ਰਿਸ਼ਨਾ ਲੈਬਾਰਟਰੀ ਦਾ ਨਿਰੀਖਣ ਕੀਤਾ।

ਵਾਰਡਾਂ ਅਤੇ ਐਮਰਜੈਂਸੀ 'ਚ ਦਾਖਲ ਮਰੀਜ਼ਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦਾ ਹਾਲ- ਚਾਲ ਪੁੱਛਿਆ ਅਤੇ ਮਰੀਜ਼ਾਂ ਵੱਲੋਂ ਮਿਲ ਰਹੀਆਂ ਸਿਹਤ ਸਹੂਲਤਾਂ ਪ੍ਰਤੀ ਸੰਤੁਸ਼ਟੀ ਪ੍ਰਗਟ ਕੀਤੀ।

ਸਿਵਲ ਸਰਜਨ ਬਰਨਾਲਾ ਵੱਲੋਂ ਸੀਨੀਅਰ ਮੈਡੀਕਲ ਅਫਸਰ ਬਰਨਾਲਾ ਡਾ. ਤਪਿੰਦਰਜੋਤ ਕੌਸ਼ਲ ਅਤੇ ਸਟਾਫ ਨੂੰ ਹਾਈ ਰਿਸਕ ਗਰਭਵਤੀ ਮਾਵਾਂ ਦਾ ਖਾਸ ਧਿਆਨ ਰੱਖਣ, ਆਰ.ਸੀ.ਐਚ.ਦੇ ਕੰਮ ਨੂੰ ਵਧਾਉਣ, ਹਸਪਤਾਲ ਦੀ ਸਾਫ ਸ਼ਫਾਈ ਦਾ ਖਾਸ ਧਿਆਨ ਰੱਖਣ , ਸਿਹਤ ਸੇਵਾਵਾਂ ਦੇਣੀਆਂ ਯਕੀਨੀ ਬਣਾਏ ਜਾਣ, ਡਿਉਟੀ ਸਮੇਂ ਦੌਰਾਨ ਸਮੇਂ ਦੀ ਪਾਬੰਦੀ ਦਾ ਧਿਆਨ ਰੱਖਣ, ਸਿਹਤ ਸੰਸਥਾ ਵਿੱਚ ਜਣੇਪੇ ਦੀ ਗਿਣਤੀ ਵਧਾਉਣ, ਹਰ ਤਰਾਂ ਦੇ ਰਿਕਾਰਡ ਨੂੰ ਮੇਨਟੇਨ ਰੱਖਣ ਆਦਿ ਸਬੰਧੀ ਹਦਾਇਤਾਂ ਜਾਰੀ ਕੀਤੀਆਂ।

ਇਸ ਦੌਰੇ ਦੌਰਾਨ ਡਾ.ਪ੍ਰਵੇਸ਼ ਕੁਮਾਰ ਜ਼ਿਲ੍ਹਾ ਪਰਿਵਾਰ ਭਲਾਈ ਅਫਸਰ, ਡਾ. ਰਾਜ ਕੁਮਾਰ, ਕੁਲਦੀਪ ਸਿੰਘ ਮਾਨ ਜ਼ਿਲ੍ਹਾ ਮਾਸ ਮੀਡੀਆ ਤੇ ਸੂਚਨਾ ਅਫਸਰ, ਹਰਜੀਤ ਸਿੰਘ ਜ਼ਿਲ੍ਹਾ ਬੀ.ਸੀ.ਸੀ. ਕੋਆਰਡੀਨੇਟਰ , ਜੋਗਿੰਦਰ ਸਿੰਘ ਚੀਫ ਫਾਰਮੇਸੀ ਅਫਸਰ, ਮੈਡਮ ਜਸਪ੍ਰੀਤ ਕੌਰ ਅਤੇ ਸਟਾਫ ਸਿਵਲ ਹਸਪਤਾਲ ਹਾਜ਼ਰ ਸਨ।

# ਨਗਰ ਨਿਗਮ ਚੋਣਾਂ-2024 ਲਈ ਚੋਣ ਆਬਜ਼ਰਵਰ ਅਨੰਦਿਤਾ ਮਿੱਤਰਾ ਪਟਿਆਲਾ ਪੁੱਜੇ

## ਡੀ.ਸੀ., ਐਸ.ਐਸ.ਪੀ. ਨਾਲ ਬੈਠਕ, ਚੋਣ ਪ੍ਰਕ੍ਰਿਆ ਸੁਤੰਤਰ ਢੰਗ ਨਾਲ ਨੇਪਰੇ ਚੜ੍ਹਾਉਣ ਦੀ ਹਦਾਇਤ



ਨਗਰ ਨਿਗਮ ਪਟਿਆਲਾ ਦੀਆਂ ਚੋਣਾਂ ਲਈ ਤਾਇਨਾਤ ਚੋਣ ਨਿਗਰਾਨ ਅਨੰਦਿਤਾ ਮਿੱਤਰਾ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ, ਐਸ.ਐਸ.ਪੀ. ਡਾ. ਨਾਨਕ ਸਿੰਘ ਤੇ ਹੋਰ ਅਧਿਕਾਰੀਆਂ ਨਾਲ ਮੀਟਿੰਗ ਕਰਦੇ ਹੋਏ।

**ਪਟਿਆਲਾ, 16 ਦਸੰਬਰ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰਾਜ ਚੋਣ ਕਮਿਸ਼ਨ ਵੱਲੋਂ ਨਗਰ ਨਿਗਮ ਪਟਿਆਲਾ ਦੀਆਂ ਚੋਣਾਂ ਲਈ ਤਾਇਨਾਤ ਕੀਤੇ ਚੋਣ ਆਬਜ਼ਰਵਰ, ਸੀਨੀਅਰ ਆਈ.ਏ.ਐਸ. ਅਧਿਕਾਰੀ, ਸਹਿਕਾਰਤਾ ਵਿਭਾਗ ਦੇ ਸਕੱਤਰ ਤੇ ਐਮ.ਡੀ. ਪੰਜਾਬ ਰਾਜ ਸਹਿਕਾਰੀ ਬੈਂਕ ਅਨੰਦਿਤਾ ਮਿੱਤਰਾ ਅੱਜ ਪਟਿਆਲਾ ਪੁੱਜ ਗਏ ਹਨ। ਉਨ੍ਹਾਂ ਨੇ 21 ਦਸੰਬਰ ਨੂੰ ਨਗਰ ਨਿਗਮ ਦੀਆਂ ਹੋਣ ਵਾਲੀਆਂ ਆਮ ਚੋਣਾਂ ਦੇ ਮੱਦੇਨਜ਼ਰ ਚੋਣ ਅਮਲ ਪੂਰੀ ਨਿਰਪੱਖਤਾ, ਪਾਰਦਰਸ਼ਤਾ ਤੇ ਨਿਰਵਿਘਨ ਢੰਗ ਨਾਲ ਨੇਪਰੇ ਚਾੜਨ ਲਈ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੀਤੇ ਸਮੁੱਚੇ ਚੋਣ ਪ੍ਰਬੰਧਾਂ ਦਾ ਜਾਇਜ਼ਾ ਲੈਣ ਲਈ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ, ਐਸ.ਐਸ.ਪੀ. ਡਾ. ਨਾਨਕ ਸਿੰਘ ਤੇ ਹੋਰ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਚੋਣ ਆਬਜ਼ਰਵਰ ਅਨੰਦਿਤਾ ਮਿੱਤਰਾ ਨੇ ਜ਼ਿਲ੍ਹਾ ਅਧਿਕਾਰੀਆਂ ਨੂੰ ਕਿਹਾ ਕਿ ਇਹ ਚੋਣਾਂ ਆਜ਼ਾਦਾਨਾ, ਨਿਰਪੱਖ ਤੇ ਪੂਰੀ ਪਾਰਦਸ਼ਤਾ ਨਾਲ ਕਰਵਾਉਣੀਆਂ ਯਕੀਨੀ ਬਨਾਉਣ ਲਈ ਰਾਜ ਚੋਣ ਕਮਿਸ਼ਨ ਦੀਆਂ ਹਦਾਇਤਾਂ ਤੇ ਨਿਯਮਾਂ ਦੀ ਇੰਨ ਬਿੰਨ ਪਾਲਣਾ ਸਖਤੀ ਨਾਲ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਰਿਟਰਨਿੰਗ ਅਧਿਕਾਰੀ ਤੇ ਹੋਰ ਚੋਣ ਅਮਲਾ ਆਪਣੀ ਜ਼ਿੰਮੇਵਾਰੀ ਪੂਰੀ ਤਨਦੇਹੀ ਤੇ ਇਮਾਨਦਾਰੀ ਨਾਲ ਨਿਭਾਉਣੀ ਯਕੀਨੀ ਬਣਾਵੇ। ਚੋਣ ਆਬਜ਼ਰਵਰ ਨੇ ਕਿਹਾ ਕਿ ਕਿਸੇ ਵੀ ਕਿਸਮ ਦੀ ਸ਼ਿਕਾਇਤ ਮਿਲਣ 'ਤੇ ਸ਼ਿਕਾਇਤ ਤੁਰੰਤ ਕਾਰਵਾਈ ਕਰਕੇ ਰਿਪੋਰਟ ਦਿੱਤੀ ਜਾਵੇ। ਉਨ੍ਹਾਂ ਨੇ ਪੋਲਿੰਗ ਬੂਥਾਂ ਦੀ ਸੰਵੇਦਨਸ਼ੀਲਤਾ ਤੇ ਨਾਜ਼ੁਕ ਹੋਣ ਬਾਰੇ ਵੀ ਜਾਣਕਾਰੀ ਹਾਸਲ ਕੀਤੀ ਅਤੇ ਕਮਿਸ਼ਨ ਦੀਆਂ ਹੋਰ ਹਦਾਇਤਾਂ ਤੋਂ ਜਾਣੂ ਕਰਵਾਇਆ।

ਅਨੰਦਿਤਾ ਮਿੱਤਰਾ ਨੇ ਸਮੁੱਚੀ ਚੋਣ ਪ੍ਰਕ੍ਰਿਆ ਦੌਰਾਨ ਕੀਤੇ ਜਾ ਰਹੇ ਪ੍ਰਬੰਧਾਂ ਦਾ ਮੁਕੰਮਲ ਜਾਇਜਾ ਲੈਂਦਿਆਂ ਵੋਟਾਂ ਬਾਅਦ ਈ.ਵੀ.ਐਮਜ਼ ਨੂੰ ਸਟਰਾਂਗ ਰੂਮਜ਼ ਰੱਖਣ ਸਮੇਤ ਹੋਰ ਪ੍ਰਬੰਧਾਂ ਦਾ ਵੀ ਨਿਰੀਖਣ ਕੀਤਾ। ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਨੇ ਚੋਣ ਆਬਜ਼ਰਵਰ ਦਾ ਪਟਿਆਲਾ ਪੁੱਜਣ 'ਤੇ ਸਵਾਗਤ ਕਰਦਿਆਂ ਦੱਸਿਆ ਕਿ ਚੋਣ ਜਾਬਤੇ ਦੀ ਪਾਲਣਾ ਸਖ਼ਤੀ ਨਾਲ ਕੀਤੀ ਜਾ ਰਹੀ ਹੈ ਤੇ ਚੋਣ ਅਮਲ ਨਿਰਵਿਘਨਤਾ ਸਹਿਤ ਨੇਪਰੇ ਚੜ੍ਹਾਉਣ ਲਈ ਚੋਣ ਅਮਲੇ ਦੀਆਂ ਰਿਹਰਸਲਾਂ ਕਰਵਾਉਣ ਸਮੇਤ ਵੋਟਾਂ ਪੁਆਉਣ ਦੇ ਪ੍ਰਬੰਧ ਮੁਕੰਮਲ ਹਨ। ਉਨ੍ਹਾਂ ਨੇ ਅਬਜਰਵਰ ਨੂੰ ਭਰੋਸਾ ਦਿੱਤਾ ਕਿ ਚੋਣ ਅਮਲ ਨੂੰ ਨਿਰਪੱਖਤਾ, ਪਾਰਦਰਸ਼ਤਾ ਤੇ ਅਮਨ-ਅਮਾਨ ਨਾਲ ਸਫ਼ਲਤਾ ਪੂਰਵਕ ਨੇਪਰੇ ਚੜ੍ਹਾਇਆ ਜਾਵੇਗਾ।

ਐਸ.ਐਸ.ਪੀ. ਡਾ. ਨਾਨਕ ਸਿੰਘ ਨੇ ਚੋਣ ਆਬਜ਼ਰਵਰ ਨੂੰ ਪੁਲਿਸ ਵੱਲੋਂ ਕੀਤੇ ਜਾ ਰਹੇ ਸੁਰੱਖਿਆ ਪ੍ਰਬੰਧਾਂ ਬਾਬਤ ਸਮੁੱਚੀ ਜਾਣਕਾਰੀ ਪ੍ਰਦਾਨ ਕੀਤੀ। ਇਸ ਦੌਰਾਨ ਇਸ ਮੌਕੇ ਏ.ਡੀ.ਸੀ. (ਦਿਹਾਤੀ ਵਿਕਾਸ) ਅਨੁਪ੍ਰਿਤਾ ਜੌਹਲ, ਏ.ਡੀ.ਸੀ.(ਸ਼ਹਿਰੀ ਵਿਕਾਸ) ਏ.ਡੀ.ਸੀ. (ਜ) ਇਸ਼ਾ ਸਿੰਗਲ, ਐਸ.ਪੀ. ਹਰਬੰਤ ਕੌਰ ਤੇ ਜ਼ਿਲ੍ਹਾ ਉਦਯੋਗ ਕੇਂਦਰ ਦੇ ਮੈਨੇਜਰ ਅੰਗਦ ਸਿੰਘ ਸੋਹੀ ਵੀ ਹਾਜ਼ਰ ਸਨ।

# ਚੱਜ-ਆਚਾਰ

• ਨਰਿੰਦਰ ਸਿੰਘ ਕਪੂਰ



ਹੁਣ ਇਕ ਮਿਹਨਤ ਕਰਦਾ ਹੈ ਅਤੇ ਸੈਂਕੜੇ ਸੁਪਨੇ ਵੇਖਦੇ ਹਨ। ਇਕ ਚਾਹੁੰਦਾ ਹੈ ਕਿ ਮੈਂ ਮਿਹਨਤ ਨਾਲ ਕਰੋੜਪਤੀ ਬਣਾ ਪਰ ਪੰਜਾਹ ਚਾਹੁੰਣਗੇ ਕਿ ਕਿੱਧਰੋਂ ਕਰੋੜ ਰੁਪਏ ਹੀ ਲੱਭ ਪੈਣ। ਭਾਰਤ ਦੇ ਲੋਕ ਧਰਮ ਤੋਂ ਸਿਵਾਇ ਹਰ ਚੀਜ਼ ਜਾਂ ਵਿਹਾਰ ਪ੍ਰਤੀ ਲਾਪ੍ਰਵਾਹ ਹਨ ਪਰ ਹੁਣ ਸਮੁੱਚੇ ਸੰਸਾਰ ਨਾਲ ਵਾਹ ਪੈਣ ਕਰਕੇ ਸਾਰੇ ਸੋਚਣ ਲੱਗ ਪਏ ਹਨ ਕਿ ਜ਼ਿੰਦਗੀ ਅਤੇ ਸਮਾਜ ਨੂੰ ਚੰਗੇਰਾ ਬਣਾਉਣ ਦੀ ਲੋੜ ਹੈ ਅਤੇ ਇਨ੍ਹਾਂ ਨੂੰ ਸੁਧਾਰਿਆ-ਸੰਵਾਰਿਆ ਜਾ ਸਕਦਾ ਹੈ।

ਅਸੀਂ ਚਾਹੁੰਦੇ ਹਾਂ ਕਿ ਸਾਡੇ ਨਾਲ ਸਾਊ ਵਿਹਾਰ ਕੀਤਾ ਜਾਵੇ ਅਤੇ ਸਾਨੂੰ ਟਿਕਟ ਲੈਣ ਵੇਲੇ ਲੰਮੀ ਕਤਾਰ ਵਿਚ ਨਾ ਖਲੋਣਾ ਪਵੇ, ਬਿਲ ਭਰਨ ਵੇਲੇ ਪ੍ਰੇਸ਼ਾਨ ਨਾ ਹੋਣਾ ਪਵੇ, ਦਫ਼ਤਰ ਵਿਚ ਕੰਮ ਲਈ ਗੇੜੇ ਨਾ ਲਾਉਣੇ ਪੈਣ। ਪੰਜਾਬੀਆਂ ਵਿਚ ਵੱਡੇ ਗੁਣ ਹਨਾਂ ਵਾਰਨ ਲੱਗਿਆਂ ਇਹ ਜਾਨ ਦੀ ਪ੍ਰਵਾਹ ਨਹੀਂ ਕਰਦੇ, ਇਨ੍ਹਾਂ ਤੋਂ ਵੱਡੀਆਂ ਕੁਰਬਾਨੀਆਂ ਕੋਈ ਨਹੀਂ ਕਰ ਸਕਦਾ ਪਰ ਇਹ ਮੱਧਕਾਲੀ ਸਮਾਜ ਦੇ ਗੁਣ ਸਨ, ਆਧੁਨਿਕ ਸਮਾਜ ਵਿਚ ਕੰਮ ਆਉਣ ਵਾਲਾ ਚੱਜ-ਆਚਾਰ ਕਿੱਧਰੇ ਵੀ ਪੰਜਾਬੀਆਂ ਦਾ ਗੁਣ ਜਾਂ ਪਛਾਣ ਨਹੀਂ ਬਣਿਆ। ਜਿਵੇਂ ਕਿਸੇ ਵੱਲੋਂ ਬੂਹਾ ਖੜਕਾਉਣ ਦੇ ਢੰਗ ਤੋਂ ਹੀ ਪਤਾ ਲੱਗ ਜਾਂਦਾ ਹੈ ਕਿ ਕਿਹੋ-ਜਿਹਾ ਮਹਿਮਾਨ ਆਇਆ ਹੈ। ਜਿੱਥੇ ਵਿਹਾਰ ਸਾਊ ਹੋਵੇਗਾ, ਉੱਥੇ ਸ਼ਾਂਤੀ ਹੋਵੇਗੀ, ਉੱਥੇ ਵਪਾਰ ਵਧੇਗਾ, ਖ਼ੁਸ਼ਹਾਲੀ ਆਵੇਗੀ, ਰੁਜ਼ਗਾਰ ਵਧੇਗਾ। ਸਾਊ ਸਲੀਕੇ ਵਾਲੇ ਲੋਕ ਚੰਗੀਆਂ ਸਾਫ਼-ਸੁਥਰੀਆਂ ਆਦਤਾਂ ਦੇ ਧਾਰਨੀ, ਚੁੱਪ ਰਹਿਣੇ ਅਤੇ ਨਾਪ-ਤੋਲ ਕੇ ਬੋਲਣ ਵਾਲੇ ਹੁੰਦੇ ਹਨ। ਚੱਜ ਆਚਾਰ ਦਾ ਸੁਨਹਿਰੀ ਅਸੂਲ ਹੈ ਕਿ ਸੂਝਵਾਨਾਂ ਅੱਗੇ ਬੋਲਿਆ ਘੱਟ ਜਾਵੇ ਅਤੇ ਉਨਾਂ ਨੂੰ ਸੁਣਿਆ ਵਧੇਰੇ ਜਾਵੇ। ਅਲੋਚਨਾ ਉਸੇ ਦੀ ਕਰਨੀ ਚਾਹੀਦੀ ਹੈ, ਜਿਸ ਦੇ ਵਿਕਾਸ ਵਿਚ ਸਾਡੀ ਦਿਲਚਸਪੀ ਹੋਵੇ। ਸੰਸਾਰ ਦੇ ਗ਼ਰੀਬ ਦੇਸ਼ ਇਸ ਲਈ ਗ਼ਰੀਬ ਹਨ ਕਿਉਂਕਿ ਉਹ ਸਮੇਂ ਦੇ ਮਹੱਤਵ ਤੋਂ ਅਵੇਸਲੇ ਹਨ।

ਸਮੇਂ ਪ੍ਰਤੀ ਸਾਡੀ ਲਾਪ੍ਰਵਾਹੀ ਸਾਡੇ ਵਿਹਾਰ ਦਾ ਸਭ ਤੋ ਵੱਡਾ ਔਗੁਣ ਹੈ, ਜਿਸ ਵਿੱਚੋਂ ਝੂਠ ਬੋਲਣ , ਬਹਾਨੇ ਲਾਉਣ ਅਤੇ ਸੁਸਤ ਹੋਣ ਦੇ ਲੱਛਣ ਉਪਜਦੇ ਹਨ। ਜੇ ਅਸੀਂ ਗਲਤੀਆਂ ਮੰਨਦੇ ਜਾਈਏ ਤਾਂ ਸਾਡੇ ਵਿਚ ਵਿਕਾਸ ਵਾਪਰਦਾ ਹੈ। ਆਪਣੀਆਂ ਘਾਟਾਂ ਤੋਂ ਸ਼ਰਮਸਾਰ ਹੋਣ ਦੀ ਲੋੜ ਨਹੀਂ। ਸਗੋਂ ਦੱਸੋ ਕਿ ਇਨ੍ਹਾਂ ਤੋਂ ਛੁਟਕਾਰਾ ਪਾਉਣ ਲਈ ਤੁਸੀਂ ਕਿਵੇਂ ਅਤੇ ਕਿਹੋ-ਜਿਹੀ ਜੱਦੋ-ਜਹਿਦ ਕਰ ਰਹੇ ਹੋ। ਇਵੇਂ ਦੂਜੇ ਵੀ ਆਪਣੀਆਂ ਘਾਟਾਂ ਦੱਸਣਗੇ ਅਤੇ ਸਾਰੇ ਇਕ-ਦੂਜੇ ਦੇ ਸਹਿਯੋਗੀ ਹੋ ਨਿਬੜਨਗੇ। ਕਈ ਨਿਕੰਮੇ ਕਹਿੰਦੇ ਹਨ ਕਿ ਮੈਨੂੰ ਆਪਣਾ ਕੰਮ ਪਸੰਦ ਨਹੀਂ। ਜੇ ਪਸੰਦ ਨਹੀਂ ਤਾਂ ਅਸਤੀਫ਼ਾ ਦੇ ਦਿਉ। ਸਪਸ਼ਟ ਹੈ ਜੇ ਕੰਮ ਪਸੰਦ ਨਹੀਂ ਤਾਂ ਉਸ ਨੂੰ ਚੰਗੀ ਤਰ੍ਹਾਂ ਨਹੀਂ ਕੀਤਾ ਹੋਵੇਗਾ। ਇਵੇਂ ਹੀ ਜੋ ਕੰਮ ਸਾਨੂੰ ਚੰਗਾ ਲੱਗਦਾ ਹੈ, ਉਹ ਕਰਨਾ, ਨਾ ਕੁਰਬਾਨੀ ਹੁੰਦੀ ਹੈ, ਨਾ ਸੇਵਾ। ਜੇ ਘਰ ਵਿਚ ਧੀ ਨਾ ਹੋਵੇ ਤਾਂ ਪੁਰਸ਼ ਵਿਚ ਪਿਤਾ ਵਾਲੇ ਗੁਣ ਹੀ ਨਹੀਂ ਉਪਜਦੇ। ਲੋੜ ਹੈ ਕਿ ਅਸੀਂ ਆਪਣੇ ਆਪ ਨੂੰ ਚੰਗੇ-ਆਚਾਰ ਦੇ ਜ਼ੋਰ ਨਾਲ ਉੱਚਾ ਚੁੱਕੀਏ, ਕਿਸੇ ਦੀ ਉਡੀਕ ਕਰਨ ਦੀ ਲੋੜ ਨਹੀਂ ਇਹ ਹੰਭਲਾ ਸਾਨੂੰ ਆਪ ਹੀ ਮਾਰਨਾ ਪਵੇਗਾ, ਨਹੀਂ ਤਾਂ ਪੱਛੜ ਕੇ ਅਸੀਂ ਆਪਣੇ-ਆਪ ਨੂੰ ਹਾਕਾਂ ਮਾਰਦੇ ਰਹਾਂਗੇ।

ਮੋਬਾਈਲ : 98158-80434

# ਮੇਰੀ ਨਾਵਲ ਸਿਰਜਣ ਪ੍ਰਕਿਰਿਆ

ਸਵੈ-ਕਥਨ



ਮਨਮੋਹਨ
ਮੋਬਾਈਲ : 08283948811

ਸਿਰਜਣ ਪ੍ਰਕਿਰਿਆ ਨੂੰ ਪਰਿਭਾਸ਼ਿਤ ਕਰਨਾ ਤੇ ਵਿਆਖਿਆਉਣਾ ਔਖੈ। ਇਹ ਅਜਿਹਾ ਸਹਿਜਬੋਧ ਹੈ ਜੋ ਭਾਸ਼ਾ ਤੋਂ ਪਰ੍ਹੇ ਹੈ ਪਰ ਕਮਾਲ ਹੈ ਕਿ ਇਹ ਭਾਸ਼ਾ ਰਾਹੀਂ ਹੀ ਪ੍ਰਗਟ ਹੁੰਦੈ। ਹੈਨਰੀ ਬਰਗਸਾਂ ਕਹਿੰਦੈ ਕਿ ਸਹਿਜਬੋਧ ਸਿਮਰਤੀ ਹੈ, ਪ੍ਰਤੱਖਣ ਨਹੀਂ। ਬੰਦੇ ਨੇ ਜੋ ਜੀਵਿਆ, ਪੜ੍ਹਿਆ, ਸਮਝਿਆ ਤੇ ਹੰਢਾਇਆ ਹੁੰਦੈ ਓਹੀ ਕਾਲਿਕ-ਮਿਆਦ 'ਚ ਉਸ ਦਾ ਵਿਹਾਰ ਬਣਦਾ। ਸਿਰਜਣਾ, ਇਸ ਵਿਹਾਰ ਦਾ ਪ੍ਰਗਟਾਵਾ ਹੈ। ਇਹ ਸ਼ਾਬਦਿਕ ਵੀ ਹੁੰਦੈ ਤੇ ਨਿਸ਼ਬਦ ਵੀ।

'ਨਿਰਵਾਣ' ਮੇਰਾ ਪਹਿਲਾ ਨਾਵਲ ਹੈ। ਮੈਂ ਜੋ ਪਿਛਲੇ ਕੁਝ ਵਰ੍ਹਿਆਂ 'ਚ ਜੀਵਿਆ, ਪੜ੍ਹਿਆ ਤੇ ਹੰਢਾਇਆ ਓਹੀ ਯਥਾਰਥ, ਗਲਪੀ ਬਿਰਤਾਂਤ ਰਾਹੀਂ 'ਨਿਰਵਾਣ' ਦੇ ਪਾਠ ਰੂਪ 'ਚ ਪਾਠਕਾਂ ਦੇ ਸਾਹਮਣੇ ਆਇਆ। ਯਥਾਰਥ ਤੇ ਗਲਪ ਵਿਚਲਾ ਫ਼ਰਕ ਉਵੇਂ ਹੀ ਹੁੰਦੈ ਜਿਵੇਂ ਸ਼ੀਸ਼ੇ ਵਿਚਲਾ ਬਿੰਬ। ਬਿੰਬ ਸ਼ੀਸ਼ੇ ਮੂਹਰੇ ਖੜ੍ਹੀ ਹੋਂਦ ਨਹੀਂ ਭਾਵੇਂ ਕਿ ਬਿੰਬ ਤੇ ਹੋਂਦ ਇੱਕੋ ਜਿਹੇ ਨੇ ਪਰ ਦੋਹਾਂ 'ਚ ਅੰਤਰ ਹੈ। ਇਹ ਅੰਤਰ ਹੈ ਜੀਵੰਤਤਾ ਤੇ ਦੇਸ਼-ਕਾਲ ਦਾ।

ਦੋਸਤੋਵਸਕੀ ਨੇ ਇਕ ਵਾਰ ਵਾਰਵਾਰਾ ਨੂੰ ਕਿਹਾ ਕਿ ਮੇਰੀ ਇਕ ਗੱਲ ਯਾਦ ਰੱਖੀਂ। ਕਹਾਣੀਆਂ ਤੇ ਪਲਾਟ ਮਨੋਂ ਨਾ ਘੜ੍ਹੀਂ। ਉਹ ਕੁਝ ਲਿਖੀਂ ਜੋ ਜ਼ਿੰਦਗੀ ਦਿੰਦੀ ਹੈ। ਜੋ ਜੀਵੰਤ ਹੈ। ਜ਼ਿੰਦਗੀ ਸਾਰੀਆਂ ਕਲਪਣਾਵਾਂ ਤੋਂ ਕਿਤੇ ਵਧ ਅਮੀਰ ਹੈ। ਆਮ ਸਧਾਰਣ ਬੰਦਿਆਂ ਦੀ ਜ਼ਿੰਦਗੀ ਜੋ ਸਾਨੂੰ ਦਿੰਦੀ ਹੈ, ਕੋਈ ਵੀ ਕਲਪਣਾ ਅਜਿਹਾ ਕੁਝ ਈਜ਼ਾਦ ਨਹੀਂ ਕਰ ਸਕਦੀ। ਜ਼ਿੰਦਗੀ ਦਾ ਸਤਿਕਾਰ ਕਰੀਂ। ਪਰ ਇਸ ਦਾ ਇਹ ਭਾਵ ਨਹੀਂ ਕਿ ਸਾਹਿਤ ਸੁਧਾ ਸੱਚ ਹੁੰਦਾ ਹੈ। ਸਾਹਿਤ ਗਲਪ ਹੁੰਦਾ ਜੋ ਸਾਨੂੰ ਸੱਚ ਨੂੰ ਪਛਾਣਨ ਦੇ ਕਾਬਿਲ ਬਣਾਉਂਦੈ। ਘੱਟੋ ਘੱਟ ਅਜਿਹਾ ਸੱਚ ਜੋ ਪਾਠਕ ਨੂੰ ਸਮਝਣ ਲਈ ਦਿੱਤਾ ਜਾਂਦੈ। ਲੇਖਕ ਨੂੰ ਅਵੱਸ਼ ਹੀ ਉਨ੍ਹਾਂ ਤਰੀਕਿਆਂ ਤੇ ਸਮਝ ਦਾ ਪਤਾ ਹੋਣਾ ਚਾਹੀਦਾ ਜੋ ਉਸ ਦੀਆਂ ਗਲਪ ਰਚਨਾਵਾਂ ਦੀ ਸੱਚਾਈ ਨੂੰ ਪਾਠਕ ਨੂੰ ਕਾਇਲ ਕਰਨ ਦੇ ਯੋਗ ਬਣਾਉਣ।

ਮੂਲ ਰੂਪ 'ਚ ਮੈਂ ਕਵੀ ਹਾਂ। ਮੇਰੇ ਲਈ ਕਾਵਿਕਾਰੀ ਦਾ ਭਾਵ ਏ, ਸ਼ਬਦ ਦੀ ਪੂਰਨਤਾ ਨੂੰ ਪਾਉਣਾ। ਦਿੱਸਦਾ ਸ਼ਬਦ ਪੂਰਣ ਨਹੀਂ। ਸ਼ਬਦ ਦੀ ਪੂਰਣਤਾ, ਸ਼ਬਦ ਦੇ ਪਾਰ ਹੈ, ਅਦਿੱਖ। ਕਈ ਵਾਰ ਓਸ ਤੋਂ ਵੀ ਪਰ੍ਹਾਂ। ਸ਼ਬਦਾਂ ਤੋਂ ਪਾਰ ਦੇ ਅਧਿਆਤਮ ਨੂੰ ਪ੍ਰਾਪਤ/ਦਿੱਸਦੀ ਸ਼ਬਦ-ਸਮਰੱਥਾ ਤੋਂ ਪਰ੍ਹਾਂ ਜਾ ਕੇ ਫੜਨਾ, ਕਵਿਤਾ ਹੈ। ਨਿਰਉਚੇਚ। ਸਹਿਜ ਭਾਵ। ਸਹਿਜ ਹੀ ਸਿਰਜਣਾ ਏ। ਇਸ ਸਿਰਜਣ 'ਚ ਹੀ ਜਿਊਣ ਹੈ। ਇਹ ਹੀ ਜੀਵਨ-ਮਰਨ...!

ਮੇਰੀ ਕਵਿਤਾ ਤੋਂ ਨਾਵਲ ਦੀ ਯਾਤਰਾ ਬਾਰੇ ਮੈਂ 'ਨਿਰਵਾਣ' ਦੀ ਭੂਮਿਕਾ 'ਚ ਹੀ ਲਿਖਿਆ ਹੈ, 'ਭਾਸ਼ਾ ਦੀ ਕੁਦਾਲ ਨਾਲ ਕਿਸੇ ਨੇ ਧਰਤੀ ਪੁੱਟਣੀ ਸ਼ੁਰੂ ਕੀਤੀ ਤਾਂ ਵਿੱਚੋਂ ਇਕ ਹੋਰ ਕੁਦਾਲ ਨਿਕਲ ਆਈ। ਇਹੋ ਉਹੋ ਕੁਦਾਲ ਸੀ ਜਿਸ ਨਾਲ ਕਿਸੇ ਨੇ ਭਾਸ਼ਾ ਦੀ ਕੁਦਾਲ ਲੱਭੀ ਸੀ। ਮੇਰੀ ਕਵਿਤਾ ਤੋਂ ਨਾਵਲ ਵੱਲ ਦੀ ਭਾਲ ਵੀ ਕੁਝ ਇਹੋ ਜਿਹੀ ਰਹੀ...'।

ਮੈਂ ਆਪਣੀ ਨੌਕਰੀ ਦੇ ਸਿਲਸਿਲੇ 'ਚ ਜਿਨ੍ਹਾਂ ਇਲਾਕਿਆਂ, ਸਮਾਜਾਂ 'ਚ ਵਿਚਰਿਆਂ ਓਥੇ ਮੈਂ ਬੁੱਧ ਧਰਮ ਤੇ ਫ਼ਲਸਫ਼ੇ ਨੂੰ ਕੋਲੋਂ ਡਿੱਠਾ ਤੇ ਪੜ੍ਹਿਆ ਵੀ। ਬੁੱਧ ਦੇ ਵਿਚਾਰਾਂ ਤੋਂ ਪ੍ਰਭਾਵਿਤ ਹੋਇਆ ਤੇ ਅਮਲੀ ਰੂਪ 'ਚ ਜਿਊਣ ਦਾ ਯਤਨ ਵੀ ਕੀਤਾ। ਬੋਧ ਗਯਾ, ਜਿੱਥੇ ਬੁੱਧ ਨੂੰ ਨਿਰਵਾਣ ਪ੍ਰਾਪਤ ਹੋਇਆ ਓਥੇ ਮੈਂ ਆਪਣੀ ਨੌਕਰੀ ਦੇ ਸਬੰਧ 'ਚ ਮਾਓਵਾਦੀ ਲਹਿਰ ਨੂੰ ਲਾਗਿਓਂ ਤੱਕਿਆ। ਮਾਰਕਸੀ ਵਿਚਾਰਧਾਰਾ ਤੇ ਮਾਓ ਦੇ ਅਮਲਾਂ ਬਾਰੇ ਮੈਂ ਨਿੱਠ ਕੇ ਅਧਿਐਨ ਕੀਤਾ ਤੇ ਸਮਝਣ ਦੀ ਕੋਸ਼ਿਸ਼ ਵੀ ਕੀਤੀ। ਮਾਓਵਾਦੀ ਲਹਿਰ ਦੇ ਲੋਕ ਵਿਹਾਰ ਤੇ ਸਿਧਾਂਤਕਤਾ ਵਿਚਲੇ ਖੱਪੇ ਨੂੰ ਮਹਿਸੂਸ ਕੀਤਾ। ਜਦੋਂ ਕਦੀ ਨਕਸਲੀ ਜਾਂ ਰਣਬੀਰ ਸੈਨਾ ਦੀ ਹਿੰਸਾ-ਪ੍ਰਤੀਹਿੰਸਾ ਦੀਆਂ ਘਟਨਾਵਾਂ ਦੇ ਮੌਕੇ ਦੀ ਜਾਂਚ ਕਰ ਕੇ ਪਰਤਦਾ ਤਾਂ ਰਾਹ 'ਚ ਪੈਂਦੇ ਬੋਧ ਗਯਾ ਮੱਠ ਕੋਲ ਰੁਕ ਜਾਂਦਾ। ਬੋਧੀ ਬਿਰਖ ਹੇਠ ਬੈਠ ਇਸ ਮਾਨਵੀ ਹੋਣੀ ਤੇ ਵਿਡੰਭਨਾ 'ਤੇ ਮਨਨ ਕਰਦਾ। ਕੁਝ ਵਰ੍ਹਿਆਂ ਬਾਅਦ ਮੇਰੀ ਬਦਲੀ ਲੇਹ ਹੋ ਗਈ ਜੋ ਬੁੱਧ ਦੇ ਪੈਰੋਕਾਰਾਂ ਦੀ ਧਰਤੀ ਹੈ। ਇੱਥੇ ਮੈਂ ਬੋਧੀ ਮੱਠਾਂ 'ਚ ਅਕਸਰ ਜਾਂਦਾ। ਬੋਧੀ ਭਿਖਸ਼ੂਆਂ ਦੀ ਸੰਗਤ 'ਚ ਵਿਚਰਦਾ। ਬੁੱਧ ਦਰਸ਼ਨ ਅਤੇ ਵਿਚਾਰਾਂ 'ਤੇ ਗੋਸ਼ਟਿ ਹੁੰਦਾ।

ਬੁੱਧ ਦੇ ਫ਼ਲਸਫ਼ੇ ਦੇ ਨਾਲ ਨਾਲ ਭਾਰਤੀ ਦਰਸ਼ਨ ਤੇ ਗਿਆਨ ਸ਼ਾਸਤਰ ਨੂੰ ਮੈਂ ਆਪਣੇ ਅੰਦਰਲੀਆਂ ਜਿਗਿਆਸਾਵਾਂ ਦੇ ਜਵਾਬ ਲੱਭਣ ਲਈ ਪੜ੍ਹਦਾ। ਵੇਦਾਂਤ 'ਚ ਉਪਨਿਸ਼ਦਾਂ ਤੇ ਪੁਰਾਣਾਂ ਦਾ ਅਧਿਐਨ ਕਰਦਾ। ਮਿਥਿਹਾਸ ਇਤਿਹਾਸ ਨੂੰ ਫਰੋਲਦਾ। ਮੈਂ ਹੋਰ ਪੜ੍ਹਦਾ। ਧਾਰਣਾਵਾਂ ਧਿਆਉਂਦਾ। ਸਮਾਧੀ ਲਾਉਂਦਾ। ਧਿਆਨ ਯੋਗ ਦੀ ਭਾਲ ਕਰਦਾ। ਹੋਰ ਭਟਕਦਾ। ਫਿਰ ਧਿਆਨ ਦੀ ਸ਼ਰਣ ਲੈਂਦਾ। ਫਿਰ ਭਟਕਦਾ। ਇਸ ਭਟਕਣ ਨਾਲ 'ਨਿਰਵਾਣ' ਦਾ ਸਿਰਜਣ ਹੋਰ ਤੀਬਰ ਹੁੰਦਾ।

ਇਸ ਦੇ ਨਾਲ ਨਾਲ ਆਪਣੀ ਨੌਕਰੀ ਦੀਆਂ ਜ਼ਰੂਰਤਾਂ ਦੀ ਪੂਰਤੀ ਲਈ ਦੇਸ਼ ਦੀਆਂ ਰਾਜਨੀਤਕ ਤੇ ਸੱਤਾ ਸੰਰਚਨਾਵਾਂ ਦੇ ਸੂਖ਼ਮ ਪਾਸਾਰਾਂ ਨੂੰ ਪਛਾਣਨ ਦੀ ਕੋਸ਼ਿਸ਼ ਕਰਦਾ। ਇਸ ਪ੍ਰਕਿਰਿਆ 'ਚ ਮੇਰੀ ਇਹ ਸਮਝ ਪੈਦਾ ਹੋਈ ਕਿ ਵੇਦਾਂਤ ਤੇ ਉਸ ਦੇ ਬ੍ਰਾਹਮਣੀ ਸੰਕਲਪਾਂ ਨੇ ਬੁੱਧ ਮੱਤ ਤੇ ਹੋਰ ਭਾਰਤੀ ਗਿਆਨ ਪਰੰਪਰਾਵਾਂ ਭਾਵ (ਪਦਾਰਥਕ, ਪ੍ਰਕਿਰਤਕ ਤੇ ਸ਼ੂੰਨਯਵਾਦੀ) ਨੂੰ ਆਪਣੀ ਸੱਤਾ ਨੂੰ ਬਣਾਏ ਰੱਖਣ ਲਈ ਮਾਇਆ ਤੇ ਬ੍ਰਹਮ ਦੀ ਖੇਡ ਨਾਲ ਮੂਲੋਂ ਹੀ ਜੜੋਂ ਉਖਾੜ ਦਿੱਤਾ ਤੇ ਲੋਕਾਈ ਨੂੰ ਆਪਣੇ ਮਗਰ ਲਾ ਲਿਆ। ਸਾਰਾ ਭਾਰਤ ਵੇਦਾਂਤਮਈ ਹੋ ਗਿਆ। ਸ਼ੰਕਰਾਚਾਰਯ ਦੀ ਇਸ 'ਚ ਮੁੱਖ ਭੂਮਿਕਾ ਸੀ। ਇਸ ਦੇ ਨਾਲ ਨਾਲ ਵਰਤਮਾਨ ਦੌਰ 'ਚ ਰਾਜਨੀਤਕ ਸੱਤਾ ਕੋਲ ਲੋਕਤੰਤਰ ਇਕ ਅਜਿਹਾ ਸੰਦ ਹੈ ਜਿਸ ਨਾਲ ਉਹ ਆਪਣੇ ਆਪ ਨੂੰ ਬਣਾਏ ਰੱਖਣ ਲਈ ਹਰ ਖੇਡ ਖੇਲ੍ਹਦੀ ਹੈ। ਮੈਨੂੰ ਭਾਰਤੀ ਇਤਿਹਾਸ ਤੇ ਗਿਆਨ ਦੇ ਪਰਿਪੇਖ ਨੇ ਕਾਲਾਂਤਰ 'ਚ ਪਏ ਇਨ੍ਹਾਂ ਦੋਹਾਂ ਦੌਰਾਂ 'ਚ ਸਮਾਨਾਂਤਰਤਾ ਦਿਸੀ। ਇਸੇ ਸਮਾਨਾਂਤਰਤਾ ਨੂੰ ਮੈਂ ਇਕ ਹਜ਼ਾਰ ਸਾਲ ਦੇ ਅੰਤਰਾਲ 'ਚ ਦੋ ਪਾਤਰਾਂ ਆਨੰਦ ਤੇ ਮਿਲਿੰਦ ਦੇ ਬਿਰਤਾਂਤ ਰਾਹੀਂ ਪੇਸ਼ ਕੀਤਾ। ਮਿਲਿੰਦ ਬੁੱਧ ਦੇ ਨਾਲ ਨਾਲ ਭਾਰਤੀ ਗਿਆਨ ਸ਼ਾਸਤਰ ਤੇ ਦਰਸ਼ਨ ਦਾ ਵਿਦਿਆਰਥੀ ਹੈ। ਆਨੰਦ ਮਾਓਵਾਦੀ ਤਨਜ਼ੀਮ ਦਾ ਕਾਰਕੁੰਨ ਜੋ ਆਪਣੇ ਆਦਰਸ਼ਾਂ 'ਚ ਬੱਝਾ ਹੈ ਅਤੇ ਪਾਰਟੀ ਨੂੰ ਤਨੋਂ-ਮਨੋਂ ਸਮਰਪਿਤ ਹੈ। ਦੋਵੇਂ ਹੀ ਆਪਣੇ ਜੀਵਨ ਦੇ ਤਣਾਵਾਂ ਦੀ ਸ਼ਰਣ ਪ੍ਰੇਮ 'ਚੋਂ ਤਲਾਸ਼ਦੇ ਹੋਏ ਲੰਮੀਆਂ ਯਾਤਰਾਵਾਂ/ਰੂਟਸ ਦੀ ਉੱਭ ਤੋਂ ਬਾਅਦ ਆਪਣੀਆਂ ਜੜ੍ਹਾਂ/ਰੂਟਸਵੱਲ ਮੁੜਦੇ ਨੇ। ਵਰਜਣਾਵਾਂ ਤੋੜ ਕੇ ਮੁਕਤ ਹੋਣਾ ਲੋਚਦੇ ਨੇ। ਦੋਹਾਂ ਨੂੰ ਮੁਕਤੀ ਦੀ ਟੋਹ ਪ੍ਰੇਮ 'ਚੋਂ ਮਿਲਦੀ ਹੈ। ਦੋਵੇਂ ਪ੍ਰੇਮਮਈ ਹੋ ਆਪਣੇ ਪ੍ਰੇਮ ਦੀ ਸੰਪੂਰਣਤਾ, ਸਿਰਜਣਾ ਦੀ ਟੇਕ 'ਚੋਂ ਭਾਲਦੇ ਨੇ। ਮਿਲਿੰਦ ਦੀ 'ਕਮਲਾ' ਬੁੱਧ ਦੀਆਂ ਧਰਾਣਾਵਾਂ ਨੂੰ ਪ੍ਰਚਾਰ ਕੇ ਤੇ ਆਨੰਦ ਦੀ 'ਪੰਕਜਾ' ਕਵਿਤਾ ਦੀ ਸਿਰਜਣਾ ਕਰਕੇ। ਆਨੰਦ ਤੇ ਮਿਲਿੰਦ ਉਨ੍ਹਾਂ ਦੀ ਸਿਰਜਣਾ ਦੇ ਨਾਲ ਨਾਲ ਖਲੋਂਦੇ ਹਨ। 'ਨਿਰਵਾਣ' ਦਾ ਪੋਸਟ ਸਕਰਿਪਟ ਵੀ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਭਿਖਸ਼ੂ ਮਿਲਿੰਦ ਤੇ ਕਮਲਾ ਦੀ ਅਣਸ ਕਾਲਾਂਤਰ 'ਚ ਕਿਸੇ ਨਾ ਕਿਸੇ ਸਿਰਜਣਾਤਮਕ ਵਿਹਾਰ ਨਾਲ ਜੁੜੀ ਰਹੀ। ਕੋਈ ਗਿਆਨ ਦੇ ਰਾਹ ਪਿਆ ਤੇ ਕੋਈ ਧਿਆਨ ਦੇ। ਜਿਗਿਆਸਾਵਾਂ ਤੇ ਨਿਵਰਿਤੀਆਂ ਦਾ ਸਿਲਸਿਲਾ ਜਾਰੀ ਰਿਹਾ। ਅੰਤ ਆਨੰਦ ਤੇ ਪੰਕਜਾ ਵੀ ਆਪਣਾ ਉਦੇਸ਼ ਸਿਰਜਣ ਤੇ ਸਮਰਪਿਣ ਨੂੰ ਮਿੱਥਦੇ ਹਨ। ਇਸ ਉਦੇਸ਼ ਲਈ ਸਮਰਪਿਤ ਸੰਘਰਸ਼ ਜਾਰੀ ਹੈ। ਇਸੇ ਕਰਕੇ 'ਨਿਰਵਾਣ' ਦੇ ਅਖ਼ੀਰ 'ਚ ਆਉਂਦੈ, 'ਇਹ ਅੰਤ ਨਹੀਂ'।

ਨਿੱਜੀ ਜੀਵਨ 'ਚ ਕਈ ਅਜਿਹੇ ਪ੍ਰੇਮ ਅਨੁਭਵਾਂ, ਹੋਏ-ਅਣਹੋਏ ਪਰਕੀਆ ਸਬੰਧਾਂ ਨੇ ਮੇਰੀ ਜ਼ਿੰਦਗੀ ਦੇ ਵੱਡੇ ਦੌਰ ਨੂੰ ਪ੍ਰਭਾਵਿਤ ਕੀਤਾ। ਹਜ਼ਾਰੀ ਪ੍ਰਸਾਦ ਦਿਵੇਦੀ ਨੇ 'ਅਨਾਮ ਦਾਸ ਕਾ ਪੋਥਾ' 'ਚ ਲਿਖਿਆ ਕਿ ਇਸਤਰੀ ਵੱਲ ਆਕਰਸ਼ਿਤ ਹੋਣਾ ਕਾਮ ਹੈ ਪਰ ਉਸ ਉੱਪਰ ਆਪਣਾ ਆਪ ਨਿਛਾਵਰ ਕਰ ਦੇਣਾ ਪ੍ਰੇਮ ਹੈ। ਕਾਮ ਅਧਿਆਤਮਕ ਵਿਕਾਸ ਦਾ ਬਾਧਕ ਹੈ ਜਦੋਂ ਕਿ ਪ੍ਰੇਮ ਉਸ ਦਾ ਉਨਨਾਯਕ ਹੈ। ਇਸਤਰੀ ਪੁਰਸ਼ ਸਬੰਧ ਤਿੰਨ ਪ੍ਰਕਾਰ ਦੇ ਹੁੰਦੇ ਨੇ। ਇਕ ਹੈ ਕਾਮ ਤੋਂ ਪੈਦਾ ਸਬੰਧ ਜੋ ਧਰਮ ਸੰਗਤ ਨਹੀਂ। ਦੂਸਰਾ ਜੋ ਧਰਮ ਸੰਗਤ ਹੈ, ਇਸ ਨੂੰ ਇਹ ਸ਼ਾਸਤਰਾਂ 'ਚ ਵਿਆਹ ਕਹਿੰਦੇ ਨੇ। ਤੀਸਰਾ ਹੈ ਉਦਵਾਹ। ਇਸ 'ਚ ਪਤੀ ਪਤਨੀ ਨੂੰ ਅਤੇ ਪਤਨੀ ਪਤੀ ਨੂੰ ਉਮਰ ਭਰ ਵਹਨ ਕਰਦੀ ਹੈ ਅਰਥਾਤ ਪ੍ਰਸਪਰ ਦੀ ਅਧਿਆਤਮਕ ਚੇਤਨਾ ਨੂੰ ਨਿਖਾਰਦੀ ਹੈ। ਵਿਆਹ 'ਚ ਪਣਿਗ੍ਰਹਿਣ ਦਾ ਵਿਧਾਨ ਹੈ ਜਦੋਂ ਕਿ ਉਦਵਾਹ 'ਚ ਉਪੋਦਗ੍ਰਹਿਣ ਹੁੰਦਾ ਹੈ। ਇਹ ਗ੍ਰਹਿਣ ਪਣਿ ਦਾ ਨਹੀਂ ਮੁਖ ਤੇ ਮਨ ਦਾ ਹੁੰਦੈ। ਮਾਨਸਿਕ ਹੁੰਦਾ। ਭਾਵਨਾਵਾਂ ਦਾ ਹੁੰਦਾ। ਮਿਲਿੰਦ ਤੇ ਕਮਲਾ ਅਤੇ ਆਨੰਦ ਤੇ ਪੰਕਜਾ ਦਾ ਪ੍ਰੇਮ ਵਿਹਾਰ ਕੁਝ ਇਸੇ ਨੌਈਅਤ ਦਾ ਹੈ ਜੋ ਕਿ 'ਨਿਰਵਾਣ' ਦੇ ਪਾਠ 'ਚ ਆਰ ਪਾਰ ਫ਼ੈਲਿਆ ਹੈ।

ਮੇਰਾ ਮੰਨਣਾ ਹੈ ਕਿ ਭਾਰਤੀ ਸੰਸਕ੍ਰਿਤੀ ਤੇ ਸਮਾਜਿਕਤਾ 'ਚ ਇਨ੍ਹਾਂ ਤੋਂ ਮੁਨਕਰ ਨਹੀ ਹੋਇਆ ਜਾ ਸਕਦਾ। ਜਾਤ ਤੇ ਵਰਣ ਅਜਿਹਾ ਵਰਤਾਰਾ ਹੈ ਕਿ ਜਿੰਨੇ ਮਰਜ਼ੀ ਸੁੰਦਰ ਗਹਿਣੇ ਪਹਿਨ ਲਵੋ ਇਹ ਕੋਹੜ ਛੁਪਾਇਆਂ ਵੀ ਨਹੀਂ ਛੁਪਦਾ। ਮੈਂ ਦਲਿਤ ਗਿਆਨ ਸ਼ਾਸਤਰ ਨੂੰ ਵੀ ਪੜ੍ਹਿਆ। ਜੋਤਿਬਾ ਫੂਲੇ ਦੇ ਵਿਚਾਰਾਂ ਨੇ ਮੈਨੂੰ ਪ੍ਰਭਾਵਿਤ ਕੀਤਾ ਕਿ ਲੋਕਾਈ ਦਾ ਭਲਾ ਗਿਆਨਵਾਨ ਹੋਣ 'ਚ ਹੀ ਹੈ।

ਪਰ ਮੈਨੂੰ ਮਹਿਸੂਸ ਹੁੰਦਾ ਸੀ ਕਿ ਮੈਂ ਇਨ੍ਹਾਂ ਮੀਮਾਸਾਵਾਂ ਤੇ ਅਨੁਭਵਾਂ ਦੇ ਸੂਖ਼ਮ ਤੇ ਉਦਾਤ ਪੱਖਾਂ ਨੂੰ ਤਾਂ ਕਵਿਤਾ 'ਚ ਪ੍ਰਗਟ ਕਰ ਪਾ ਰਿਹਾ। ਇਨ੍ਹਾਂ ਦੀ ਬਹੁਵੰਦਤਾ/ਬਹੁਧੁਨੀ ਤੇ ਵਨਸੁਵੰਨਤਾ ਕਵਿਤਾ 'ਚ ਵਿਅਕਤ ਨਹੀਂ ਹੋ ਰਹੀ। ਰੂਸੀ ਵਿਦਵਾਨ ਮਿਖੇਲ ਬਾਖ਼ਤਿਨ ਇਸ ਨੂੰ ਹੈਟਰੋਗਲੌਸੀਆ ਤੇ ਪੋਲੀਫੋਨੀ ਕਹਿੰਦਾ ਹੈ। ਉਸ ਦਾ ਵਿਚਾਰ ਹੈ ਕਿ ਨਾਵਲ ਦੀ ਵਿਧਾ ਲਈ ਇਨ੍ਹਾਂ ਤੱਤਾਂ ਦਾ ਗਲਪ ਸਿਰਜਣ ਪ੍ਰਕਿਰਿਆ 'ਚ ਹੋਣਾ ਜ਼ਰੂਰੀ ਹੈ। ਬਾਖ਼ਤਿਨ ਦੇ ਸੰਵਾਦ ਦੇ ਸੰਕਲਪ, ਮਾਰਤਿਨ ਬੂਬਰ ਦੇ ਦੂਜੇ/ਪਰ, ਇਮੈਨੂਅਲ ਲੈਵੀਨਾਸ ਦੇ ਪਰਤਾ ਅਤੇ ਹੈਨਰੀ ਬਰਗਸਾਂ ਦੇ ਸਹਿਜਬੋਧ ਤੇ ਨੈਤਿਕਤਾ ਦੇ ਸੰਕਲਪਾਂ ਨੇ ਵੀ ਮੇਰੀ ਸਮਝ ਨੂੰ ਨਿਖਾਰਿਆ। ਇਸ ਸਿਧਾਂਤਕਤਾ ਦੇ ਪਿਠਭੂਮਨ 'ਚ ਮੈਂ 'ਨਿਰਵਾਣ' ਦਾ ਗਲਪੀ ਬਿਰਤਾਂਤ ਸਿਰਜਣ ਦੀ ਚੇਸ਼ਟਾ ਕੀਤੀ ਪਰ ਭਾਸ਼ਾ ਦੀ ਖ਼ੂਬਸੂਰਤੀ ਦੇਖੋ ਕਿ ਕਵਿਤਾ ਫਿਰ ਵੀ ਮੇਰੇ ਨਾਲ ਨਾਲ ਹੀ ਰਹੀ। ਮੈਂ ਆਪ ਹੈਰਾਨ ਹਾਂ। ਭਾਸ਼ਾ ਦੀ ਅਦਭੁੱਤਤਾ ਬਾਰੇ ਜਲਾਲੂਦੀਨ ਰੂਮੀ ਲਿਖਦਾ ਹੈ ਕਿ ਇਹ ਹਮੇਸ਼ਾ ਹੁੰਦਾ ਹੈ, ਜਦੋਂ ਮੈਂ ਕਵਿਤਾ ਲਿਖ ਕੇ ਹੱਟਦਾ ਹਾਂ ਤਾਂ ਇਕ ਮਹਾਨ ਚੁੱਪ ਮੈਨੂੰ ਘੇਰ ਲੈਂਦੀ ਹੈ ਤੇ ਮੈਂ ਹੈਰਾਨ ਹੁੰਦਾ ਹਾਂ ਕਿ ਕਿਉਂ ਮੈਂ ਭਾਸ਼ਾ ਦੀ ਵਰਤੋਂ ਬਾਰੇ ਸੋਚਿਆ ।

ਆਪਣੀ ਦੇਹ, ਮਨ ਤੇ ਮਸਤਿਕ 'ਤੇ ਹੰਢਾਏ ਇਨ੍ਹਾਂ ਸਾਰੇ ਸੱਚਾਂ/ਮਿੱਥਕਾਂ ਨੂੰ ਪ੍ਰਗਟਾਉਣ ਲਈ ਮੈਨੂੰ ਨਾਵਲ ਵਿਧਾ ਮਾਫ਼ਕ ਲੱਗੀ। ਮੈਂ ਲਿਖਦਾ ਬਹੁਤ ਘੱਟ ਹਾਂ। ਪੜ੍ਹਨ ਵੱਲ ਵਧ ਧਿਆਨ ਦਿੰਦਾਂ। ਕਿਉਂ ਕਿ ਟਾਲਸਟਾਏ ਦੀ ਇਕ ਗੱਲ ਮੇਰੇ ਮਨ 'ਚ ਬੈਠੀ ਹੋਈ ਹੈ। ਟਾਲਸਟਾਏ ਕਹਿੰਦਾ ਹੈ ਕਿ ਜੇਕਰ ਮੈਂ ਦੱਸ ਸਾਲ ਨਾ ਲਿਖਾਂ ਤਾਂ ਮੈਨੂੰ ਕੋਈ ਪਾਪ ਬੋਧ ਨਹੀਂ ਹੁੰਦਾ ਪਰ ਪੜ੍ਹਨਾ ਮੇਰੇ ਲਈ ਹਰ ਰਾਤ ਜ਼ਰੂਰੀ ਹੈ।

'ਨਿਰਵਾਣ' ਮੈਂ ਸਤਾਰਾਂ ਸਾਲ ਪਹਿਲਾਂ ਲਿਖਣਾ ਸ਼ੁਰੂ ਕੀਤਾ। ਇਸ ਸਦੀ ਦੇ ਸ਼ੁਰੂਆਤੀ ਦਿਨਾਂ 'ਚ। ਮੇਰਾ ਮੰਨਣਾ ਹੈ ਕਿ ਸਿਰਜਣਾ ਦੌਰਾਨ ਲਿਖਣਾ ਓਨਾਂ ਮਹੱਤਵਪੂਰਣ ਨਹੀਂ ਹੁੰਦਾ ਜਿੰਨਾ ਨਾ-ਲਿਖਣਾ। ਬੰਗਾਲੀ ਨਾਵਲਕਾਰ ਸ਼ਰਤ ਚੰਦਰ ਚੈਟਰਜੀ ਨੇ ਇਕ ਵਾਰ ਦੂਜੇ ਬੰਗਾਲੀ ਨਾਵਲਕਾਰ, ਦਲੀਪ ਕੁਮਾਰ ਰਾਏ ਨੂੰ ਕਿਹਾ ਸੀ ਕਿ ਤੂੰ ਲਿਖਣਾ ਤਾਂ ਜਾਣਦੈਂ ਪਰ ਨਾ-ਲਿਖਣਾ ਨਹੀਂ। ਇਸ ਲਈ ਲਿਖਣ ਨਾਲੋਂ ਵਧ ਮੈਂ ਪੜ੍ਹਦਾ ਜ਼ਿਆਦਾ। ਮਨਨ ਵਧ ਕਰਦਾਂ। ਕਈ ਪ੍ਰਸ਼ਨ ਤੇ ਜਿਗਿਆਸਵਾਂ ਮਨ 'ਚ ਉਠਦੀਆਂ ਤੇ ਮੈਂ ਉਨ੍ਹਾਂ ਦੇ ਜਵਾਬ ਲੱਭਣ ਲਈ ਅਧਿਐਨ ਦਾ ਸਹਾਰਾ ਲੈਂਦਾ।

ਮੇਰੇ ਮਨ 'ਚ ਨਾਵਲੀ ਵਿਧਾ ਤੇ ਸਿਧਾਂਤ ਬਾਰੇ ਇਕ ਗੱਲ ਬੈਠੀ ਸੀ ਕਿ ਨਾਵਲ ਮਹਿਜ਼ ਕਥਾ ਕਹਾਣੀ ਤੇ ਘਟਨਾਵਾਂ-ਬੰਦਿਆ ਦਾ ਬਿਰਤਾਂਤ ਨਹੀਂ ਹੁੰਦਾ। ਨਾਵਲ ਇਨ੍ਹਾਂ ਸਾਰਿਆਂ ਨੂੰ ਮਿਲਾ ਕੇ ਕੁਝ ਹੁੰਦਾ। ਰੂਜ਼ਵੈਲਟ ਨੇ ਇਕ ਵਾਰ ਕਿਹਾ ਸੀ, ਉਚੀ ਸੋਚ ਵਾਲੇ ਵਿਚਾਰਾਂ ਦੀ ਗੱਲ ਕਰਦੇ ਨੇ, ਔਸਤ ਸੋਚ ਵਾਲੇ ਘਟਨਾਵਾਂ ਦੀ ਤੇ ਨੀਵੀਂ ਸੋਚ ਵਾਲੇ ਬੰਦਿਆਂ ਦੀ।

ਨਾਵਲ ਦੀ ਵਿਧਾ ਬਾਰੇ ਮੇਰਾ ਮੰਨਣਾ ਹੈ ਕਿ ਇਸ ਦੀ ਬਣਤਰ ਬਹੁਵੰਦੀ, ਵਨਸੁਵੰਨੀ ਤੇ ਸੁਰ ਬਹੁਧੁਨੀ ਹੁੰਦੀ ਹੈ। ਪੰਜਾਬੀ ਨਾਵਲ ਦੀ ਸਾਰੀ ਪਰੰਪਰਾ ਮੇਰੇ ਸਾਹਮਣੇ ਸੀ ਜੋ ਬਹੁਤੀ ਸ਼ਬਦ-ਸੱਭਿਆਚਾਰ ਵੱਲ ਰੁਚਿਤ ਰਹੀ ਹੈ। ਯੱਕ ਦੈਰੀਦਾ ਇਸ ਨੂੰ ਲੋਗੋਸੈਂਟਰਿਕ ਕਹਿੰਦਾ ਹੈ। ਹੁਣ ਮੇਰੀ ਚੋਣ ਸੀ ਕਿ ਮੈਂ ਲਕੀਰ ਦਾ ਫ਼ਕੀਰ ਬਣ ਗਾਡੀਰਾਹ ਅਪਣਾਵਾਂ ਜਾਂ ਵਿਚਾਰ, ਵਿਚਾਰਧਾਰਾ, ਕੱਥ, ਕਥਾਨਕ, ਭਾਸ਼ਾ ਤੇ ਸ਼ਿਲਪ ਦੀ ਪੱਧਰ 'ਤੇ ਕੋਈ ਨਵਾਂ ਪ੍ਰਯੋਗ ਕਰਾਂ। 'ਨਿਰਵਾਣ' ਨੂੰ ਲਿਖਣ ਲਈ ਮੈਂ ਔਖਾ ਪੰਧ ਅਖ਼ਤਿਆਰ ਕੀਤਾ।

ਇਸ ਨਿਰਵਾਣੀ ਪੰਧ ਦਾ ਪਾਠ ਰੂਪ ਹੁਣ ਪਾਠਕਾਂ ਦੇ ਸਾਹਮਣੇ ਹੈ। ਮੇਰਾ ਮੰਨਣਾ ਹੈ ਕਿ ਰਚਨਾ ਲਿਖੇ ਜਾਣ ਤੋਂ ਬਾਅਦ, ਰਚਨਾਕਾਰ ਦਾ ਉਸ ਨਾਲ ਕੋਈ ਬਹੁਤਾ ਵਾਸਤਾ ਨਹੀਂ ਰਹਿੰਦਾ। ਕਿਉਂ ਕਿ ਰਚਨਾਕਾਰ ਦੀ ਭੂਮਿਕਾ ਆਪਣਾ ਆਪ ਹੰਢਾਅ ਚੁੱਕੀ ਹੁੰਦੀ ਹੈ। ਲਿਖੇ ਜਾਣ ਬਾਅਦ ਰਚਨਾ ਆਪ ਖ਼ੁਦਮੁਖ਼ਤਾਰ ਹੈ। ਉਸ ਨੂੰ ਕਿਸੇ ਦੀ ਟੇਕ ਨਹੀਂ। ਜੇ ਟੇਕ ਦੀ ਲੋੜ ਹੀ ਪੈ ਗਈ ਤਾਂ ਫਿਰ ਰਚਨਾ ਦੀ ਆਪਣੀ ਹੋਂਦ ਕੀ ਹੋਈ...?

ਮੈਂ ਪੰਜਾਬੀ ਪ੍ਰਬੁੱਧ ਪਾਠਕਾਂ ਦਾ ਸ਼ੁਕਰਗੁਜ਼ਾਰ ਹਾਂ ਕਿ ਮੈਨੂੰ ਉਨ੍ਹਾਂ ਦੇ ਅਣਗਿਣਤ ਪ੍ਰਭਾਵ ਤੇ ਪ੍ਰਤਿਕਰਮ ਮਿਲੇ। •

## ਗ਼ਜ਼ਲਾਂ

ਬੰਸਰੀ ਵਾਲੇ ਹੱਥਾਂ ਨੂੰ ਜਦ ਸੋਕੇ-ਧੋਖੇ ਠਾਰ ਗਏ।
ਬੁੱਲ੍ਹ ਛੋਹਣ ਜੋ ਤਾਨ ਇਸ਼ਕ ਦੀ ਸੱਤ ਸਮੁੰਦਰ ਪਾਰ ਗਏ।

ਉਮਰ ਦੀਆਂ ਤਰਕਾਲਾਂ ਵੇਲੇ ਟੇਕ ਜਿਨ੍ਹਾਂ ਨੇ ਬਣਨਾ ਸੀ,
ਵੰਡ ਕੇ ਸੀ ਜਿਸ ਹੌਲ਼ਾ ਕਰਨਾ ਬਣ ਬਾਪੂ ਲਈ ਭਾਰ ਗਏ।

ਵਿਚ ਅਖਾੜੇ ਜਿੱਤਾਂ ਵਾਲਾ ਤਾਜ ਸਿਰਾਂ 'ਤੇ ਟਿਕਦਾ ਸੀ,
ਰੋਟੀ ਦੇ ਚੱਕਰ ਵਿਚ ਪੈ ਕੇ ਪਾਪੀ ਪੇਟ ਤੋਂ ਹਾਰ ਗਏ।

ਵਾਅਦੇ ਤੇ ਦਾਅਵੇ ਕਰਦੇ ਸੀ ਜਿਹੜੇ ਪਾਰ ਲਗਾਵਣ ਦੇ,
ਭੰਵਰਾਂ ਵਿਚ ਫਸਾ ਕੇ ਬੇੜੀ ਡੋਬ ਕੇ ਅੱਧ ਵਿਚਕਾਰ ਗਏ।

ਵਕਤ ਦਾ ਪਾਣੀ ਵਹਿੰਦਾ ਜਾਵੇ ਖੋਰੇ ਉਮਰ ਦੇ ਕੰਢੇ ਨੂੰ,
ਦੋਸਤੀਆਂ ਦੇ ਬਾਗਾਂ ਵਿੱਚੋਂ ਫੁੱਲਾਂ ਵਰਗੇ ਯਾਰ ਗਏ।

ਰਿਖੀ ਵਰਗਿਆਂ ਕੀ ਫੜਨੀ ਸੀ ਹੱਥ ਮਸ਼ਾਲ ਕ੍ਰਾਂਤੀ ਦੀ,
ਹਰਫ਼ਾਂ ਦੇ ਹਥਿਆਰ ਬਣਾ ਕੇ ਸ਼ੇਅਰ ਸੁਣਾ ਕੇ ਸਾਰ ਗਏ।



• ਕੁਲਵੰਤ ਰਿਖੀ, ਮੋਬਾਈਲ : 81463-44112

ਗੁਜ਼ਾਰ ਲੈਣਗੇ ਜ਼ਿੰਦਗੀ ਆਪੇ ਛੱਡ ਆਏ।
ਬਿਰਧ ਆਸ਼ਰਮ ਦੇ ਵਿਚ ਮਾਪੇ ਛੱਡ ਆਏ।

ਜਸ਼ਨਾਂ ਦੇ ਵਿਚ ਲੋਕੀਂ ਨੱਚਦੇ ਟੱਪਦੇ ਨੇ,
ਭੀੜੋਂ ਦੂਰ ਕਿਤੇ ਇਕਲਾਪੇ ਛੱਡ ਆਏ।

ਬੱਚੇ ਪੁੱਛਦੇ ਦਾਦਾ-ਦਾਦੀ ਕਿੱਧਰ ਗਏ,
ਬਚਪਨ ਕੋਲੋਂ ਦੂਰ ਬੁਢਾਪੇ ਛੱਡ ਆਏ।

ਵਿਚ ਘਰਾਂ ਦੇ ਤਨਹਾਈਆਂ ਦੇ ਡੇਰੇ ਨੇ,
ਰਿਸ਼ਤੇ, ਨਾਤੇ, ਮੇਲ ਮਿਲਾਪੇ ਛੱਡ ਆਏ।

ਵਿਹੜਿਆਂ ਦੇ ਵਿਚ ਬੰਨ੍ਹੇ ਅੰਗਰੇਜ਼ੀ ਕੁੱਤੇ,
ਨਗਰ ਖੇੜੇ ਗਏ ਸਰਾਪੇ ਛੱਡ ਆਏ।

ਜ਼ਿੰਦਗੀ ਦੇ ਵਿਚ ਦਰਦਾਂ ਦੀਆਂ ਧੁੱਪਾਂ ਨੇ,
ਛਾਵਾਂ ਅੱਜ ਸਨੇਹ ਦੀਆਂ ਜਾਪੇ ਛੱਡ ਆਏ।

• ਸੁਖਵਿੰਦਰ ਸਿੰਘ ਸਨੇਹ, ਮੋਬਾਈਲ : 94786-28611

ਜਦ ਮਖੌਟਾ ਲੱਥਿਆ ਤਾਂ ਰਾਜ਼ ਸਾਰੇ ਖੁੱਲ੍ਹ ਗਏ।
ਪੱਥਰਾਂ ਦੇ ਸ਼ਹਿਰ ਹੀਰੇ, ਰੁਲ਼ ਗਏ ਜੀ ਰੁਲ਼ ਗਏ।

ਸੁਣ ਸੁਨੇਹਾ ਬੱਦਲਾਂ ਦਾ, ਮੁੜਕੇ ਸਾਵਣ ਆ ਗਿਆ,
ਪੌਣ ਪਾਣੀ ਹੋਏ ਸੁੱਚੇ, ਰੁੱਖ ਪੌਦੇ ਧੁਲ ਗਏ।

ਇਸ਼ਕ ਮਾਰੇ ਰੋਣ ਭੁੱਬੀਂ, ਬੇਵਫ਼ਾਈਆਂ ਯਾਦ ਕਰ,
ਹੰਝੂਆਂ ਦਾ ਕੀ ਇਹ ਚੰਦਰੇ, ਕਿਣਮਿਣੀ ਵਿਚ ਡੁੱਲ੍ਹ ਗਏ।

ਬੇਮੁਰੱਵਤ ਆਣ ਬੈਠਾ, ਫੇਰ ਅੱਖਾਂ ਸਾਹਮਣੇ,
ਅੱਜ ਉਹੀ ਫਿਰ ਪੀੜ ਉੱਠੀ, ਫਿਰ ਜ਼ਖ਼ਮ ਉਹ ਖੁੱਲ੍ਹ ਗਏ।

ਦੋ ਕੁ ਘੁੱਟ ਪੀ ਕੇ, ਦੀਵਾਨਾ ਬਣ ਗਿਆ ਸ਼ਾਇਰ ਨਵਾਬ,
ਹੱਸਿਆ, ਫਿਰ ਦੱਸਿਆ, ਫਿਰ ਪਾਜ ਸਾਰੇ ਖੁੱਲ੍ਹ ਗਏ।

• ਪਰਮਜੀਤ ਸਿੰਘ ਢਿੱਲੋਂ, ਮੋਬਾਈਲ : 98887-09191

ਗਲੀ ਮੁਹੱਲੇ ਸ਼ੋਰ ਬੜਾ ਹੈ।
ਰਹਿਬਰ ਮਤਲਬਖੋਰ ਬੜਾ ਹੈ।

ਉਹ ਕੀ ਜਾਣੇ, ਦਰਦ ਕਿਸੇ ਦਾ
ਦਿਲ ਦਾ ਉਹ ਕਠੋਰ ਬੜਾ ਹੈ।

ਵਿਗੜੇ ਸਿਸਟਮ ਦਾ ਹੈ ਪੁਰਜਾ,
ਬੰਦਾ ਰਿਸ਼ਵਤਖ਼ੋਰ ਬੜਾ ਹੈ।

ਰੋਜ਼ ਮਖੌਟਾ ਬਦਲੇ ਜਿਹੜਾ,
ਹੁਣ ਤਾਂ ਸ਼ਾਤਰ ਚੋਰ ਬੜਾ ਹੈ।

ਬੰਦਾ ਪਾਗ਼ਲ ਹੋ ਜਾਵੇਗਾ,
ਅੰਦਰ-ਬਾਹਰ ਸ਼ੋਰ ਬੜਾ ਹੈ।

ਸੱਚ ਸਲਾਮਤ ਰਹਿੰਦੈ, ਬੇਸ਼ਕ,
ਪੈਸੇ ਦੇ ਵਿਚ ਜ਼ੋਰ ਬੜਾ ਹੈ।



• ਡਾ. ਹਰਨੇਕ ਸਿੰਘ ਕੋਮਲ
ਮੋਬਾਈਲ : 93177-61414

## ਸ਼ਬਦੋ ਵਣਜਾਰਿਓ

# ਦਮੜੀ



ਪਰਮਜੀਤ ਢੀਂਗਰਾ
ਮੋਬਾਈਲ : 94173-58120

ਸਮੇਂ ਦੇ ਬਦਲਣ ਨਾਲ ਸ਼ਬਦਾਂ ਦੇ ਅਰਥ ਬਦਲ ਜਾਂਦੇ ਹਨ। ਇਨ੍ਹਾਂ ਨਾਲ ਨਵੇਂ ਸੰਕਲਪ ਜੁੜ ਜਾਂਦੇ ਹਨ ਪਰ ਸ਼ਬਦਾਂ ਦੀ ਆਤਮਾ ਨਹੀਂ ਮਰਦੀ। ਈਸਾ ਤੋਂ ਕੋਈ ਦੋ ਸਦੀਆਂ ਪਹਿਲਾਂ ਉਤਰ ਪੱਛਮੀ ਭਾਰਤ ਵਿਚ ਪੰਜਾਬ, ਸਿੰਧ, ਅਫ਼ਗਾਨਿਸਤਾਨ 'ਤੇ ਯੂਨਾਨੀਆਂ ਦਾ ਰਾਜ ਸੀ। ਉਨ੍ਹਾਂ ਨੇ ਭਾਸ਼ਾ, ਕਲਾ, ਇਮਾਰਤਸਾਜ਼ੀ 'ਤੇ ਡੂੰਘੀ ਛਾਪ ਛੱਡੀ। ਯੂਨਾਨੀਆਂ ਦੇ ਇਸ ਖਿੱਤੇ ਵਿਚ ਪਰਵੇਸ਼ ਤੋਂ ਪਹਿਲਾਂ ਭਾਰਤ ਵਿਚ ਸਿੱਕਿਆਂ ਦੀ ਢਲਾਈ ਦਾ ਕੋਈ ਸਬੂਤ ਨਹੀਂ ਮਿਲਦਾ। ਇਸ ਲਈ ਵਧੇਰੇ ਇਲਕਿਆਂ ਵਿਚ ਧਾਤ ਦੇ ਟੁਕੜਿਆਂ ਨੂੰ ਠੋਕ ਕੇ ਜਾਂ ਕੁੱਟ ਕੇ ਉਨ੍ਹਾਂ 'ਤੇ ਰਾਜ ਮੁਦਰਾ ਠੱਪੀ ਜਾਂਦੀ ਸੀ ਤੇ ਉਨ੍ਹਾਂ ਨੂੰ ਇਕ ਤਰ੍ਹਾਂ ਨਾਲ ਬੇਢੰਗੇ ਸਿੱਕਿਆਂ ਦੀ ਸ਼ਕਲ ਮਿਲ ਜਾਂਦੀ ਸੀ। ਅਜਿਹੇ ਹੀ ਇਕ ਅਨਘੜ੍ਹ ਸਿੱਕੇ ਨੂੰ 'ਦ੍ਰਖਮ' ਕਿਹਾ ਜਾਂਦਾ ਸੀ, ਜਿਸ ਤੋਂ ਸ਼ਬਦ 'ਦਮੜੀ' ਬਣਿਆ। ਸਿੱਕਿਆਂ ਦੀ ਢਲਾਈ ਵੀ ਯੂਨਾਨੀਆਂ ਨੇ 200 ਤੋਂ 175 ਈਸਾ ਪੂਰਬ ਉਤਰ-ਪੱਛਮੀ ਖੇਤਰ ਵਿਚ ਸ਼ੁਰੂ ਕੀਤੀ ਜੋ ਤਕਰੀਬਨ ਤਿੰਨ ਸਦੀਆਂ ਪਹਿਲਾਂ ਤੋਂ ਸਿੱਕਿਆਂ ਦੀ ਢਲਾਈ ਦੇ ਗੁਰ ਤੋਂ ਜਾਣੂ ਸਨ। ਯੂਨਾਨੀਆਂ ਨੇ ਢਲਾਈ ਦੀ ਸਿਖਲਾਈ 'ਕਰੋਸ਼ਿਸ਼' ਤੋਂ ਸਿਖੀ ਜੋ ਈਸਾ ਤੋਂ 560 ਵਰ੍ਹੇ ਪਹਿਲਾਂ ਲੀਡੀਆ (ਅੱਜ ਦਾ ਤੁਰਕੀ) ਦਾ ਰਾਜਾ ਸੀ। ਹਿੰਦੋਸਤਾਨ ਵਿਚ ਇਸ ਨੂੰ 'ਕਾਰੂੰ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। 'ਕਾਰੂੰ ਦਾ ਖ਼ਜ਼ਾਨਾ' ਮੁਹਾਵਰਾ ਉਸ ਨਾਲ ਜੁੜਿਆ ਹੋਇਆ ਹੈ। ਭਾਰਤ ਵਿਚ ਸਭ ਤੋਂ ਪਹਿਲਾਂ ਜਿਸ ਯੂਨਾਨੀ ਸਿੱਕੇ ਦੀ ਢਲਾਈ ਸ਼ੁਰੂ ਹੋਈ ਉਹਦਾ ਨਾਂ ਸੀ

-ਦ੍ਰਖਮ ਜੋ ਮੂਲ ਰੂਪ ਵਿਚ ਗਰੀਕ ਭਾਸ਼ਾ ਦਾ ਸ਼ਬਦ ਹੈ। ਪ੍ਰਾਚੀਨ ਗਰੀਸ ਵਿਚ ਦ੍ਰਖਮ ਭਾਰ ਨੂੰ ਤੋਲਣ ਦੀ ਇਕ ਇਕਾਈ ਸੀ। ਬਾਅਦ ਵਿਚ ਇਸ ਨੂੰ ਸਿੱਕੇ ਦਾ ਰੂਪ ਮਿਲ ਗਿਆ। ਦ੍ਰਖਮ ਲੈਟਿਨ ਵਿਚ 'ਦ੍ਰਗਮ' ਤੇ ਅੰਗਰੇਜ਼ੀ ਵਿਚ ਡਰਮ ਦੇ ਰੂਪ ਵਿਚ ਚਲਦਾ ਰਿਹਾ। ਫਿਰ ਅੰਗਰੇਜ਼ੀ ਵਿਚ ਇਹ ਭਾਰ ਦੀ ਇਕਾਈ ਬਣ ਗਿਆ, ਜਿਸ ਦਾ ਮਾਪ ਚਾਰ ਗ੍ਰਾਮ ਹੁੰਦਾ ਹੈ। ਗਰੀਕ ਦ੍ਰਖਮ ਦਾ ਜਨਮ ਪ੍ਰਾਚੀਨ ਗਰੀਕ ਦੇ ਸ਼ਬਦ 'ਡਰੇਕੋਨ' ਤੋਂ ਹੋਇਆ ਜਿਸ ਦਾ ਅਰਥ ਹੈ-ਫੜਨਾ, ਮੁੱਠੀ ਵਿਚ ਘੁਟਣਾ, ਕਲਾਵੇ ਵਿਚ ਲੈਣਾ। ਅੰਗਰੇਜ਼ੀ ਡਰੈਗਨ ਵੀ ਇਕ ਵਿਸ਼ਾਲ ਸੱਪ ਹੈ। ਸੱਪ ਦੀ ਜ਼ਬਰਦਸਤ ਪਕੜ ਕਰਕੇ ਹੀ ਉਹਨੂੰ ਇਹ ਨਾਂ ਮਿਲਿਆ। ਡਰੇਕੋਨ ਤੋਂ ਜੰਮੇ ਦ੍ਰਖਮ ਸ਼ਬਦ ਦਾ ਅਰਥ ਚਾਂਦੀ ਦਾ ਅਜਿਹਾ ਸਿੱਕਾ ਸੀ ਜੋ ਅਸਾਨੀ ਨਾਲ ਮੁੱਠੀ ਵਿਚ ਮੀਟਿਆ ਜਾ ਸਕਦਾ ਹੈ। ਮੌਰੀਆ ਤੇ ਗੁਪਤ ਕਾਲ ਵਿਚ ਇਹ ਸਿੱਕਾ ਸੰਸਕ੍ਰਿਤ ਦੇ 'ਦ੍ਰਖਮ' ਦੇ ਰੂਪ ਵਿਚ ਮਿਲਦਾ ਹੈ। ਅਪਭ੍ਰੰਸ਼ਾਂ ਸਮੇਂ ਇਹਦਾ ਰੂਪ 'ਦਮ' ਹੋ ਗਿਆ ਜੋ ਬਾਅਦ ਵਿਚ ਦਮ ਜਾਂ ਦਾਮ ਦੇ ਰੂਪ ਵਿਚ ਢਲਿਆ। ਫਿਰ ਇਹ ਦਮੜੀ ਦਾ ਰੂਪ ਧਾਰ ਗਿਆ।

ਯੂਨਾਨੀ ਪ੍ਰਭਾਵ ਅਰਬੀ ਜ਼ੁਬਾਨ 'ਤੇ ਵੀ ਪਿਆ ਤੇ ਓਥੇ ਇਹਨੇ 'ਦਿਰਹਮ' ਦਾ ਰੂਪ ਲੈ ਲਿਆ। ਦਿਰਹਮ ਅੱਜ ਮੋਰੱਕੋ, ਯੂਏਈ, ਲੀਬੀਆ, ਕਤਰ ਆਦਿ ਦੇਸ਼ਾਂ ਵਿਚ ਪ੍ਰਚਲਤ ਹੈ। ਪੰਜਾਬੀ ਵਿਚ ਪੈਸੇ ਦਾ ਚੌਥਾ ਹਿੱਸਾ ਦਮੜੀ ਹੈ। ਪੰਜਾਬੀ ਵਿਚ ਦਮੜੀ ਤੋਂ ਦਮੜਾ ਵੀ ਪ੍ਰਚਲਤ ਹੈ। ਇਹ ਚਾਂਦੀ, ਸੋਨੇ ਦਾ ਸਿੱਕਾ ਸੀ ਪਰ ਅੱਜ ਇਕ ਰੁਪਏ ਦੇ ਸਿੱਕੇ ਵਜੋਂ ਪ੍ਰਚਲਤ ਹੈ। ਪੰਜਾਬੀ ਵਿਚ ਦਮੜੀ ਨਾਲ ਜੁੜੇ ਕਈ ਮੁਹਾਵਰੇ ਵੀ ਪ੍ਰਚਲਤ ਹਨ, ਜਿਵੇਂ-ਦਮੜੀ ਦਮੜੀ ਚੁਕਾਉਣਾ (ਪੂਰਾ ਹਿਸਾਬ ਮੁਕਾ ਦੇਣਾ), ਦਮੜੀ ਦਮੜੀ ਜੋੜਨਾ (ਬਹੁਤ ਕੰਜੂਸੀ ਕਰਕੇ ਪੈਸਾ ਜੋੜਨਾ), ਦਮੜੀ ਦਮੜੀ ਦਾ ਹਿਸਾਬ ਰਖਣਾ (ਪੂਰਾ ਪੂਰਾ ਹਿਸਾਬ ਰਖਣਾ), ਦਮੜੀ ਦਮੜੀ ਦਾ ਮੁਹਤਾਜ ਹੋਣਾ (ਬਹੁਤ ਗਰੀਬ ਹੋਣਾ), ਦਮੜੀ ਦਮੜੀ ਨੂੰ ਤਰਸਣਾ (ਬਹੁਤ ਨਿਰਧਨ ਹੋਣਾ), ਦਮੜੀ ਦਮੜੀ ਪਿੱਛੇ ਮਰਨਾ (ਬਹੁਤ ਕੰਜੂਸ ਹੋਣਾ), ਦਮੜੀ ਦਾ ਪੋਸਤੀ, ਦਮੜੀ ਦਾ ਰਵਾਦਾਰ ਨਾ ਹੋਣਾ (ਪਰਾਏ ਧਨ ਦੀ ਲਾਲਸਾ ਨਾ ਰਖਣਾ) ਦਮੜੀ ਦੀ ਹਾਂਡੀ ਗਈ, ਕੁੱਤੇ ਦੀ ਜਾਤ ਪਛਾਣੀ ਗਈ, ਦਮੜੀ ਦੀ ਬੁਲਬੁਲ ਟਕਾ ਹਿਲਾਈ (ਜਦੋਂ ਕੰਮ 'ਚ ਲਾਭ ਘੱਟ ਤੇ ਖ਼ਰਚਾ ਜ਼ਿਆਦਾ ਹੋਵੇ), ਦਮੜੀ ਦੇ ਤਿੰਨ ਤਿੰਨ ਹੋਣਾ (ਬਹੁਤ ਸਸਤਾ ਹੋਣਾ), ਦਮੜੀ ਦੇ ਭਾਅ (ਬਹੁਤ ਸਸਤਾ, ਮੁਫ਼ਤ ਬਰਾਬਰ), ਦਮੜੀ ਜਾਏ ਪਰ ਚਮੜੀ ਨਾ ਜਾਏ (ਤਕਲੀਫ਼ ਸਹਾਰਦਿਆਂ ਵੀ ਪੈਸਾ ਨਾ ਖ਼ਰਚਣਾ), ਪੰਜਾਬੀ ਲੋਕ ਸਾਹਿਤ ਵਿਚ ਗੀਤ ਵੀ ਮਸ਼ਹੂਰ ਹੈ-ਮੁੰਡਾ ਮੋਹ ਲਿਆ ਤਵੀਤਾਂ ਵਾਲਾ, ਦਮੜੀ ਦਾ ਸੱਕ ਮਲ ਕੇ। •

## ਮਿੰਨੀ ਕਹਾਣੀ

# ਹੱਲ



ਅਮਰ ਸਿੰਘ ਕਈ ਦਿਨਾਂ ਤੋਂ ਹਸਪਤਾਲ ਵਿਚ ਦਾਖ਼ਲ ਸੀ। ਡਾਕਟਰ ਦੀਆਂ ਲੱਖ ਕੋਸ਼ਿਸਾਂ ਕਰਨ ਦੇ ਬਾਵਜੂਦ ਵੀ ਉਸ ਦੀ ਸਿਹਤ ਵਿਚ ਕੋਈ ਸੁਧਾਰ ਨਹੀਂ ਹੋ ਰਿਹਾ ਸੀ।

ਇਕ ਦਿਨ ਉਸ ਦਾ ਪੁੱਤਰ ਸਤਨਾਮ ਡਾਕਟਰ ਨੂੰ ਪੁੱਛਣ ਲੱਗਾ, "ਡਾਕਟਰ ਸਾਹਿਬ ਕਿਉਂ ਨਹੀਂ ਠੀਕ ਹੋ ਰਹੇ ਮੇਰੇ ਬਾਪੂ ਜੀ"?

ਅੱਗੋਂ ਡਾਕਟਰ ਨੇ ਕਿਹਾ, "ਕੀ ਕਰੀਏ, ਇਹ ਦਮੇ ਦੀ ਬਿਮਾਰੀ ਤਾਂ ਹੁੰਦੀ ਹੀ ਐਦਾਂ ਦੀ ਐ, ਅੱਜ-ਕੱਲ੍ਹ ਛੋਟੇ ਬੱਚੇ, ਗਰਭਵਤੀ ਔਰਤਾਂ ਅਤੇ ਬਜ਼ੁਰਗ ਇਸ ਦੀ ਜਕੜ ਵਿਚ ਛੇਤੀ ਆ ਜਾਂਦੇ ਨੇ, ਜਿੰਨਾ ਚਿਰ ਐਹ ਧੂੰਏ ਦਾ ਪ੍ਰਦੂਸ਼ਣ ਨਹੀਂ ਘੱਟਦਾ ਓਨਾਂ ਚਿਰ ਇਸ ਬਿਮਾਰੀ ਦਾ ਕਿਸੇ ਕੋਲ ਕੋਈ ਵੀ ਹੱਲ ਨਹੀਂ ਐ" ਡਾਕਟਰ ਦੇ ਬੋਲ ਸੁਣ ਕੇ ਸਤਨਾਮ ਨੂੰ ਯਾਦ ਆਇਆ ਕਿ ਉਸ ਨੇ ਵੀ 'ਕੋਈ ਹੱਲ ਨਹੀਂ ਇਹਦਾ' ਇਹ ਕਹਿ ਕੇ ਝੱਟ ਆਪਣੇ ਖੇਤ ਦੀ ਪਰਾਲੀ ਨੂੰ ਅੱਗ ਲਾ ਦਿੱਤੀ ਸੀ।

• ਮਾ. ਸੁਖਵਿੰਦਰ ਦਾਨਗੜ੍ਹ
ਮੋਬਾਈਲ : 94171-80205

## ਕਹਾਣੀ

# ਲਾਜੋ





ਹਰਪ੍ਰੀਤ ਕੌਰ ਪਬਰੀ
ਮੋਬਾਈਲ : 98158-28178

ਸ਼ਰਾਬ ਨਾਲ ਰੱਜਿਆ ਪ੍ਰੇਮ ਜਦੋਂ ਘਰ ਵੜਿਆ ਤਾਂ ਸੱਥਰ ਵਿਛਿਆ ਦੇਖ ਕੇ ਉਸ ਦੀ ਸਾਰੀ ਸ਼ਰਾਬ ਉਤਰ ਗਈ। ਅੰਦਰ ਵੜ ਕੇ ਦੇਖਿਆ ਤਾਂ ਲਾਜੋ ਦੀ ਲੋਥ ਪਈ ਸੀ। ਉਹ ਇੱਕਦਮ ਸੁੰਨ ਹੋ ਗਿਆ। ਆਪਣੀ ਪੂਰੀ ਜ਼ਿੰਦਗੀ ਦੇ ਕੀਤੇ ਬੁਰੇ ਕਰਮ ਉਸ ਦੀਆਂ ਅੱਖਾਂ ਅੱਗਿਓਂ ਲੰਘ ਰਹੇ ਸਨ। ਉਸ ਨੇ ਆਪਣੀ ਘਰਵਾਲੀ ਲਾਜੋ ਨੂੰ ਕਿੰਨੇ ਦੁੱਖ ਦਿੱਤੇ ਸਨ ਪਰ ਹੁਣ ਪਛਤਾਉਣ ਦਾ ਕੀ ਫਾਇਦਾ? ਹੁਣ ਤਾਂ ਉਹ ਇਸ ਦੁਨੀਆ ਨੂੰ ਛੱਡ ਕੇ ਤੁਰ ਗਈ ਸੀ।

ਕਈ ਸਾਲ ਪਹਿਲਾਂ ਲਾਜੋ ਦਾ ਪ੍ਰੇਮ ਨਾਲ ਵਿਆਹ ਹੋਇਆ ਸੀ ਪਰ ਉਸ ਨੇ ਪੂਰੀ ਜ਼ਿੰਦਗੀ 'ਚ ਲਾਜੋ ਨੂੰ ਇਕ ਵੀ ਸ਼ਬਦ ਪ੍ਰੇਮ ਨਾਲ ਨਹੀਂ ਸੀ ਬੋਲਿਆ। ਲਾਜੋ ਘਰ ਦੇ ਕੰਮ ਕਰਦੀ ਰਹਿੰਦੀ, ਜੇ ਘਰ ਦੀ ਕੋਈ ਚੀਜ਼ ਵਿਗੜ ਜਾਂਦਾ ਤਾਂ ਉਹ ਉਸ ਨੂੰ ਬਹੁਤ ਕੁੱਟਦਾ। ਇੰਨ੍ਹਾਂ ਕੁਝ ਹੋਣ ਦੇ ਬਾਵਜੂਦ ਵੀ ਲਾਜੋ ਆਪਣੀ ਜ਼ਿੰਦਗੀ ਕੱਟ ਰਹੀ ਸੀ। ਉਹ ਸਿਰਫ਼ ਆਪਣੇ ਦੋਨਾਂ ਬੱਚਿਆਂ ਰਾਣੀ ਤੇ ਜੀਤੂ ਲਈ ਆਪਣੀ ਇਸ ਦਰਦ ਭਰੀ ਜ਼ਿੰਦਗੀ ਤੋਂ ਉਫ਼ ਤਕ ਨਹੀਂ ਸੀ ਕਰਦੀ। ਪ੍ਰੇਮ ਬੱਚਿਆ ਨੂੰ ਵੀ ਕਦੇ ਪਿਆਰ ਨਾਲ ਨਾ ਬੋਲਦਾ। ਬੱਚੇ ਵੀ ਉਸ ਤੋਂ ਡਰਦੇ ਰਹਿੰਦੇ ਤੇ ਕੁਝ ਨਾ ਬੋਲਦੇ। ਰਾਣੀ ਆਪਣੇ ਪਿਤਾ ਨੂੰ ਡਰਦੀ-ਡਰਦੀ ਰੋਟੀ ਫੜ੍ਹਾ ਦਿੰਦੀ, ਕਦੇ ਮਨ ਹੁੰਦਾ ਤਾਂ ਉਹ ਰੋਟੀ ਖਾ ਲੈਂਦਾ ਨਹੀਂ ਤਾਂ ਥਾਲੀ ਵਗਾਹ ਕੇ ਮਾਰਦਾ। ਉਹ ਹਰ ਵੇਲੇ ਸ਼ਰਾਬ ਨਾਲ ਰੱਜਿਆ ਰਹਿੰਦਾ। ਕੋਈ ਕੰਮ ਵੀ ਨਾ ਕਰਦਾ। ਲਾਜੋ ਤੇ ਰਾਣੀ ਦੋਵੇਂ ਦਿਹਾੜੀ-ਟੱਪਾ ਕਰ ਕੇ ਘਰ ਦਾ ਖ਼ਰਚ ਚਲਾਉਂਦੀਆਂ। ਜੀਤੂ ਨਿਆਣਾ ਹੋਣ ਕਰਕੇ ਕੁਝ ਵੀ ਕਰਨ ਤੋਂ ਅਸਮਰੱਥ ਸੀ। ਉਹ ਆਪਣੇ ਪਿਤਾ ਦੀਆਂ ਹਰਕਤਾਂ ਨੂੰ ਦੇਖ ਕੇ ਡਰ ਜਾਂਦਾ ਤੇ ਕੁਝ ਨਾ ਬੋਲਦਾ। ਉਹ ਦੋਵੇ ਜਣੀਆਂ ਜੋ ਵੀ ਕਮਾਉਂਦੀਆਂ ਉਨ੍ਹਾਂ ਪੈਸਿਆਂ 'ਚੋਂ ਵੀ ਕਈ ਵਾਰ ਪ੍ਰੇਮ ਦਾਰੂ ਪੀ ਜਾਂਦਾ। ਜੇ ਲਾਜੋ ਕੁਝ ਕਹਿੰਦੀ ਤਾਂ ਉਹ ਉਸ ਨੂੰ ਮਾਰਨ ਤਕ ਜਾਂਦਾ। ਦਾਰੂ ਨਾਲ ਰੱਜਿਆਂ ਉਹ ਕਦੇ ਨਾਲੀ 'ਚ ਡਿੱਗਿਆ ਹੁੰਦਾ ਤੇ ਕਦੇ ਸੜਕ 'ਤੇ। ਬਸ ਇਸ ਤਰ੍ਹਾਂ ਹੀ ਲਾਜੋ ਦੀ ਜ਼ਿੰਦਗੀ ਬੀਤ ਰਹੀ ਸੀ।

ਇਕ ਦਿਨ ਅਚਾਨਕ ਰਾਣੀ ਦੇ ਢਿੱਡ ਵਿਚ ਬਹੁਤ ਦਰਦ ਉੱਠਿਆ। ਦੋ ਤਿੰਨ ਦਿਨ ਤਾਂ ਉਸ ਨੇ ਮਾਂ ਨੂੰ ਨਾ ਦੱਸਿਆ ਕਿਉਂਕਿ ਉਹ ਜਾਣਦੀ ਸੀ ਕਿ ਘਰ ਵਿਚ ਪੈਸੇ ਨਹੀਂ ਹਨ। ਹੁਣ ਦਰਦ ਵਧਣ ਕਰਕੇ ਉਸ ਨੂੰ ਮਾਂ ਨੂੰ ਦੱਸਣਾ ਹੀ ਪਿਆ। ਇਹ ਗੱਲ ਸੁਣ ਕੇ ਲਾਜੋ ਬੇਚੈਨ ਹੋ ਗਈ । ਉਸ ਨੇ ਤੁਰੰਤ ਰਾਣੀ ਨੂੰ ਡਾਕਟਰ ਕੋਲ ਲਿਜਾਉਣ ਬਾਰੇ ਸੋਚਿਆ। ਪੈਸੇ ਚੁੱਕਣ ਲਈ ਜਦੋਂ ਉਸ ਨੇ ਹੱਥ ਮਾਰਿਆ ਤਾਂ ਦੋ ਦਿਨ ਪਹਿਲਾਂ ਦਿਹਾੜੀ ਦੇ ਜੋ ਪੈਸੇ ਉਸ ਨੇ ਰੱਖੇ ਸਨ, ਉਹ ਆਪਣੀ ਥਾਂ ਨਹੀਂ ਸਨ। ਇਕ ਵਾਰ ਫਿਰ ਜ਼ਰਾ ਕੁ ਧਿਆਨ ਨਾਲ ਜਦ ਉਸ ਨੇ ਦੁਬਾਰਾ ਦੇਖਿਆ ਤਾਂ ਸਚਮੁੱਚ ਪੈਸੇ ਨਹੀਂ ਸਨ। ਉਹ ਸਮਝ ਗਈ ਸੀ ਕਿ ਪ੍ਰੇਮ ਨੇ ਉਨ੍ਹਾਂ ਪੈਸਿਆਂ ਦੀ ਦਾਰੂ ਪੀ ਲਈ ਹੈ।

ਓਧਰ ਰਾਣੀ ਦਾ ਦਰਦ ਵਧਦਾ ਹੀ ਜਾ ਰਿਹਾ ਸੀ ਪਰ ਕੋਈ ਪੈਸਾ ਨਾ ਹੋਣ ਕਾਰਨ ਲਾਜੋ ਦਵਾਈ ਨਾ ਦਵਾ ਸਕੀ। ਆਖਰ ਧੀ ਦਾ ਦਰਦ ਸਹਿਣ ਨਾ ਹੁੰਦਾ ਦੇਖ ਉਸ ਨੇ ਪਿੰਡ ਦੇ ਡਾਕਟਰ ਕੋਲ ਉਧਾਰ ਹੀ ਉਸ ਨੂੰ ਦਵਾਈ ਲੈ ਕੇ ਦਿੱਤੀ। ਡਾਕਟਰ ਨੇ ਦਵਾਈ ਦੇ ਤਾਂ ਦਿੱਤੀ ਪਰ ਨਾਲ ਹੀ ਕਿਹਾ, "ਭੈਣਜੀ, ਮੈਂ ਵੈਸੇ ਤਾਂ ਦਵਾਈ ਦੇ ਦਿੱਤੀ ਆ ਪਰ ਤੁਸੀਂ ਗੁੱਡੀ ਦਾ ਸ਼ਹਿਰੋ ਇਲਾਜ ਕਰਾਓ"।

ਡਾਕਟਰ ਦੀ ਇਸ ਗੱਲ ਨੇ ਲਾਜੋ ਨੂੰ ਇਕ ਨਵੀਂ ਚਿੰਤਾ 'ਚ ਪਾ ਦਿੱਤਾ ਸੀ। ਉਹ ਘਰ ਆ ਕੇ ਡਾਕਟਰ ਦੀ ਗੱਲ ਬਾਰੇ ਸੋਚਦੀ ਰਹੀ। ਰਾਣੀ ਨੂੰ ਇਸ ਦਵਾਈ ਨਾਲ ਥੌੜ੍ਹਾ ਫ਼ਰਕ ਤਾਂ ਪੈ ਗਿਆ ਤੇ ਲਾਜੋ ਨੇ ਥੌੜ੍ਹਾ ਸੁੱਖ ਦਾ ਸਾਹ ਲਿਆ। ਪਰ ਫਿਰ ਕੁਝ ਦਿਨਾਂ ਬਾਅਦ ਅਜਿਹਾ ਦਰਦ ਉੱਠਿਆ ਜਿਸ ਨੇ ਰਾਣੀ ਦੀ ਜਾਨ ਹੀ ਲੈ ਲਈ। ਲਾਜੋ ਰੋਂਦੀ ਕੁਰਲਾਉਂਦੀ ਕਹਿ ਰਹੀ ਸੀ ਕਿ "ਮੈਂ ਤਾਂ ਆਪਣੀ ਧੀ ਨੂੰ ਕਿਸੇ ਚੰਗੇ ਡਾਕਟਰ ਨੂੰ ਵੀ ਨਹੀਂ ਦਿਖਾ ਸਕੀ। ਅੱਜ ਪੈਸਿਆਂ ਦੀ ਥੁੜ੍ਹ ਕਰਕੇ ਮੇਰੀ ਧੀ ਚਲੀ ਗਈ। ਧੀਏ... ਮੈਨੂੰ ਮਾਫ਼ ਕਰਦੇ। ਮੈਂ ਤੈਨੂੰ ਬਚਾਅ ਨ ਸਕੀ"।

ਕੁਝ ਚਿਰ ਮਗਰੋਂ ਪ੍ਰੇਮ ਨੇ ਘਰ ਵੜਦਿਆਂ ਹੀ ਅਬਾ-ਤਬਾ ਬੋਲਣਾ ਸ਼ੁਰੂ ਕਰ ਦਿੱਤਾ। "ਅੱਜ ਤਾਂ ਚੁੱਪ ਕਰ ਜਾ... ਅਜੇ ਮੇਰੀ ਧੀ ਨੂੰ ਗੁਜ਼ਰਿਆਂ ਇਕ ਰਾਤ ਵੀ ਨੀਂ ਬੀਤੀ"। ਲਾਜੋ ਇਹ ਸ਼ਬਦ ਅਜੇ ਬੋਲ ਹੀ ਰਹੀ ਸੀ ਕਿ ਇੰਨੇ 'ਚ ਹੀ ਉਸ ਨੇ ਚਾਕੂ ਚੁੱਕ ਕੇ ਲਾਜੋ ਦੀ ਬਾਂਹ 'ਤੇ ਮਾਰਿਆ ਤੇ ਖ਼ੂਨ ਦੀ ਤਤੀਰੀ ਵਗ ਤੁਰੀ। ਉਹ ਉੱਚੀ ਉੱਚੀ ਚੀਕਾਂ ਮਾਰਨ ਲੱਗੀ। ਜੀਤੂ ਵੀ ਉੱਚੀ ਉੱਚੀ ਰੋਣ ਲੱਗ ਪਿਆ। ਚੀਕਾਂ ਸੁਣ ਕੇ ਗੁਆਂਢੀ ਉਸ ਦੇ ਘਰ ਵੱਲ ਭੱਜੇ ਆਏ ਤੇ ਉਸ ਨੂੰ ਡਾਕਟਰ ਕੋਲ ਲੈ ਗਏ। ਡਾਕਟਰ ਨੇ ਉਸ ਦੇ ਟਾਂਕੇ ਲਾ ਦਿੱਤੇ ਤੇ ਕੁਝ ਦਿਨ ਆਰਾਮ ਕਰਨ ਲਈ ਕਿਹਾ। ਲਾਜੋ ਨੂੰ ਜ਼ਖ਼ਮੀ ਕਰ ਕੇ ਪ੍ਰੇਮ ਕਈ ਦਿਨ ਘਰ ਨਾ ਪਰਤਿਆ ਤੇ ਜੀਤੂ ਆਪਣੇ ਨਿੱਕੇ ਨਿੱਕੇ ਹੱਥਾਂ ਨਾਲ ਸਾਰੇ ਕੰਮ ਕਰਦਾ। ਇਕ ਦਿਨ ਪ੍ਰੇਮ ਘਰ ਆਇਆ ਤਾਂ ਲਾਜੋ ਨੇ ਹਿੰਮਤ ਕਰਦਿਆਂ ਉਸ ਤੋਂ ਛੁਟਕਾਰਾ ਪਾਉਣ ਲਈ ਪੰਚਾਇਤ ਬਿਠਾ ਲਈ ਤੇ ਫੈਸਲੇ ਮੁਤਾਬਿਕ ਉਨ੍ਹਾਂ ਨੂੰ ਅੱਡ ਰਹਿਣ ਲਈ ਕਿਹਾ ਗਿਆ। ਪ੍ਰੇਮ ਪਹਿਲਾਂ ਤਾਂ ਇਸ ਲਈ ਰਾਜ਼ੀ ਨਾ ਹੋਇਆਂ ਪਰ ਬਾਅਦ 'ਚ ਉਸ ਨੂੰ ਪੰਚਾਇਤ ਦਾ ਫੈਸਲਾ ਮੰਨਣਾ ਹੀ ਪਿਆ। ਉਸ ਨੂੰ ਕੁਝ ਸਮਾਨ ਦੇ ਕੇ ਪਿੰਡ ਦੇ ਬਾਹਰ ਉਨ੍ਹਾਂ ਦੇ ਖਾਲੀ ਪਏ ਪਲਾਂਟ 'ਚ ਰਹਿਣ ਲਈ ਕਿਹਾ ਗਿਆ। ਉਹ ਆਪਣਾ ਸਮਾਨ ਚੁੱਕ ਕੇ ਚਲਾ ਗਿਆ ਤੇ ਹੌਲੀ ਹੌਲੀ ਉਸ ਨੇ ਆਪ ਹੀ ਉੱਥੇ ਇਕ ਕਮਰਾ ਬਣਾ ਲਿਆ।

ਹੁਣ ਕਿੰਨੇ ਹੀ ਸਾਲ ਹੋ ਗਏ ਸਨ ਲਾਜੋ ਤੇ ਪ੍ਰੇਮ ਨੂੰ ਅੱਡ ਹੋਇਆ। ਜੀਤੂ ਵੀ ਵੱਡਾ ਹੋ ਗਿਆ ਸੀ ਤੇ ਆਪਣੀ ਮਾਂ ਨਾਲ ਰਹਿੰਦਿਆਂ ਉਹ ਉਸ ਦਾ ਪੂਰਾ ਧਿਆਨ ਰੱਖਦਾ। ਗ਼ਰੀਬੀ ਕਰਕੇ ਉਹ ਜ਼ਿਆਦਾ ਪੜ੍ਹ ਲਿਖ ਨਾ ਸਕਿਆ ਤੇ ਬਿਜਲੀ ਦੇ ਉਪਕਰਨਾਂ ਨੂੰ ਠੀਕ ਕਰਨ ਦਾ ਕੰਮ ਸਿੱਖਣ ਲੱਗ ਪਿਆ। ਉਹ ਛੇਤੀ ਹੀ ਸਾਰਾ ਕੰਮ ਚੰਗੀ ਤਰ੍ਹਾਂ ਸਿੱਖ ਗਿਆ ਤੇ ਲੋਕ ਉਸ ਦਾ ਕੰਮ ਪਸੰਦ ਵੀ ਕਰਦੇ। ਹੁਣ ਬਿਜਲੀ ਦਾ ਕੰਮ ਕਰਾਉਣ ਲਈ ਹਰ ਕਿਸੇ ਦੀ ਜ਼ੁਬਾਨ 'ਤੇ ਜੀਤੂ ਦਾ ਹੀ ਨਾਂ ਹੁੰਦਾ ਸੀ। ਲਾਜੋ ਨੂੰ ਹੁਣ ਲੱਗਦਾ ਕਿ ਉਸ ਦੇ ਬੁਰੇ ਦਿਨ ਖ਼ਤਮ ਹੋ ਗਏ ਹਨ। ਜੀਤੂ ਹੁਣ ਉਸ ਨੂੰ ਦਿਹਾੜੀ ਵਗੈਰਾ ਵੀ ਨਾ ਕਰਨ ਦਿੰਦਾ। ਜਿੱਥੇ ਪਹਿਲਾਂ ਪ੍ਰੇਮ ਜੀਤੂ ਨੂੰ ਬੁਲਾਉਂਦਾ ਵੀ ਨਹੀਂ ਸੀ ਉੱਥੇ ਹੁਣ ਉਸ ਦੀ ਤਾਰੀਫ਼ ਸੁਣ ਕੇ ਬਹੁਤ ਖ਼ੁਸ਼ ਹੁੰਦਾ ਤੇ ਇਕ ਦਿਨ ਉਸ ਨੇ ਜੀਤੂ ਨੂੰ ਬੁਲਾ ਲਿਆ। ਜੀਤੂ ਮਨ ਨਾ ਹੁੰਦੇ ਹੋਏ ਵੀ ਉਸ ਕੋਲ ਚਲਾ ਗਿਆ। ਕਿਉਂਕਿ ਲੋਕ ਜੋ ਵੀ ਉਸ ਨੂੰ ਉਸ ਦੇ ਪਿਓ ਬਾਰੇ ਕਹਿੰਦੇ ਸੀ, ਉਹ ਉਸ ਨੂੰ ਸਭ ਯਾਦ ਆ ਰਿਹਾ ਸੀ। ਉਹ ਆਪਣੀ ਮਾਂ ਨੂੰ ਕੁਝ ਨਾ ਦੱਸਦਾ ਤੇ ਅੰਦਰੋ-ਅੰਦਰੀ ਜ਼ਹਿਰ ਦਾ ਘੁੱਟ ਪੀਂਦਾ ਰਹਿੰਦਾ।

ਸਰਦੀਆ ਦੇ ਦਿਨ ਸਨ। ਜੀਤੂ ਕਈ ਦਿਨਾਂ ਤੋਂ ਚੁੱਪ-ਚੁੱਪ ਰਹਿੰਦਾ ਸੀ। ਇਕ ਦਿਨ ਉਹ ਸਵੇਰੇ-ਸਵੇਰੇ ਬਾਹਰੋਂ ਆਇਆ ਤੇ ਆਪਣੀ ਮਾਂ ਦੀ ਗੋਦੀ 'ਚ ਸਿਰ ਰੱਖ ਕੇ ਰੋਣ ਲੱਗ ਪਿਆ।

ਪੁੱਤ, ਕੀ ਹੋਇਆ ਤੈਨੂੰ? ਰੋ ਕਿਉਂ ਰਿਹਾ ਏ?

ਲਾਜੋ ਪੁੱਛਦੀ ਰਹੀ ਪਰ ਜੀਤੂ ਨੇ ਕੋਈ ਜਵਾਬ ਨਾ ਦਿੱਤਾ। ਲਾਜੋ ਨੇ ਉਸ ਨੂੰ ਚਾਹ ਪੁੱਛੀ ਤਾਂ ਜੀਤੂ ਨੇ ਉਸ ਨੂੰ ਵੀ ਨਕਾਰ ਦਿੱਤਾ ਤੇ ਉੱਠ ਕੇ ਬਾਹਰ ਚਲਾ ਗਿਆ। ਉਹ ਆਪਣੇ ਪਿਤਾ ਦੇ ਘਰ ਵੱਲ ਨੂੰ ਚੱਲ ਪਿਆ। ਪ੍ਰੇਮ ਪਿੰਡ ਦੇ ਕੁਝ ਲੋਕਾਂ ਕੋਲ ਬੈਠਾ ਧੂਣੀ ਸੇਕ ਰਿਹਾ ਸੀ ਤੇ ਠਹਾਕੇ ਮਾਰ ਮਾਰ ਕੇ ਹੱਸ ਰਿਹਾ ਸੀ। ਜੀਤੂ ਨੂੰ ਆਉਂਦਾ ਵੇਖ ਉਹ ਹੈਰਾਨ ਹੋ ਗਿਆ। ਉਸ ਦੇ ਪਹੁੰਚਣ 'ਤੇ ਪ੍ਰੇਮ ਕੁਝ ਬੋਲਣ ਹੀ ਲੱਗਿਆ ਸੀ ਕਿ ਪਹੁੰਚਦਿਆਂ ਹੀ ਜੀਤੂ ਡਿੱਗ ਪਿਆ ਤੇ ਸਾਰੇ ਹੀ ਉਸ ਦੇ ਆਲੇ ਦੁਆਲੇ ਹੋ ਗਏ। ਉਸ ਨੂੰ ਚੁੱਕ ਕੇ ਮੰਜੇ 'ਤੇ ਪਾਇਆ ਤੇ ਡਾਕਟਰ ਨੂੰ ਬੁਲਾਇਆ ਗਿਆ। ਡਾਕਟਰ ਨੇ ਕਿਹਾ ਕਿ ਉਸ ਨੇ ਕੋਈ ਜ਼ਹਿਰਲੀ ਚੀਜ਼ ਖਾ ਲਈ ਹੈ। ਇਸ ਨੂੰ ਜਲਦੀ ਹੀ ਹਸਪਤਾਲ ਲੈ ਕੇ ਜਾਣਾ ਪਊ। ਫਟਾ-ਫਟ ਉਸ ਨੂੰ ਹਸਪਤਾਲ ਲਿਜਾਇਆ ਗਿਆ। ਇਕ ਮੁੰਡਾ ਘਰ ਜਾ ਕੇ ਜੀਤੂ ਦੀ ਮਾਂ ਨੂੰ ਖ਼ਬਰ ਦੇ ਆਇਆ ਕਿ ਜੀਤੂ ਨੂੰ ਹਸਪਤਾਲ ਲੈ ਕੇ ਜਾਣਾ ਹੈ, ਉਹ ਛੇਤੀ ਆ ਜਾਵੇ। ਇਹ ਸੁਣ ਕੇ ਉਸ ਦੇ ਪੈਰਾਂ ਥੱਲਿਓਂ ਜ਼ਮੀਨ ਖਿਸਕ ਗਈ। ਉਹ ਨੰਗੇ ਪੈਰ ਬਾਹਰ ਨੂੰ ਭੱਜੀ। ਜੀਤੂ ਦਾ ਚੁੱਪ ਰਹਿਣਾ, ਰੋਣਾ, ਚਾਹ ਨਾ ਪੀਣਾ ਸਭ ਕੁਝ ਲਾਜੋ ਦੀਆਂ ਅੱਖਾਂ ਦੇ ਅੱਗਿਓਂ ਨਿਕਲ ਰਿਹਾ ਸੀ। ਹਸਪਤਾਲ 'ਚ ਡਾਕਟਰ ਨੇ ਦੱਸਿਆ, "ਥੋੜੇ ਮੁੰਡੇ ਨੇ ਕਣਕ 'ਚ ਰੱਖਣ ਵਾਲੀ ਦਵਾਈ ਖਾ ਲਈ ਏ, ਇਸ ਦਾ ਬਚਣਾ ਮੁਸ਼ਕਿਲ ਐ"।

ਇਨ੍ਹਾਂ ਗੱਲਾਂ ਨੇ ਲਾਜੋ ਤੇ ਪ੍ਰੇਮ ਦਾ ਕਲੇਜਾ ਚੀਰ ਦਿੱਤਾ ਤੇ ਉਹ ਦੋਵੇ ਫੁੱਟ ਫੁੱਟ ਕੇ ਰੋਣ ਲੱਗੇ। ਥੋੜ੍ਹੇ ਚਿਰ ਮਗਰੋਂ ਡਾਕਟਰ ਨੇ ਜੀਤੂ ਦੀ ਮੌਤ ਦੀ ਖ਼ਬਰ ਵੀ ਸੁਣਾ ਦਿੱਤੀ। ਅੱਜ ਇਕ ਵਾਰ ਫਿਰ ਲਾਜੋ ਦਾ ਸੰਸਾਰ ਉੱਜੜ ਗਿਆ ਸੀ। ਉਸ ਦੇ ਦੋਵੇਂ ਹੀ ਬੱਚੇ ਰੱਬ ਨੇ ਖੋਹ ਲਏ ਸਨ। ਉਹ ਇੱਕਦਮ ਪੱਥਰ ਹੋ ਗਈ ਸੀ।

ਕੁਝ ਦਿਨਾਂ ਮਗਰੋਂ ਪ੍ਰੇਮ ਨੇ ਲਾਜੋ ਨਾਲ ਰਹਿਣ ਲਈ ਪੰਚਾਇਤ ਬਿਠਾਈ ਪਰ ਲਾਜੋ ਨੇ ਇਨਕਾਰ ਕਰ ਦਿੱਤਾ। ਉਹ ਕਹਿ ਰਹੀ ਸੀ, 'ਇਸ ਪਾਪੀ ਨੇ ਮੇਰਾ ਘਰ ਉਜਾੜ 'ਤਾ, ਮੇਰੀ ਧੀ ਤੇ ਮੇਰੇ ਪੁੱਤ ਦੋਵਾਂ ਨੂੰ ਨਿਗਲ ਗਿਆ। ਮੈਂ ਇਸ ਨਾਲ ਨਹੀਂ ਰਹਿਣਾ। ਕੁਝ ਗੁਆਂਢਣਾਂ ਨੇ ਲਾਜੋ ਨੂੰ ਸਮਝਾਉਂਦਿਆਂ ਕਿਹਾ, 'ਹੁਣ ਤਾਂ ਤੁਸੀਂ ਇਕੱਠ ਰਹਿਣ ਲੱਗ ਜੋ, ਹੁਣ ਤਾਂ ਤੁਹਾਡੇ ਨਿਆਣੇ ਵੀ ਨਹੀਂ ਰਹੇ, ਘੱਟੋ-ਘੱਟ ਹੁਣ ਤਾਂ ਸੁਧਰ ਜਾਓ। ਜਿੰਨਾਂ ਚਿਰ ਜ਼ਿੰਦਗੀ ਏ'। ਉਨ੍ਹਾਂ ਦੀਆਂ ਗੱਲਾਂ ਸੁਣ ਕੇ ਲਾਜੋ ਨੇ 'ਕੱਠੇ ਰਹਿਣ ਲਈ ਹਾਮੀ ਭਰ ਦਿੱਤੀ। ਇਹ ਸਭ ਹੋ ਜਾਣ ਤੋਂ ਬਾਅਦ ਵੀ ਉਹ ਥੋੜ੍ਹਾ ਚਿਰ ਤਾਂ ਠੀਕ ਰਿਹਾ ਤੇ ਫਿਰ ਪਹਿਲਾਂ ਵਾਲਾ ਕਲੇਸ਼ ਸ਼ੁਰੂ ਹੋ ਗਿਆ। ਪ੍ਰੇਮ ਦਾਰੂ ਪੀ ਕੇ ਫਿਰ ਲਾਜੋ ਨੂੰ ਕੁੱਟਣ ਲੱਗ ਪਿਆ ਸੀ। ਕੁਝ ਚਿਰ ਤਾਂ ਲਾਜੋ ਨੇ ਸਹਿਣ ਕੀਤਾ ਪਰ ਹੁਣ ਉਸ ਦਾ ਸਬਰ ਆਪਣੇ ਆਖਰੀ ਸਾਹਾਂ 'ਤੇ ਸੀ।

ਅੱਜ ਘਰ ਤੋਂ ਜਾਣ ਵੇਲੇ ਪ੍ਰੇਮ ਨੇ ਸ਼ਰਾਬ ਪੀ ਕੇ ਲਾਜੋ ਨੂੰ ਬਹੁਤ ਕੁੱਟਿਆ। ਉਸ ਨੇ ਕਿਸੇ ਨੂੰ ਨਾ ਦੱਸਿਆ ਪਰ ਪੀੜ ਸਹਿਣ ਨਾ ਹੋਣ ਕਰਕੇ ਉਸ ਦੀ ਜਾਨ ਨਿਕਲ ਗਈ। ਅੱਜ ਉਹ ਆਪਣੇ ਨਾਂ ਵਾਂਗ ਲਾਜ ਰੱਖਦੀ ਰੱਖਦੀ ਇਸ ਜਹਾਨ ਤੋਂ ਤੁਰ ਗਈ ਸੀ। •

## ਸੰਪਾਦਕੀ

# ਕਿਸਾਨ ਨੇਤਾ ਜਗਜੀਤ ਸਿੰਘ ਡੱਲੇਵਾਲ ਦੀ ਅਡੋਲਤਾ

ਪਿਛਲੇ ਕਈ ਦਿਨਾਂ ਤੋਂ ਕਿਸਾਨ ਮੰਗਾਂ ਨੂੰ ਲੈ ਕੇ ਲਗਾਤਾਰ ਭੁੱਖ ਹੜਤਾਲ ’ਤੇ ਬੈਠੇ ਸੀਨੀਅਰ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦੀ ਡਿੱਗ ਰਹੀ ਸਿਹਤ ਅਤੇ ਦੂਜੇ ਪਾਸੇ ਕਿਸਾਨਾਂ ਦੀਆਂ ਮੰਗਾਂ ਤੇ ਮਸਲਿਆਂ ਪ੍ਰਤੀ ਸਰਕਾਰੀ ਅਤੇ ਸਿਆਸੀ ਪੱਧਰ ’ਤੇ ਬੇਰੁਖ਼ੀ ਨੂੰ ਲੈ ਕੇ ਚਿੰਤਾਵਾਂ ਵਧ ਰਹੀਆਂ ਹਨ। ਵੀਰਵਾਰ ਨੂੰ ਉਨ੍ਹਾਂ ਦੇ ਮਰਨ ਵਰਤ ਦੇ 17ਵੇਂ ਦਿਨ ਵੀਡੀਓ ਜਾਰੀ ਕਰ ਕੇ ਲੋਕਾਂ ਨੂੰ ਵੱਧ ਤੋਂ ਵੱਧ ਗਿਣਤੀ ਵਿੱਚ ਮੋਰਚੇ ਵਾਲੀ ਥਾਂ ਪਹੁੰਚਣ ਦਾ ਸੱਦਾ ਦਿੱਤਾ ਗਿਆ ਹੈ ਪਰ ਉਨ੍ਹਾਂ ਦੀ ਸਿਹਤ ਉੱਪਰ ਨਿਗ੍ਹਾ ਰੱਖ ਰਹੇ ਡਾਕਟਰਾਂ ਦਾ ਕਹਿਣਾ ਹੈ ਕਿ ਉਨ੍ਹਾਂ ਦਾ 12 ਕਿਲੋਗ੍ਰਾਮ ਤੋਂ ਜ਼ਿਆਦਾ ਭਾਰ ਘਟ ਚੁੱਕਿਆ ਹੈ ਅਤੇ ਲਗਾਤਾਰ ਭੁੱਖੇ ਰਹਿਣ ਕਰ ਕੇ ਗੁਰਦੇ ਫੇਲ੍ਹ ਹੋਣ ਦੀ ਸਥਿਤੀ ਪੈਦਾ ਹੋ ਗਈ ਹੈ। ਡੱਲੇਵਾਲ ਭਾਰਤੀ ਕਿਸਾਨ ਯੂਨੀਅਨ (ਸਿੱਧੂਪੁਰ) ਦੇ ਪ੍ਰਧਾਨ ਅਤੇ ਸੰਯੁਕਤ ਕਿਸਾਨ ਮੋਰਚੇ (ਗ਼ੈਰ-ਸਿਆਸੀ) ਦੇ ਸੀਨੀਅਰ ਆਗੂ ਹਨ। ਲੰਘੀ 26 ਨਵੰਬਰ ਨੂੰ ਜਦੋਂ ਉਨ੍ਹਾਂ ਹਰਿਆਣਾ ਨਾਲ ਲੱਗਦੇ ਖਨੌਰੀ ਬੈਰੀਅਰ ’ਤੇ ਆਪਣਾ ਮਰਨ ਵਰਤ ਸ਼ੁਰੂ ਕਰਨਾ ਸੀ ਤਾਂ ਪੁਲੀਸ ਨੇ ਉਨ੍ਹਾਂ ਨੂੰ ਜਬਰੀ ਚੁੱਕ ਕੇ ਲੁਧਿਆਣਾ ਦੇ ਇੱਕ ਪ੍ਰਾਈਵੇਟ ਹਸਪਤਾਲ ਵਿੱਚ ਦਾਖ਼ਲ ਕਰਵਾ ਦਿੱਤਾ ਸੀ। ਇੱਕ ਸੀਨੀਅਰ ਪੁਲੀਸ ਅਫਸਰ ਨੇ ਇਹ ਸਫ਼ਾਈ ਦਿੱਤੀ ਸੀ ਕਿ ਪੁਲੀਸ ਨੂੰ ਕਿਸਾਨ ਆਗੂ ਦੀ ਸਿਹਤ ਦਾ ਫ਼ਿਕਰ ਹੋਣ ਕਰ ਕੇ ਇਹ ਕਦਮ ਚੁੱਕਣਾ ਪਿਆ ਹੈ। ਉਂਝ, ਪੁਲੀਸ ਨੇ ਇਹ ਨਹੀਂ ਸੀ ਦੱਸਿਆ ਕਿ ਭੁੱਖ ਹੜਤਾਲ ਸ਼ੁਰੂ ਕਰਨ ਤੋਂ ਪਹਿਲਾਂ ਹੀ ਅਜਿਹਾ ਕਰਨ ਦੀ ਕੀ ਲੋੜ ਪੈ ਗਈ ਸੀ। ਡੱਲੇਵਾਲ ਇਹ ਐਲਾਨ ਕਰ ਕੇ ਹੀ ਮਰਨ ਵਰਤ ’ਤੇ ਬੈਠੇ ਸੀ ਕਿ ਜਾਂ ਤਾਂ ਕਿਸਾਨਾਂ ਦੀਆਂ ਮੰਗਾਂ ਮੰਨੀਆਂ ਜਾਣਗੀਆਂ ਜਾਂ ਫਿਰ ਉਹ ਆਪਣਾ ਸਰੀਰ ਤਿਆਗ ਦੇਣਗੇ।

ਦੂਜੇ ਪਾਸੇ ਹਰਿਆਣਾ ਦੀ ਹੱਦ ਨਾਲ ਲੱਗਦੇ ਸ਼ੰਭੂ ਬੈਰੀਅਰ ਉੱਪਰ ਕਿਰਤੀ ਕਿਸਾਨ ਮੋਰਚੇ ਵੱਲੋਂ ਕਿਸਾਨਾਂ ਦੇ ਸੌ-ਸੌ ਦੇ ਪੈਦਲ ਜਥੇ ਬਣਾ ਕੇ ਭੇਜਣ ਦਾ ਪ੍ਰੋਗਰਾਮ ਉਲੀਕਿਆ ਗਿਆ ਸੀ ਜਿਨ੍ਹਾਂ ਉੱਪਰ ਹਰਿਆਣਾ ਪੁਲੀਸ ਅਤੇ ਕੇਂਦਰੀ ਬਲਾਂ ਵੱਲੋਂ ਹੰਝੂ ਗੈਸ ਦੇ ਗੋਲਿਆਂ ਦੀ ਵਰਤੋਂ ਨਾਲ ਤੀਹ ਦੇ ਕਰੀਬ ਕਿਸਾਨ ਜ਼ਖ਼ਮੀ ਹੋ ਚੁੱਕੇ ਹਨ ਜਿਨ੍ਹਾਂ ਨੂੰ ਵੱਖ-ਵੱਖ ਹਸਪਤਾਲਾਂ ਵਿੱਚ ਦਾਖ਼ਲ ਕਰਾਉਣਾ ਪਿਆ ਸੀ। ਇਸ ਦੌਰਾਨ ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨੇ ਆਖਿਆ ਹੈ ਕਿ ਕੇਂਦਰ ਸਰਕਾਰ ਵੱਲੋਂ 22 ਫ਼ਸਲਾਂ ਉੱਪਰ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ਪ੍ਰਣਾਲੀ ਬੰਦ ਕਰਨ ਦਾ ਕੋਈ ਸਵਾਲ ਨਹੀਂ ਹੈ ਅਤੇ ਉਨ੍ਹਾਂ ਦੀ ਸਰਕਾਰ ਵੱਲੋਂ ਕਿਸਾਨਾਂ ਦੇ ਹਿੱਤ ਵਿੱਚ ਕੰਮ ਕੀਤਾ ਜਾ ਰਿਹਾ ਹੈ। ਇੱਥੇ ਸਵਾਲ ਇਹ ਪੈਦਾ ਹੁੰਦਾ ਹੈ ਕਿ ਵਿਵਾਦ ਵਾਲੇ ਤਿੰਨ ਖੇਤੀ ਕਾਨੂੰਨਾਂ ਖ਼ਿਲਾਫ਼ ਸਾਲ 2020-21 ਵਿੱਚ ਲੜੇ ਗਏ ਕਿਸਾਨ ਅੰਦੋਲਨ ਵੇਲੇ ਕੇਂਦਰ ਸਰਕਾਰ ਨੇ ਇਹ ਕਾਨੂੰਨ ਵਾਪਸ ਲੈਂਦਿਆਂ ਐੱਮਐੱਸਪੀ ਦਾ ਕਾਨੂੰਨ ਬਣਾਉਣ ਸਮੇਤ ਕੁਝ ਹੋਰ ਮੰਗਾਂ ਬਾਰੇ ਕਿਸਾਨਾਂ ਦੇ ਨੁਮਾਇੰਦਿਆਂ ਨਾਲ ਗੱਲਬਾਤ ਕਰਨ ਦਾ ਲਿਖਤੀ ਭਰੋਸਾ ਦਿਵਾਇਆ ਸੀ।

ਅਸਲ ਸਮੱਸਿਆ ਉਦੋਂ ਪੈਦਾ ਹੋ ਗਈ ਜਦੋਂ ਕਿਸਾਨ ਅੰਦੋਲਨ ਖਤਮ ਹੋਣ ਤੋਂ ਬਾਅਦ ਸੰਯੁਕਤ ਕਿਸਾਨ ਮੋਰਚੇ ਵਿੱਚ ਤਰੇੜਾਂ ਪੈ ਗਈਆਂ ਅਤੇ ਕਿਸਾਨਾਂ ਦੀ ਏਕਤਾ ਕਮਜ਼ੋਰ ਪੈ ਗਈ। ਰਿਪੋਰਟਾਂ ਆਈਆਂ ਹਨ ਕਿ ਸੰਯੁਕਤ ਕਿਸਾਨ ਮੋਰਚੇ ਦੇ ਕਈ ਪ੍ਰਮੁੱਖ ਆਗੂ ਜਗਜੀਤ ਸਿੰਘ ਡੱਲੇਵਾਲ ਦਾ ਹਾਲ ਜਾਨਣ ਅਤੇ ਉਨ੍ਹਾਂ ਦੇ ਮੋਰਚੇ ਨਾਲ ਇਕਜੁੱਟਤਾ ਦਰਸਾਉਣ ਲਈ ਸ਼ੁੱਕਰਵਾਰ ਨੂੰ ਖਨੌਰੀ ਪਹੁੰਚ ਰਹੇ ਹਨ। ਚੰਗਾ ਇਹੀ ਹੋਵੇਗਾ ਕਿ ਕਿਸਾਨ ਆਗੂ ਕੰਧ ’ਤੇ ਲਿਖਿਆ ਪੜ੍ਹ ਲੈਣ ਕਿ ਸਰਬ ਸਾਂਝਾ ਮੰਚ ਉਸਾਰਨ ਅਤੇ ਨਾਲ ਹੀ ਮਜ਼ਦੂਰਾਂ ਤੇ ਹੋਰਨਾਂ ਤਬਕਿਆਂ ਨੂੰ ਇਸ ਵਿੱਚ ਸ਼ਾਮਿਲ ਕੀਤੇ ਬਿਨਾਂ ਪੇਸ਼ਕਦਮੀ ਨਹੀਂ ਕੀਤੀ ਜਾ ਸਕਦੀ।

# ਸਿਹਤ ਸੇਵਾਵਾਂ ਦੇ ਪੱਖ ਤੋਂ ਗੁਰਦਾਸਪੁਰ ਨੂੰ ਮੋਹਰੀ ਬਣਾਇਆ ਜਾਵੇਗਾ : ਰਮਨ ਬਹਿਲ



**ਗੁਰਦਾਸਪੁਰ, 16 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਸ੍ਰੀ ਰਮਨ ਬਹਿਲ ਵੱਲੋਂ ਗੁਰਦਾਸਪੁਰ ਵਾਸੀਆਂ ਨੂੰ ਮਿਆਰੀ ਸਿਹਤ ਸੇਵਾਵਾਂ ਦੇਣ ਦੇ ਯਤਨ ਲਗਾਤਾਰ ਜਾਰੀ ਹਨ। ਸ੍ਰੀ ਬਹਿਲ ਵੱਲੋਂ ਬੀਤੇ ਦੋ ਸਾਲਾਂ ਵਿੱਚ ਵਿਧਾਨ ਸਭਾ ਹਲਕਾ ਗੁਰਦਾਸਪੁਰ ਵਿੱਚ ਮਿਆਰੀ ਸਿਹਤ ਸੇਵਾਵਾਂ ਦੇਣ ਲਈ ਸੂਬਾ ਸਰਕਾਰ ਵੱਲੋਂ 32 ਕਰੋੜ ਰੁਪਏ ਦੇ ਪ੍ਰੋਜੈਕਟ ਲਿਆਂਦੇ ਗਏ ਹਨ।

ਚੇਅਰਮੈਨ ਰਮਨ ਬਹਿਲ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਹੈ 32 ਕਰੋੜ ਰੁਪਏ ਦੇ ਪ੍ਰੋਜੈਕਟਾਂ ਵਿੱਚ ਮੁੱਖ ਤੌਰ ▾ਤੇ ਅਰਬਨ ਕਮਿਊਨਿਟੀ ਸੈਂਟਰ (ਪੁਰਾਣਾ ਸਿਵਲ ਹਸਪਤਾਲ) ਗੁਰਦਾਸਪੁਰ ਨੂੰ ਅਪਗਰੇਡ ਕਰਨ ਉੱਪਰ 3.50 ਕਰੋੜ ਰੁਪਏ ਖ਼ਰਚ ਕੀਤੇ ਗਏ ਹਨ। ਇਸ ਤੋਂ ਇਲਾਵਾ ਐਕਸ-ਰੇ ਰੂਮ ਉੱਪਰ 5 ਲੱਖ ਰੁਪਏ, ਫੂਡ ਐਂਡ ਡਰੱਗ ਜ਼ੋਨਲ ਦਫ਼ਤਰ ਗੁਰਦਾਸਪੁਰ ਲਈ 60 ਲੱਖ ਰੁਪਏ, 50 ਬੈੱਡਡ ਜੱਚਾ-ਬੱਚਾ ਹਸਪਤਾਲ ਲਈ 10.50 ਕਰੋੜ ਰੁਪਏ, ਜ਼ਿਲ੍ਹਾ ਹਸਪਤਾਲ ਦੀ ਮੁਰੰਮਤ ਉੱਪਰ 2.50 ਲੱਖ ਰੁਪਏ, ਕ੍ਰਿਟੀਕਲ ਕੇਅਰ ਯੂਨਿਟ ਉੱਪਰ 16.75 ਕਰੋੜ ਰੁਪਏ, ਆਈ.ਪੀ.ਐੱਚ.ਐੱਲ. ਲੈਬ ਗੁਰਦਾਸਪੁਰ ਲਈ 38 ਲੱਖ ਰੁਪਏ ਅਤੇ ਅਲਟਰਾ ਸਾਊਂਡ ਮਸ਼ੀਨ ਲਈ 25 ਲੱਖ ਰੁਪਏ ਖ਼ਰਚ ਕੀਤੇ ਗਏ ਹਨ।ਚੇਅਰਮੈਨ ਸ੍ਰੀ ਰਮਨ ਬਹਿਲ ਨੇ ਕਿਹਾ ਕਿ ਬੀਤੇ ਦਿਨੀਂ ਜ਼ਿਲ੍ਹਾ ਹਸਪਤਾਲ ਗੁਰਦਾਸਪੁਰ (ਬੱਬਰੀ) ਵਿਖੇ 1.34 ਕਰੋੜ ਰੁਪਏ ਦੀ ਲਾਗਤ ਨਾਲ ਆਰ.ਟੀ.ਪੀ.ਸੀ.ਆਰ. ਲੈਬਾਰਟਰੀ ਸਥਾਪਿਤ ਕੀਤੀ ਗਈ ਹੈ ਜਿਸ ਦਾ ਆਮ ਜਨਤਾ ਨੂੰ ਬਹੁਤ ਲਾਭ ਹੋਇਆ ਹੈ। ਉਨ੍ਹਾਂ ਕਿਹਾ ਕਿ ਇਸ ਲੈਬ ਵਿੱਚ ਹੁਣ ਕੋਵਿਡ-19, ਐੱਚ ਵਨ ਐਨ ਵਨ, ਇੰਫਲੂਐਂਜਾ, ਵਾਇਰਲ ਇਨਫੈਕਸ਼ਨ ਦੇ ਕਰੀਬ 50 ਟੈੱਸਟ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਕੋਵਿਡ-19, ਸਵਾਈਨ ਫਲੂ ਆਦਿ ਦੇ ਟੈੱਸਟ ਸੈਂਪਲ ਅੰਮ੍ਰਿਤਸਰ ਮੈਡੀਕਲ ਕਾਲਜ ਭੇਜੇ ਜਾਂਦੇ ਸਨ। ਇਸ ਲੈਬ ਦੇ ਸ਼ੁਰੂ ਹੋਣ ਨਾਲ ਹੁਣ ਇਹ ਸਾਰੇ ਟੈੱਸਟ ਜ਼ਿਲ੍ਹਾ ਹਸਪਤਾਲ ਗੁਰਦਾਸਪੁਰ ਵਿਖੇ ਹੋ ਜਾਣਗੇ ਜਿਸ ਨਾਲ ਮਰੀਜ਼ਾਂ ਦੀ ਮੁਸ਼ਕਲ ਖ਼ਤਮ ਹੋ ਗਈ ਹੈ।ਚੇਅਰਮੈਨ ਸ੍ਰੀ ਰਮਨ ਬਹਿਲ ਨੇ ਕਿਹਾ ਕਿ ਬੱਚਿਆਂ ਦੀ ਸਿਹਤ ਸਹੂਲਤ ਲਈ ਜ਼ਿਲ੍ਹਾ ਹਸਪਤਾਲ ਵਿੱਚ ਡਿਸਟ੍ਰਿਕਟ ਅਰਲੀ ਇੰਟਰਵੇਂਸ਼ਨ ਸੈਂਟਰ ਬਣਾਇਆ ਜਾ ਰਿਹਾ ਹੈ ਜਿਸ ਉੱਪਰ ਕੁੱਲ 1.30 ਕਰੋੜ ਰੁਪਏ ਦੀ ਲਾਗਤ ਆਵੇਗੀ ਅਤੇ ਅਗਲੇ 10 ਮਹੀਨਿਆਂ ਵਿੱਚ ਇਹ ਸੈਂਟਰ ਬਣ ਕੇ ਤਿਆਰ ਹੋ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਸੈਂਟਰ ਵਿੱਚ 6 ਸਾਲ ਤੱਕ ਦੇ ਬੱਚਿਆਂ ਦੇ ਇਲਾਜ ਦਾ ਪ੍ਰਬੰਧ ਹੋਵੇਗਾ। ਵੱਖ-ਵੱਖ ਸਿਹਤ ਸੰਸਥਾਵਾਂ ਅਤੇ ਆਰ.ਬੀ.ਐੱਸ.ਕੇ. ਟੀਮਾਂ ਵੱਲੋਂ ਜਿਨ੍ਹਾਂ ਬੱਚਿਆਂ ਦੀ ਬਿਮਾਰੀਆਂ ਅਤੇ ਸਰੀਰਕ ਕਮੀ ਦੀ ਸ਼ਨਾਖ਼ਤ ਕੀਤੀ ਜਾਵੇਗੀ ਅਤੇ ਉਨ੍ਹਾਂ ਦਾ ਇਲਾਜ ਵੀ ਏਥੇ ਕੀਤਾ ਜਾਵੇਗਾ ।ਚੇਅਰਮੈਨ ਸ੍ਰੀ ਰਮਨ ਬਹਿਲ ਨੇ ਦੱਸਿਆ ਕਿ ਨਿਰਮਾਣ ਅਧੀਨ ਐਮ.ਸੀ.ਐੱਚ (ਮਦਰ ਐਂਡ ਚਾਈਲਡ ਹੈਲਥ) ਵਿੰਗ ਦੀ ਬਿਲਡਿੰਗ ਵੀ ਆਉਂਦੀ ਫਰਵਰੀ ਮਹੀਨੇ ਮੁਕੰਮਲ ਹੋ ਜਾਵੇਗੀ।

# ਠੇਕੇਦਾਰ ’ਤੇ ਸਕਾਈਨੈੱਟ ਟਾਵਰ ਨੇੜੇ ਸੜਕ ਨਿਰਮਾਣ ਵਿੱਚ ਘਟੀਆ ਸਮੱਗਰੀ ਦੀ ਵਰਤੋਂ ਕਰਨ ਦੇ ਦੋਸ਼



**ਜ਼ੀਰਕਪੁਰ, 16 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਾਰਡ ਨੰਬਰ 27 ਦੇ ਇਲਾਕਾ ਨਿਵਾਸੀਆਂ ਨੇ ਦੋਸ਼ ਲਾਇਆ ਹੈ ਕਿ ਪਟਿਆਲਾ ਰੋਡ ਨੇੜੇ ਸਕਾਈਨੈੱਟ ਟਾਵਰ ਨੂੰ ਜਾਂਦੀ ਸੜਕ ਦੇ ਨਿਰਮਾਣ ਵਿੱਚ ਘਟੀਆ ਸਮੱਗਰੀ ਦੀ ਵਰਤੋਂ ਕੀਤੀ ਗਈ ਹੈ ਕਿਉਂਕਿ ਬਿਨਾਂ ਬਿਟੂਮੀਨ ਦੇ ਸੜਕ ’ਤੇ ਬਜਰੀ ਪਾਈ ਗਈ ਸੀ, ਜਿਸ ਨੂੰ ਹੱਥਾਂ ਨਾਲ ਪੁੱਟਿਆ ਜਾ ਰਿਹਾ ਹੈ।

ਲੋਕਾਂ ਦਾ ਕਹਿਣਾ ਹੈ ਕਿ ਠੇਕੇਦਾਰ ਵੱਲੋਂ ਨਿਰਧਾਰਤ ਮਾਪਦੰਡਾਂ ਅਨੁਸਾਰ ਸੜਕ ਦੀ ਉਸਾਰੀ ਨਹੀਂ ਕੀਤੀ ਜਾ ਰਹੀ। ਮੁਨਾਫ਼ਾ ਕਮਾਉਣ ਲਈ ਘਟੀਆ ਵਸਤਾਂ ਦੀ ਵਰਤੋਂ ਕੀਤੀ ਜਾ ਰਹੀ ਹੈ। ਜਿਸ ਕਾਰਨ ਸੜਕ ਸਮੇਂ ਤੋਂ ਪਹਿਲਾਂ ਹੀ ਟੁੱਟਣੀ ਸ਼ੁਰੂ ਹੋ ਜਾਵੇਗੀ। ਘਟੀਆ ਉਸਾਰੀ ਨੂੰ ਲੈ ਕੇ ਲੋਕਾਂ ਵਿੱਚ ਰੋਸ ਹੈ।

ਸ਼ਿਕਾਇਤ ਦੇ ਬਾਵਜੂਦ ਉੱਚ ਅਧਿਕਾਰੀਆਂ ਵੱਲੋਂ ਇੱਕ ਵਾਰ ਵੀ ਸੜਕ ਦੇ ਨਿਰਮਾਣ ਦੀ ਜਾਂਚ ਨਹੀਂ ਕੀਤੀ ਗਈ। ਜਿਸ ਕਾਰਨ ਠੇਕੇਦਾਰ ਆਪਣੀ ਮਰਜ਼ੀ ਅਨੁਸਾਰ ਸੜਕ ਦਾ ਨਿਰਮਾਣ ਕਰ ਰਿਹਾ ਹੈ, ਜਿਸ ਕਾਰਨ ਸੜਕ ’ਤੇ ਬਿਟੂਮੈਨ ਤੋਂ ਬਿਨਾਂ ਬਜਰੀ ਦੀ ਵਰਤੋਂ ਕੀਤੀ ਗਈ ਹੈ, ਜਿਸ ਕਾਰਨ ਇਹ ਆਸਾਨੀ ਨਾਲ ਉਖੜ ਵੀ ਜਾਂਦੀ ਹੈ।

ਇਸ ਕਾਰਨ ਵਰਤੇ ਜਾ ਰਹੇ ਮਟੀਰੀਅਲ ਦੀ ਗੁਣਵੱਤਾ ਅਤੇ ਨਿਰਮਾਣ ਦੇ ਤਰੀਕਿਆਂ ’ਤੇ ਸਵਾਲ ਖੜ੍ਹੇ ਹੋ ਰਹੇ ਹਨ। ਵਸਨੀਕਾਂ ਨੂੰ ਡਰ ਹੈ ਕਿ ਜੇਕਰ ਉਸਾਰੀ ਸਮੱਗਰੀ ਵੱਲ ਧਿਆਨ ਨਾ ਦਿੱਤਾ ਗਿਆ ਤਾਂ ਜਲਦੀ ਹੀ ਇਹ ਸੜਕ ਮੁੜ ਤੋਂ ਟੁੱਟ ਜਾਵੇਗੀ ਅਤੇ ਇਸ ਨਾਲ ਇਸ ਦੀ ਵਰਤੋਂ ਕਰਨ ਵਾਲਿਆਂ ਦੀ ਸੁਰੱਖਿਆ ਨੂੰ ਵੀ ਖਤਰਾ ਪੈਦਾ ਹੋ ਜਾਵੇਗਾ।

ਸਰਦੀ ਹੋਣ ਦੇ ਬਾਵਜੂਦ, ਉਸਾਰੀ ਵਿੱਚ ਘਟੀਆ ਸਮੱਗਰੀ ਦੀ ਵਰਤੋਂ ਇੱਕ ਗੰਭੀਰ ਮਾਮਲਾ ਹੈ ਜੋ ਨਾ ਸਿਰਫ ਸੜਕ ਦੀ ਗੁਣਵੱਤਾ ਨੂੰ ਪ੍ਰਭਾਵਿਤ ਕਰਦਾ ਹੈ, ਸਗੋਂ ਲੋਕਾਂ ਦੀ ਸੁਰੱਖਿਆ ਨੂੰ ਵੀ ਖਤਰੇ ਵਿੱਚ ਪਾਉਂਦਾ ਹੈ। ਲੋਕਾਂ ਨੇ ਕਿਹਾ ਕਿ 5 ਸਾਲਾਂ ਬਾਅਦ ਬਣ ਰਹੀ ਇਸ ਸੜਕ ’ਤੇ ਤੈਅ ਮਾਪਦੰਡਾਂ ਅਤੇ ਨਿਯਮਾਂ ਨਾਲ ਸਮਝੌਤਾ ਨਹੀਂ ਕੀਤਾ ਜਾਣਾ ਚਾਹੀਦਾ।

ਵਸਨੀਕਾਂ ਨੇ ਅਧਿਕਾਰੀਆਂ ਨੂੰ ਤੁਰੰਤ ਕਾਰਵਾਈ ਕਰਨ ਦੀ ਅਪੀਲ ਕੀਤੀ ਹੈ ਅਤੇ ਇਹ ਯਕੀਨੀ ਬਣਾਉਣ ਲਈ ਕਿਹਾ ਹੈ ਕਿ ਸੜਕ ਦੀ ਟਿਕਾਊਤਾ ਅਤੇ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਢੁਕਵੀਂ ਸਮੱਗਰੀ ਅਤੇ ਢੰਗਾਂ ਦੀ ਵਰਤੋਂ ਕਰਕੇ ਉਸਾਰੀ ਕੀਤੀ ਗਈ ਹੈ। ਲੋਕ ਸੜਕ ਨਿਰਮਾਣ ਵਿੱਚ ਜਵਾਬਦੇਹੀ ਅਤੇ ਪਾਰਦਰਸ਼ਤਾ ਦੀ ਮੰਗ ਕਰ ਰਹੇ ਹਨ। ਉਹ ਅਧਿਕਾਰੀਆਂ ਤੋਂ ਮੰਗ ਕਰ ਰਹੇ ਹਨ ਕਿ ਦੋਸ਼ਾਂ ਦੀ ਡੂੰਘਾਈ ਨਾਲ ਜਾਂਚ ਕੀਤੀ ਜਾਵੇ ਅਤੇ ਸੜਕ ਨੂੰ ਨਿਰਧਾਰਤ ਮਾਪਦੰਡਾਂ ਅਨੁਸਾਰ ਬਣਾਉਣ ਨੂੰ ਯਕੀਨੀ ਬਣਾਉਣ ਲਈ ਲੋੜੀਂਦੀ ਕਾਰਵਾਈ ਕੀਤੀ ਜਾਵੇ। ਇਸ ਸਬੰਧੀ ਜ਼ੀਰਕਪੁਰ ਨਗਰ ਕੌਂਸਲ ਦੇ ਕਾਰਜਸਾਧਕ ਅਫ਼ਸਰ ਅਸ਼ੋਕ ਪਥਰੀਆ ਨੇ ਕਿਹਾ ਕਿ ਇਹ ਮਾਮਲਾ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਅਤੇ ਉਨ੍ਹਾਂ ਨੇ ਮਯੂਸੀਪਲ ਇੰਜੀਨੀਅਰ ਗੁਰਪ੍ਰਤਾਪ ਸਿੰਘ ਨੂੰ ਜਾਂਚ ਕਰਕੇ ਠੇਕੇਦਾਰ ਦੀ ਅਦਾਇਗੀ ਰੋਕਣ ਦੇ ਹੁਕਮ ਦਿੱਤੇ ਹਨ। ਉਨ੍ਹਾਂ ਕਿਹਾ ਕਿ ਉਸਾਰੀ ਸਮੱਗਰੀ ਵਿੱਚ ਕੋਈ ਸਮਝੌਤਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ।

# ਕਿੱਕ ਬਾਕਸਿੰਗ ’ਚ ਗੈਰੀ ਨੇ ਜਿੱਤਿਆ ਤ.ਗਮਾ




**ਦੇਵੀਗੜ੍ਹ, 16 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰਾਜ ਦੀਆਂ 68ਵੀਆਂ ਸਕੂਲ ਖੇਡਾਂ ਦੇ ਰਾਜ ਪੱਧਰੀ ਕਿੱਕ ਬਾਕਸਿੰਗ ਖੇਡ ਮੁਕਾਬਲਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਸਕੂਲ ਦੀ ਕਿੱਕ ਬਾਕਸਿੰਗ ਖਿਡਾਰਨ ਗੈਰੀ ਨੇ ਕਾਂਸੇ ਦਾ ਤ.ਗਮਾ ਹਾਸਲ ਕੀਤਾ। ਸਕੂਲ ਦੇ ਚੇਅਰਮੈਨ ਹਰਦੀਪ ਸਿੰਘ ਸੰਧੂ, ਪ੍ਰਿੰਸੀਪਲ ਰਾਜਿੰਦਰ ਕੌਰ ਸੰਧੂ ਅਤੇ ਵਾਈਸ ਪ੍ਰਿੰਸੀਪਲ ਨੀਲਮਾ ਦੀਕਸ਼ਿਤ ਨੇ ਗੈਰੀ ਨੂੰ ਸ਼ਾਨਦਾਰ ਜਿੱਤ ਦੀ ਵਧਾਈ ਦਿੱਤੀ ਅਤੇ ਕਿਹਾ ਕਿ ਇਹ ਸਫ਼ਲਤਾ ਕੋਚ ਰਵਿੰਦਰ ਸਿੰਘ ਅਤੇ ਸਪੋਰਟਸ ਕੋ-ਆਰਡੀਨੇਟਰ ਅਵਤਾਰ ਸਿੰਘ ਦੀ ਮਿਹਨਤ ਦਾ ਨਤੀਜਾ ਹੈ।

# ਜ਼ੀਰਕਪੁਰ ’ਚ ਨਜਾਇਜ਼ ਉਸਾਰੀਆਂ ਦਾ ਆਇਆ ਹੜ੍ਹ, ਸ਼ਿਕਾਇਤ ’ਤੇ ਵੀ ਨਹੀਂ ਹੋ ਰਹੀ ਕਾਰਵਾਈ



**ਜ਼ੀਰਕਪੁਰ, 16 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ੀਰਕਪੁਰ ਨਗਰ ਕੌਂਸਲ ਵਿੱਚ 2 ਬਿਲਡਿੰਗ ਇੰਸਪੈਕਟਰ, 2 ਡਰਾਫਟਸਮੈਨ, 1 ਏ.ਟੀ.ਪੀ ਤੋਂ ਇਲਾਵਾ ਗਠਿਤ ਕੀਤੇ ਗਏ ਇੰਫੋਰਸਮੈਂਟ ਦਸਤੇ ਤੇ ਹਰ ਮਹੀਨੇ ਲੱਖਾਂ ਰੁਪਏ ਖਰਚਣ ਦੇ ਬਾਵਜੂਦ ਵੀ ਸ਼ਹਿਰ ਵਿੱਚ ਨਾਜਾਇਜ਼ ਉਸਾਰੀਆਂ ’ਤੇ ਠੱਲ੍ਹ ਨਹੀਂ ਪੈ ਸਕੀ। ਜਿਸ ਕਾਰਨ ਸ਼ਹਿਰ ਦੀ ਹਰ ਗਲੀ ਅਤੇ ਮੁਹੱਲੇ ਵਿੱਚ ਨਾਜਾਇਜ਼ ਉਸਾਰੀਆਂ ਹੋ ਰਹੀਆਂ ਹਨ। ਖਾਸ ਕਰਕੇ ਸ਼ਹਿਰ ਵਿੱਚ ਨਾਜਾਇਜ਼ ਵਪਾਰਕ ਉਸਾਰੀਆਂ ਵਧ ਗਈਆਂ ਹਨ, ਜਿਸ ਕਾਰਨ ਨਗਰ ਕੌਂਸਲ ਦੇ ਖਜ਼ਾਨੇ ਨੂੰ ਭਾਰੀ ਨੁਕਸਾਨ ਹੋ ਰਿਹਾ ਹੈ। ਤਾਜ਼ਾ ਮਾਮਲਾ ਵੀਆਈਪੀ ਰੋਡ ਦਾ ਹੈ। ਜਿੱਥੇ ਡੀਪੀਐਸ ਸਕੂਲ ਦੇ ਨਜ਼ਦੀਕ ਵੀਆਈਪੀ ਇੰਕਲੇਵ ਵਿੱਚ ਗੈਰ-ਕਾਨੂੰਨੀ 5-5 ਮੰਜ਼ਿਲਾ ਪੀ.ਜੀ ਲਈ ਬਣਾਇਆ ਜਾ ਰਹੀਆਂ ਵਪਾਰਕ ਨਿਰਮਾਣ ਹੋ ਰਿਹਾ ਹੈ। ਇੱਥੇ ਕਈ ਪੀ.ਜੀ ਉਸਾਰੀ ਕਨੂੰਨ ਨੂੰ ਛਿੱਕੇ ਟੰਗ ਗੈਰ-ਕਾਨੂੰਨੀ ਢੰਗ ਨਾਲ ਬਣਾਈਆਂ ਜਾ ਰਹੀਆਂ ਹਨ। ਇਸ ਸਬੰਧੀ ਇਲਾਕਾ ਵਾਸੀਆਂ ਨੇ ਸ਼ਿਕਾਇਤਾਂ ਵੀ ਕੀਤੀਆਂ ਹਨ, ਪਰ ਹੁਣ ਤੱਕ ਕੋਈ ਕਾਰਵਾਈ ਨਹੀਂ ਹੋਈ।

ਆਰਟੀਆਈ ਕਾਰਕੁਨ ਕਮਲਜੀਤ ਸਿੰਘ ਨੇ ਇਸ ਸਬੰਧੀ ਨਗਰ ਕੌਂਸਲ ਦੇ ਕਾਰਜਸਾਧਕ ਅਫ਼ਸਰ ਅਸ਼ੋਕ ਪਥਰੀਆ ਨੂੰ ਵੀ ਸ਼ਿਕਾਇਤ ਕੀਤੀ ਹੈ। ਕਮਲਜੀਤ ਸਿੰਘ ਨੇ ਦੋਸ਼ ਲਾਇਆ ਹੈ ਕਿ ਨਗਰ ਕੌਂਸਲ ਦੀ ਬਿਲਡਿੰਗ ਸ਼ਾਖਾ ਅਤੇ ਇੰਫੋਰਸਮੈਂਟ ਸਟਾਫ਼ ਦੇ ਕੁਝ ਕਰਮਚਾਰੀਆਂ ਦੀ ਮਿਲੀਭੁਗਤ ਨਾਲ ਵੀਆਈਪੀ ਇੰਕਲੇਵ ਡੀਪੀਐਸ ਸਦਕੁਲ ਰੋਡ ’ਤੇ ਨਾਜਾਇਜ਼ ਉਸਾਰੀਆਂ ਹੋ ਰਹੀਆਂ ਹਨ। ਇਸੇ ਕਰਕੇ ਅੱਜ ਤੱਕ ਨਾਜਾਇਜ਼ ਉਸਾਰੀ ਕਰਨ ਵਾਲਿਆਂ ਖ਼ਿਲਾਫ਼ ਕੋਈ ਕਾਰਵਾਈ ਨਹੀਂ ਹੋਈ, ਕਾਰਵਾਈ ਦੇ ਨਾਂ ’ਤੇ ਨੋਟਿਸ ਜਾਰੀ ਕੀਤੇ ਜਾਂਦੇ ਹਨ, ਬਾਅਦ ਕੋਈ ਕਾਰਵਾਈ ਅੱਗੇ ਨਹੀਂ ਵਧਦੀ।

ਉਨ੍ਹਾਂ ਕਿਹਾ ਕਿ ਜੇਕਰ ਇਸ ’ਤੇ ਕਾਰਵਾਈ ਨਾ ਕੀਤੀ ਗਈ ਤਾਂ ਉਹ ਲੋਕਲ ਬਾਡੀਜ਼ ਵਿਭਾਗ ਦੇ ਡਾਇਰੈਕਟਰ ਅਤੇ ਵਿਜੀਲੈਂਸ ਨੂੰ ਵੀ ਸ਼ਿਕਾਇਤ ਕਰਨਗੇ। ਇਸ ਸੰਬਧੀ ਜ਼ੀਰਕਪੁਰ ਨਗਰ ਕੌਂਸਲ ਦੇ ਏ.ਐੱਮ.ਈ ਸੁਖਵਿੰਦਰ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਸ਼ਿਕਾਇਤਾਂ ਪ੍ਰਾਪਤ ਹੋਈਆਂ ਹਨ ਜਿਸ ਤੋਂ ਬਾਅਦ ਚੱਲ ਰਹੀਆਂ ਨਜਾਇਜ਼ ਉਸਾਰੀਆਂ ਨੂੰ ਸਿਲ ਕਰਨ ਦੀ ਤਿਆਰੀ ਸ਼ੁਰੂ ਕਰ ਦਿੱਤੀ ਗਈ ਹੈ।

ਉਨ੍ਹਾਂ ਮਿਲੀਭੁਗਤ ਦੇ ਦੋਸ਼ਾ ਨੂੰ ਨਕਾਰਦੇ ਹੋਏ ਕਿਹਾ ਕਿ ਜੇਕਰ ਉਨ੍ਹਾਂ ਨੂੰ ਕਿਸੇ ਕਰਮਚਾਰੀ ਖ਼ਿਲਾਫ਼ ਸ਼ਿਕਾਇਤ ਪ੍ਰਾਪਤ ਹੋਵੇਗੀ ਤਾਂ ਉਸ ਖ਼ਿਲਾਫ਼ ਸੱਖਤ ਵਿਭਾਗੀ ਕਾਰਵਾਈ ਕੀਤੀ ਜਾਵੇਗੀ।

# ਸੇਵਾ ਕੇਂਦਰ ਅਤੇ .ਫਰਦ ਕੇਂਦਰਾਂ ਵਿੱਚ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਸੇਵਾਵਾਂ ਦਾ ਜਾਇਜ਼ਾ ਲਿਆ



**ਗੁਰਦਾਸਪੁਰ, 16 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਸ੍ਰੀ ਉਮਾ ਸ਼ੰਕਰ ਗੁਪਤਾ ਅਤੇ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਸ. ਹਰਜਿੰਦਰ ਸਿੰਘ ਵੱਲੋਂ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਸਥਿਤ ਸੇਵਾ ਕੇਂਦਰ ਅਤੇ ਫ਼ਰਦ ਕੇਂਦਰ ਦਾ ਅਚਨਚੇਤ ਦੌਰਾ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨੇ ਸੇਵਾ ਕੇਂਦਰ ਅਤੇ ਫ਼ਰਦ ਕੇਂਦਰਾਂ ਵਿੱਚ ਲੋਕਾਂ ਨੂੰ ਦਿੱਤੀਆਂ ਜਾ ਰਹੀਆਂ ਸੇਵਾਵਾਂ ਦਾ ਜਾਇਜ਼ਾ ਲਿਆ ਅਤੇ ਆਪਣੇ ਕੰਮ ਕਰਵਾਉਣ ਆਏ ਲੋਕਾਂ ਨਾਲ ਗੱਲ-ਬਾਤ ਕੀਤੀ। ਲੋਕਾਂ ਨੇ ਸੇਵਾ ਕੇਂਦਰ ਅਤੇ ਫ਼ਰਦ ਕੇਂਦਰ ਰਾਹੀਂ ਮਿਲ ਰਹੀਆਂ ਸੇਵਾਵਾਂ ਉੱਪਰ ਆਪਣੀ ਤਸੱਲੀ ਜ਼ਾਹਿਰ ਕੀਤੀ।

ਇਸ ਦੌਰਾਨ ਡਿਪਟੀ ਕਮਿਸ਼ਨਰ ਸ੍ਰੀ ਉਮਾ ਸ਼ੰਕਰ ਗੁਪਤਾ ਨੇ ਸੇਵਾ ਕੇਂਦਰ ਅਤੇ ਫ਼ਰਦ ਕੇਂਦਰ ਦੇ ਇੰਚਾਰਜਾਂ ਨੂੰ ਹਦਾਇਤ ਕੀਤੀ ਕਿ ਕੰਮ ਕਰਵਾਉਣ ਆਏ ਲੋਕਾਂ ਦੇ ਬੈਠਣ ਲਈ ਹੋਰ ਢੁਕਵੇਂ ਪ੍ਰਬੰਧ ਕਰਨ ਦੇ ਨਾਲ ਪੀਣ ਵਾਲੇ ਪਾਣੀ ਦਾ ਪ੍ਰਬੰਧ ਵੀ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸੇਵਾ ਕੇਂਦਰ ਅਤੇ ਫ਼ਰਦ ਕੇਂਦਰ ਦੇ ਵੇਟਿੰਗ ਏਰੀਆ ਵਿੱਚ ਲੋਕਾਂ ਦੀ ਸਹੂਲਤ ਲਈ ਤੁਰੰਤ ਟੀਵੀ ਚਲਾਏ ਜਾਣ। ਇਸ ਤੋਂ ਇਲਾਵਾ ਸਾਫ਼-ਸਫ਼ਾਈ ਦਾ ਖ਼ਾਸ ਖ਼ਿਆਲ ਰੱਖਿਆ ਜਾਵੇ ਅਤੇ ਕੋਈ ਵਸਤੂ ਫ਼ਾਲਤੂ ਨਾ ਪਈ ਹੋਵੇ। ਉਨ੍ਹਾਂ ਕਿਹਾ ਕਿ ਸੇਵਾ ਕੇਂਦਰ ਅਤੇ ਫ਼ਰਦ ਕੇਂਦਰ ਦੀਆਂ ਖਿੜਕੀਆਂ ਉੱਪਰ ਸੂਚਨਾ ਬੋਰਡ ਲਗਾਏ ਜਾਣ ਤਾਂ ਜੋ ਕਿਸੇ ਨੂੰ ਕੋਈ ਪਰੇਸ਼ਾਨੀ ਨਾ ਆਵੇ। ਇਸ ਉਪਰੰਤ ਉਨ੍ਹਾਂ ਨੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿੱਚ ਸਥਿਤ ਹੋਰ ਦਫ਼ਤਰਾਂ ਦਾ ਵੀ ਦੌਰਾ ਕੀਤਾ।

ਇਸ ਮੌਕੇ ਡਿਪਟੀ ਕਮਿਸ਼ਨਰ ਸ੍ਰੀ ਉਮਾ ਸ਼ੰਕਰ ਗੁਪਤਾ ਨੇ ਕਿਹਾ ਕਿ ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਲੋਕਾਂ ਨੂੰ ਸਮਾਂਬੱਧ ਸੇਵਾਵਾਂ ਦੇਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਾਰੇ ਸਰਕਾਰੀ ਦਫ਼ਤਰਾਂ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਹਦਾਇਤ ਕੀਤੀ ਗਈ ਹੈ ਕਿ ਉਹ ਦਫ਼ਤਰਾਂ ਵਿੱਚ ਕੰਮ ਕਰਵਾਉਣ ਆਉਣ ਵਾਲੇ ਵਿਅਕਤੀਆਂ ਨੂੰ ਪੂਰਾ ਸਤਿਕਾਰ ਦੇਣ ਅਤੇ ਨਿਯਮਾਂ ਅਨੁਸਾਰ ਉਨ੍ਹਾਂ ਦੇ ਕੰਮ ਪਹਿਲ ਦੇ ਅਧਾਰ ’ਤੇ ਕਰਨ। ਉਨ੍ਹਾਂ ਕਿਹਾ ਕਿ ਦਫ਼ਤਰਾਂ ਵਿੱਚ ਲੋਕਾਂ ਦੀ ਖ਼ੱਜਲ-ਖ਼ੁਆਰੀ ਨੂੰ ਕਿਸੇ ਵੀ ਸੂਰਤ ਵਿੱਚ ਬਰਦਾਸ਼ਤ ਨਹੀਂ ਕੀਤਾ ਜਾਵੇਗਾ

# ਬਾਗਬਾਨੀ ਵਿਭਾਗ ਵੱਲੋਂ ਵਿਸ਼ੇਸ਼ ਕੈਂਪ ਲਗਾ ਕੇ ਬਾਗਬਾਨੀ ਸਹਾਇਕ ਧੰਦਿਆਂ ਨੂੰ ਅਪਨਾਉਣ ਲਈ ਕੀਤਾ ਪ੍ਰੇਰਿਤ




**ਸ੍ਰੀ ਆਨੰਦਪੁਰ ਸਾਹਿਬ, 16 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ.ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਪੰਜਾਬ ਵੱਲੋਂ ਦਿੱਤੇ ਗਏ ਦਿਸ਼ਾ ਨਿਰਦੇਸ਼ਾ ਅਨੁਸਾਰ ਬਲਾਕ ਅਨੰਦਪੁਰ ਸਾਹਿਬ ਵਿੱਚ ਬਾਗਬਾਨੀ ਫਸਲਾਂ ਅਤੇ ਬਾਗਬਾਨੀ ਸਹਾਇਕ ਧੰਦਿਆਂ ਹੇਠ ਰਕਬਾ ਵਧਾਉਣ ਦੇ ਮੰਤਵ ਨਾਲ ਪਿੰਡ ਮਜਾਰਾ ਵਿਖੇ ਬੀਤੇ ਦਿਨ ਵਿਸ਼ੇਸ਼ ਕੈਂਪ ਲਗਾਇਆ ਗਿਆ। ਕਿਸਾਨਾ ਭਰਾਵਾਂ ਅਤੇ ਕਿਸਾਨ ਬੀਬੀਆਂ ਨੂੰ ਜਾਣਕਾਰੀ ਦਿੰਦੇ ਹੋਏ ਬਾਗਬਾਨੀ ਵਿਕਾਸ ਅਫਸਰ ਡਾ.ਭਾਰਤ ਭੂਸਨ ਨੇ ਦੱਸਿਆ ਕਿ ਅੱਜ ਦੇ ਸਮੇਂ ਵਿੱਚ ਰਵਾਇਤੀ ਫਸਲਾਂ ਹੇਠ ਰਕਬਾ ਕੱਢ ਕੇ ਬਾਗਬਾਨੀ ਫਸਲਾਂ ਹੇਠ ਲਿਆਉਣ ਦੀ ਜਰੂਰਤ ਹੈ ਕਿਉਂਕਿ ਜਿੱਥੇ ਰਵਾਇਤੀ ਫਸਲਾਂ ਉਗਾਉਣ ਨਾਲ ਮਿੱਟੀ ਅਤੇ ਪਾਣੀ ਦੀ ਦੁਰਵਰਤੋਂ ਹੁੰਦੀ ਹੈ ਉੱਥੇ ਹੀ ਬਾਗਬਾਨੀ ਫਸਲਾਂ ਅਪਨਾਉਣ ਨਾਲ ਵਧੇਰੇ ਮੁਨਾਫਾ ਹੁੰਦਾ ਹੈ ਅਤੇ ਨਾਲ ਹੀ ਮਿੱਟੀ ਦੀ ਸਿਹਤ ਅਤੇ ਪਾਣੀ ਦੇ ਸਤਰ ਵਿੱਚ ਸੁਧਾਰ ਹੁੰਦਾ ਹੈ।

ਡਾ.ਭਾਰਤ ਭੂਸ਼ਨ ਬਾਗਬਾਨੀ ਵਿਕਾਸ ਅਫਸਰ ਅਤੇ ਮੱਖਣ ਸਿੰਘ ਬਾਗਬਾਨੀ ਉਪ ਨਿਰੀਖਕ ਸ੍ਰੀ ਅਨੰਦਪੁਰ ਸਾਹਿਬ ਵੱਲੋਂ ਕੈਂਪ ਵਿੱਚ ਹਾਜਰ ਕਿਸਾਨਾ ਭਰਾਵਾਂ ਅਤੇ ਕਿਸਾਨ ਬੀਬੀਆਂ ਨੂੰ ਬਾਗਬਾਨੀ ਸਹਾਇਕ ਧੰਦੇ ਵਜੋਂ ਖੁੰਬਾਂ ਦੀ ਖੇਤੀ ਸਬੰਧੀ ਡੈਮੋਨਸਟਰੇਸ਼ਨ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਪੰਜਾਬ ਰਾਜ ਵਿੱਚ ਖੁੰਬਾਂ ਦੀ ਪੈਦਾਵਾਰ ਹੋਰ ਵਧਾਉਣ ਦੀਆਂ ਬਹੁਤ ਸੰਭਾਵਨਾਵਾਂ ਹਨ, ਕਿਉਕਿ ਇਹਨਾਂ ਦੀ ਕਾਸ਼ਤ ਲਈ ਲੋੜੀਂਦਾ ਕੱਚਾ ਮਾਲ ( ਤੂੜੀ ਅਤੇ ਪਰਾਲੀ) ਸਸਤਾ ਅਤੇ ਆਸਾਨੀ ਨਾਲ ਮਿਲ ਜਾਂਦਾ ਹੈ। ਜਿਥੇ ਖੁੰਬਾਂ ਦੀ ਕਾਸ਼ਤ ਬੜੇ ਸਸਤੇ ਢੰਗ ਨਾਲ ਕੀਤੀ ਜਾ ਸਕਦੀ ਹੈ, ਉਥੇ ਹੀ ਕਾਮਿਆਂ ਨੂੰ ਕੰਮ ਵੀ ਮਿਲ ਜਾਂਦਾ ਹੈ। ਇਕ ਨਵੀਂ ਫਸਲ ਹੋਣ ਕਰਕੇ ਇਸ ਦੀ ਵਿਕਰੀ ਕਾਫੀ ਹੋ ਸਕਦੀ ਹੈ ਕਿਉਂਕਿ ਸੂਬੇ ਦੇ ਲੋਕਾਂ ਦੀ ਖਰੀਦ ਸ਼ਕਤੀ ਚੰਗੀ ਹੈ ਅਤੇ ਇਥੋਂ ਦਾ ਕਿਸਾਨ ਵੀ ਨਵੀਆਂ -ਨਵੀਆਂ ਗੱਲਾਂ ਛੇਤੀ ਗ੍ਰਹਿਣ ਕਰ ਜਾਂਦਾ ਹੈ।ਉਹਨਾਂ ਦੱਸਿਆ ਕਿ ਖੁੰਬਾਂ ਦੀ ਕਾਸ਼ਤ ਮਹੀਨਾ ਨਵੰਬਰ ਤੋਂ ਫਰਵਰੀ ਤੱਕ ਘਰੇਲੂ ਪੱਧਰ ਤੇ ਕੀਤੀ ਜਾ ਸਕਦੀ ਹੈ। ਇਹ ਫਸਲ ਪ੍ਰੋਟੀਨ ਅਤੇ ਕਈ ਤਰਾਂ ਦੇ ਖਣਿਜ ਤੱਤਾਂ ਤੋਂ ਭਰਪੂਰ ਹੁੰਦੀ ਹੈ। ਡਾ. ਭਾਰਤ ਭੂਸ਼ਨ ਨੇ ਖੁੰਬਾਂ ਦੀ ਖੇਤੀ ਨੂੰ ਘਰੇਲੂ ਪੱਧਰ ਤੋਂ ਵਪਾਰਕ ਪੱਧਰ ਤੱਕ ਲੈ ਕੇ ਜਾਣ ਲਈ ਲੋੜੀਂਦੀ ਜਾਣਕਾਰੀ ਅਤੇ ਵਿਭਾਗਾਂ ਵੱਲੋਂ ਸਮੁੱਚੀ ਸਹਾਇਤਾ ਦੇਣ ਦਾ ਭਰੋਸਾ ਦਿੱਤਾ।

ਇਸ ਦੇ ਨਾਲ ਹੀ ਮਾਹਿਰਾਂ ਵੱਲੋਂ ਗੰਡੋਏ ਦੀ ਖਾਦ ਤਿਆਰ ਕਰਨ ਬਾਰੇ ਜਾਣਕਾਰੀ ਦਿੱਤੀ ਤਾਂ ਜੋ ਕਿਸਾਨ ਕੈਮੀਕਲ ਖਾਦਾਂ ਦੀ ਵਰਤੋਂ ਬੰਦ ਕਰਕੇ ਆਪਣੀ ਆਮਦਨ ਵਿੱਚ ਵਾਧਾ ਕਰ ਸਕਣ। ਵਿਭਾਗ ਵੱਲੋਂ ਮੁਹੱਇਆ ਕਰਵਾਈ ਜਾ ਰਹੀ ਬਾਇਓ ਫਰਟੀਲਾਈਜ਼ਰਾਂ ਬਾਰੇ ਵੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ ਅਤੇ ਦੱਸਿਆ ਗਿਆ ਜੇਕਰ ਕਿਸਾਨ ਨੂੰ ਇਨ੍ਹਾਂ ਬਾਇਓ ਖਾਦਾਂ ਦੀ ਜਰੂਰਤ ਹੈ ਤਾਂ ਵਿਭਾਗ ਵੱਲੋਂ ਵਾਜਬ ਰੇਟਾਂ ਤੇ ਮੁਹੱਈਆ ਕਰਵਾਈਆਂ ਜਾਂਦੀਆਂ ਹੈ,ਜੇ ਕਿਸੇ ਕਿਸਾਨ ਨੂੰ ਪੀ.ਐਸ.ਬੀ, ਜੈਡ.ਐਸ.ਬੀ ਤੇ ਟ੍ਰਾਈਕੋਡਰਮਾ ਆਦਿ ਬਾਈਓ ਖਾਦਾਂ ਦੀ ਜਰੂਰਤ ਹੈਂ ਤਾਂ ਬਾਗਬਾਨੀ ਵਿਭਾਗ ਨਾਲ ਰਾਬਤਾ ਕਾਇਮ ਕਰ ਸਕਦਾ ਹੈ। ਇਸ ਮੌਕੇ ਜੀ.ਟੀ ਭਾਰਤ ਦੇ ਸੁਭਮ, ਗੁਰਦੀਪ ਕੌਰ ਹਾਜ਼ਰ ਸਨ।

# ਨਗਰ ਕੌਂਸਲ ਮਾਲੇਰਕੋਟਲਾ ਦੇ ਵਾਰਡ ਨੰਬਰ 18 ਦੀ ਉਪ-ਚੋਣ ਲਈ 05 ਨਾਮਜ਼ਦਗੀਆਂ ਦਾਖ਼ਲ



**ਮਲੇਰਕੋਟਲਾ, 16 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਰਿਟਰਨਿੰਗ ਅਫਸਰ ਕਮ ਉਪ ਮੰਡਲ ਮੈਜਿਸਟਰੇਟ ਮਾਲੇਰਕੋਟਲਾ ਹਰਬੰਸ ਸਿੰਘ ਨੇ ਦੱਸਿਆ ਕਿ ਪੰਜਾਬ ਰਾਜ ਚੋਣ ਕਮਿਸ਼ਨ ਵੱਲੋਂ ਐਲਾਨੇ ਚੋਣ ਪ੍ਰੋਗਰਾਮ ਅਨੁਸਾਰ ਨਗਰ ਕੌਂਸਲ ਮਾਲੇਰਕੋਟਲਾ ਦੇ ਵਾਰਡ ਨੰਬਰ 18 ਦੀ ਉਪ ਚੋਣ ਜੋ ਕਿ 21 ਦਸੰਬਰ ਨੂੰ ਹੋਣੀ ਹੈ, ਲਈ ਨਾਮਜ਼ਦਗੀਆਂ ਦਾਖ਼ਲ ਕਰਨ ਦਾ ਅੱਜ ਆਖਰੀ ਦਿਨ ਸੀ। ਉਨ੍ਹਾਂ ਦੱਸਿਆ ਕਿ ਨਗਰ ਕੌਂਸਲ ਮਾਲੇਰਕੋਟਲਾ ਦੇ ਵਾਰਡ ਨੰਬਰ 18 ਦੀ ਉਪ ਚੋਣ ਲਈ ਕੁੱਲ 05 ਨਾਮਜ਼ਦਗੀਆਂ ਦਾਖ਼ਲ ਹੋਈਆਂ।

ਉਨ੍ਹਾਂ ਕਿਹਾ ਕਿ ਚੋਣ ਕਮਿਸ਼ਨ ਨੇ ਪੜਤਾਲ ਲਈ 13 ਦਸੰਬਰ 2024 ਅਤੇ ਉਮੀਦਵਾਰੀ ਵਾਪਸ ਲੈਣ ਦੀ ਆਖਰੀ ਮਿਤੀ 14 ਦਸੰਬਰ 2024 (ਦੁਪਹਿਰ 3 ਵਜੇ ਤੱਕ) ਮਿਤੀ ਨਿਰਧਾਰਤ ਕੀਤੀ ਹੈ। ਵੋਟਾਂ 21 ਦਸੰਬਰ 2024 ਨੂੰ ਸਵੇਰੇ 7.00 ਵਜੇ ਤੋਂ ਸ਼ਾਮ 04.00 ਵਜੇ ਤੱਕ ਈਵੀਐਮਜ਼ ਰਾਹੀਂ ਪੈਣਗੀਆਂ। ਵੋਟਿੰਗ ਪ੍ਰਕਿਰਿਆ ਮੁਕੰਮਲ ਹੋਣ ਤੋਂ ਬਾਅਦ ਵੋਟਾਂ ਦੀ ਗਿਣਤੀ ਉਸੇ ਦਿਨ ਹੀ ਹੋਵੇਗੀ। ਉਹਨਾਂ ਦੱਸਿਆ ਕਿ ਪੋਲਿੰਗ ਸਟੇਸ਼ਨਾਂ ਤੇ ਵੋਟਰਾਂ ਦੀ ਸਹੂਲਤ ਲਈ ਪੁਖਤਾ ਪ੍ਰਬੰਧ ਕੀਤੇ ਗਏ ਹਨ ਤਾਂ ਜੋ ਵੋਟ ਪਾਉਣ ਆਏ ਵੋਟਰਾਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਪੇਸ਼ ਨਾ ਆਵੇ।

# ਹਲਕਾ ਦੱਖਣੀ ਦੀਆਂ ਸਾਰੀਆਂ ਸੀਟਾਂ ਜਿੱਤ ਕੇ ਆਪਣਾ ਮੇਅਰ ਬਣਾਏਗਾ - ਵਿਧਾਇਕ ਰਜਿੰਦਰਪਾਲ ਛੀਨਾ



**ਲੁਧਿਆਣਾ, 16 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿੱਚ 21 ਦਸੰਬਰ ਨੂੰ ਹੋਣ ਵਾਲੀਆਂ ਨਗਰ ਨਿਗਮ ਚੋਣਾਂ ਲਈ ਹਲਕਾ ਦੱਖਣੀ ਦੀ ਵਿਧਾਇਕਾ ਰਜਿੰਦਰਪਾਲ ਕੌਰ ਛੀਨਾ ਦੇ ਨਾਲ ਹਲਕੇ ਦੇ ਸਾਰੇ 11 ਉਮੀਦਵਾਰਾਂ ਨੇ ਆਪਣੇ ਨਾਮਜ਼ਦਗੀ ਪੱਤਰ ਦਾਖਲ ਕੀਤੇ। ਵਿਧਾਇਕ ਛੀਨਾ ਨੇ ਕਿਹਾ ਕਿ ਨਾਮਜ਼ਦਗੀਆਂ ਦੌਰਾਨ ਜਿਸ ਤਰ੍ਹਾਂ ਦਾ ਉਤਸ਼ਾਹ ਸੀ, ਉਹ ਅੱਜ ਪੂਰੇ ਪੰਜਾਬ ਵਿਚ ਦੇਖਣ ਨੂੰ ਮਿਲ ਰਿਹਾ ਹੈ, ਇਸ ਲਈ ਸਾਨੂੰ ਪੂਰਾ ਵਿਸ਼ਵਾਸ ਹੈ ਕਿ ਜਨਤਾ ਨਿਗਮਾਂ ਵਿਚ ਵੱਡੀ ਗਿਣਤੀ ਵਿਚ ਆਮ ਆਦਮੀ ਪਾਰਟੀ ਨੂੰ ਜਿੱਤ ਦਿਵਾਏਗੀ।

ਵਿਧਾਇਕ ਛੀਨਾ ਨੇ ਕਿਹਾ ਕਿ ਜਨਤਾ ਨੇ ਪਿਛਲੇ 3 ਸਾਲਾਂ ’ਚ ਦੇਖਿਆ ਹੈ ਕਿ ਜੇਕਰ ਕੰਮ ਤੇਜ਼ ਰਫਤਾਰ ਨਾਲ ਜਾਰੀ ਰੱਖਣਾ ਹੈ ਤਾਂ ਆਮ ਆਦਮੀ ਪਾਰਟੀ ਦੇ ਨੁਮਾਇੰਦੇ ਚੁਣ ਕੇ ਭੇਜਣੇ ਪੈਣਗੇ ਤਾਂ ਜੋ ਲੋਕਾਂ ਦੇ ਕੰਮ ਹੋ ਸਕਣ। ਉਨ੍ਹਾਂ ਕਿਹਾ ਕਿ ਇਨ੍ਹਾਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀ ਵੱਡੀ ਜਿੱਤ ਹੋਣ ਵਾਲੀ ਹੈ। ਭਾਜਪਾ ਨੂੰ ਨਿਸ਼ਾਨੇ ’ਤੇ ਲੈਂਦਿਆਂ ਛੀਨਾ ਨੇ ਕਿਹਾ ਕਿ ਪੰਜਾਬ ਦੇ ਲੋਕ 21 ਨੂੰ ਚੋਣਾਂ ਜਿੱਤਣ ਦਾ ਭਾਜਪਾ ਦਾ ਭਰਮ ਤੋੜ ਦੇਣਗੇ।

# ਨਯਾਗਾਓਂ ਨਗਰ ਕੌਂਸਲ ਦੇ ਵਾਰਡ-16 ਦੀ ਉਪ ਚੋਣ ਲਈ ਕਾਂਗਰਸ ਉਮੀਦਵਾਰ ਨਿਰਮਲਾ ਦੇਵੀ ਸੂਦ ਨੇ ਨਾਮਜ਼ਦਗੀ ਪੱਤਰ ਦਾਖਲ ਕੀਤਾ



**ਚੰਡੀਗੜ੍ਹ, 16 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਨਵਾਂਗਾਓਂ ਨਗਰ ਕੌਂਸਲ ਦੇ ਵਾਰਡ-16 ਦੀ ਜ਼ਿਮਨੀ ਚੋਣ ਲਈ ਕਾਂਗਰਸੀ ਉਮੀਦਵਾਰ ਨਿਰਮਲਾ ਦੇਵੀ ਸੂਦ ਨੇ ਰਿਟਰਨਿੰਗ ਅਫ਼ਸਰ ਸ੍ਰੀ ਤਰੁਣ ਗੁਪਤਾ ਐਸ.ਡੀ.ਓ ਖਰੜ ਕੋਲ ਆਪਣੇ ਨਾਮਜ਼ਦਗੀ ਪੱਤਰ ਦਾਖਲ ਕੀਤੇ। ਹਾਈਕਮਾਂਡ ਦੇ ਹੁਕਮਾਂ ’ਤੇ ਹਲਕਾ ਖਰੜ ਦੇ ਕਾਂਗਰਸ ਇੰਚਾਰਜ ਵਿਜੇ ਸ਼ਰਮਾ ਟਿੰਕੂ ਨੇ ਇਮਾਨਦਾਰੀ ਨਾਲ ਵਿਕਾਸ ਨੂੰ ਪਹਿਲ ਦੇਣ ਵਾਲੀ ਨਿਰਮਲਾ ਦੇਵੀ ਸੂਦ ਨੂੰ ਨਗਰ ਕੌਂਸਲ ਨਵਾਂਗਾਓਂ ਦੀ ਚੋਣ ਲਈ ਮੈਦਾਨ ਵਿੱਚ ਉਤਾਰਿਆ ਹੈ।

ਜ਼ਿਲ੍ਹਾ ਕਾਂਗਰਸ ਦੇ ਉੱਪ ਪ੍ਰਧਾਨ ਮਨਜੀਤ ਸਿੰਘ ਸਿੱਧੂ ਨੇ ਕਿਹਾ ਕਿ ਨਿਰਮਲਾ ਦੇਵੀ ਸੂਦ ਜੀ ਬਹੁਤ ਹੀ ਮਿਲਣਸਾਰ ਔਰਤ ਹਨ ਅਤੇ ਹਰ ਕਿਸੇ ਦੇ ਦੁੱਖ-ਸੁੱਖ ਵਿੱਚ ਮਦਦ ਕਰਦੇ ਹਨ। ਉਹ ਪਹਿਲਾਂ ਕੌਂਸਲਰ ਰਹਿ ਚੁੱਕੀ ਹੈ। ਉਨ੍ਹਾਂ ਨਾਲ ਉਮੀਦਵਾਰ ਨਿਰਮਲਾ ਦੇਵੀ ਸੂਦ ਨੇ ਰਿਟਰਨਿੰਗ ਅਫ਼ਸਰ ਸ੍ਰੀ ਤਰੁਣ ਗੁਪਤਾ ਐਸ.ਡੀ.ਓ ਖਰੜ ਕੋਲ ਆਪਣੇ ਨਾਮਜ਼ਦਗੀ ਪੱਤਰ ਦਾਖਲ ਕੀਤੇ। ਹਾਈਕਮਾਂਡ ਦੇ ਹੁਕਮਾਂ ’ਤੇ ਹਲਕਾ ਖਰੜ ਦੇ ਕਾਂਗਰਸ ਇੰਚਾਰਜ ਵਿਜੇ ਸ਼ਰਮਾ ਟਿੰਕੂ ਨੇ ਇਮਾਨਦਾਰੀ ਨਾਲ ਵਿਕਾਸ ਨੂੰ ਪਹਿਲ ਦੇਣ ਵਾਲੀ ਨਿਰਮਲਾ ਦੇਵੀ ਸੂਦ ਨੂੰ ਨਗਰ ਕੌਂਸਲ ਨਵਾਂਗਾਓਂ ਦੀ ਚੋਣ ਲਈ ਮੈਦਾਨ ਵਿੱਚ ਰਾਜਨ ਕੁਮਾਰ, ਡਾ: ਰਾਕੇਸ਼ ਕੁਮਾਰ, ਅਜੀਤ ਕੁਮਾਰ, ਮਦਨ, ਉਰਮਿਲਾ ਦੇਵੀ, ਜੌਲੀ ਚੌਟਾਲਾ, ਸੁਨੀਤਾ ਦੇਵੀ ਅਤੇ ਹੋਰ ਵਰਕਰ ਹਾਜ਼ਰ ਸਨ ।

# ਨਯਾਗਾਓਂ ਨਗਰ ਕੌਂਸਲ ਦੇ ਵਾਰਡ-16 ਦੀ ਉਪ ਚੋਣ ਲਈ ਭਾਜਪਾ ਉਮੀਦਵਾਰ ਵਿਸ਼ਾਲ ਮਨਸਾ ਰਾਮ ਨੇ ਨਾਮਜ਼ਦਗੀ ਪੱਤਰ ਦਾਖਲ ਕੀਤਾ



**ਚੰਡੀਗੜ੍ਹ, 16 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਨਵਾਂਗਾਓਂ ਨਗਰ ਕੌਂਸਲ ਦੇ ਵਾਰਡ-16 ਦੀ ਜ਼ਿਮਨੀ ਚੋਣ ਲਈ ਭਾਜਪਾ ਉਮੀਦਵਾਰ ਵਿਸ਼ਾਲ ਮਨਸਾ ਰਾਮ ਨੇ ਰਿਟਰਨਿੰਗ ਅਫ਼ਸਰ ਸ੍ਰੀ ਤਰੁਣ ਗੁਪਤਾ ਐਸ.ਡੀ.ਓ.ਖਰੜ ਕੋਲ ਆਪਣੇ ਨਾਮਜ਼ਦਗੀ ਪੱਤਰ ਦਾਖਲ ਕੀਤੇ। ਹਲਕਾ ਖਰੜ ਦੇ ਭਾਜਪਾ ਇੰਚਾਰਜ ਕਮਲਦੀਪ ਸੈਣੀ ਦੇ ਹੁਕਮਾਂ ਨਾਲ ਵਿਕਾਸ ਨੂੰ ਪਹਿਲ ਦੇਣ ਵਾਲੇ ਵਿਸ਼ਾਲ ਮਨਸਾ ਰਾਮ ਨੂੰ ਨਗਰ ਕੌਂਸਲ ਨਵਾਂਗਾਓਂ ਦੀ ਚੋਣ ਲਈ ਮੈਦਾਨ ਵਿੱਚ ਉਤਾਰਿਆ ਹੈ। ਉਹ ਮਰਹੂਮ ਮਨਸਾ ਰਾਮ ਦਾ ਪੁੱਤਰ ਹੈ, ਉਸ ਦੀ ਮਾਂ ਸਪਨਾ ਦੇਵੀ ਵੀ ਸਾਬਕਾ ਕੌਂਸਲਰ ਰਹਿ ਚੁੱਕੀ ਹੈ।

ਭਾਜਪਾ ਇੰਚਾਰਜ ਕਮਲਦੀਪ ਸੈਣੀ ਨੇ ਕਿਹਾ ਕਿ ਇਹ ਪਰਿਵਾਰ ਬਹੁਤ ਮਿਲਣਸਾਰ ਤੇ ਇਮਾਨਦਾਰ ਹੈ ਅਤੇ ਹਰ ਕਿਸੇ ਦੇ ਦੁੱਖ-ਸੁੱਖ ਵਿਚ ਮਦਦ ਕਰਦਾ ਹੈ। ਉਨ੍ਹਾਂ ਦੇ ਨਾਲ ਨਵਾਂਗਾਓਂ ਮੰਡਲ ਦੇ ਪ੍ਰਧਾਨ ਜੋਗਿੰਦਰ ਪਾਲ ਗੁੱਜਰ, ਕੌਂਸਲਰ ਵਿਨੋਦ ਬਿੰਦੋਲੀਆ, ਸਾਬਕਾ ਕੌਂਸਲਰ ਤੇ ਸੀਨੀਅਰ ਭਾਜਪਾ ਆਗੂ ਸੁਰਿੰਦਰ ਬੱਬਲ, ਐਸ.ਸੀ. ਮੋਰਚਾ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਤੇ ਕੌਂਸਲਰ ਪ੍ਰਮੋਦ ਕੁਮਾਰ, ਸੀਨੀਅਰ ਭਾਜਪਾ ਆਗੂ ਗੁਰਧਿਆਨ ਸਿੰਘ ਮੰਡ, ਭਾਜਪਾ ਮੰਡਲ ਜਨਰਲ ਸਕੱਤਰ ਸੰਜੇ ਗੁਪਤਾ, ਸੰਦੀਪ ਜੌਨੀ, ਸਾਬਕਾ ਕੌਂਸਲਰ ਸਪਨਾ ਖਰੜ ਕੋਲ ਆਪਣੇ ਨਾਮਜ਼ਦਗੀ ਪੱਤਰ ਦਾਖਲ ਕੀਤੇ।

ਹਲਕਾ ਖਰੜ ਦੇ ਭਾਜਪਾ ਇੰਚਾਰਜ ਕਮਲਦੀਪ ਸੈਣੀ ਦੇ ਹੁਕਮਾਂ ਨਾਲ ਵਿਕਾਸ ਨੂੰ ਪਹਿਲ ਦੇਣ ਵਾਲੇ ਵਿਸ਼ਾਲ ਮਨਸਾ ਰਾਮ ਨੂੰ ਨਗਰ ਕੌਂਸਲ ਨਵਾਂਗਾਓਂ ਦੀ ਚੋਣ ਲਈ ਮੈਦਾਨ ਵਿੱਚ ਉਤਾਰਿਆ ਹੈ। ਉਹ ਮਰਹੂਮ ਮਨਸਾ ਰਾਮ ਦਾ ਪੁੱਤਰ ਹੈ, ਉਸ ਦੀ ਮਾਂ ਸਪਨਾ ਦੇਵੀ ਵੀ ਸਾਬਕਾ ਕੌਂਸਲਰ ਰਹਿ ਚੁੱਕੀ ਹੈ।

ਭਾਜਪਾ ਇੰਚਾਰਜ ਕਮਲਦੀਪ ਸੈਣੀ ਨੇ ਕਿਹਾ ਕਿ ਇਹ ਪਰਿਵਾਰ ਬਹੁਤ ਮਿਲਣਸਾਰ ਤੇ ਇਮਾਨਦਾਰ ਹੈ ਅਤੇ ਹਰ ਕਿਸੇ ਦੇ ਦੁੱਖ-ਦੇਵੀ ਅਤੇ ਹੋਰ ਭਾਜਪਾ ਵਰਕਰ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# 30 ਸਾਲ ਦੇ ਲੰਬੇ ਅੰਤਰਾਲ ਦੇ ਬਾਅਦ ਵੱਡੇ ਪਰਦੇ 'ਤੇ ਨਜਰ ਆਵੇਗੀ ਫਿਲਮ ਅਭਿਨੇਤਰੀ ਮੀਨਾਕਸ਼ੀ ਸ਼ੇਸ਼ਾਦਰੀ

**ਚੰਡੀਗੜ੍ਹ, 16 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬਾਲੀਵੁੱਲ ਦੀ ਪ੍ਰਸਿੱਦ ਅਭਿਨੇਤਰੀ ਮੀਨਾਕਸ਼ੀ ਸ਼ੇਸ਼ਾਦਰੀ ਨੇ ਕਿਹਾ ਕਿ 30 ਸਾਲ ਦੇ ਲੰਬੇ ਅੰਤਰਾਲ ਦੇ ਬਾਅਦ ਇਕ ਵਾਰ ਫਿਰ ਬਾਲੀਵੁੱਲ ਦੇ ਵੱਡੇ ਪਰਦੇ 'ਤੇ ਕੰਮ ਕਰੇਗੀ। ਇਸ ਫਿਲਮ ਜਗਤ ਵਿਚ ਦਾਮਿਨੀ ਵਰਗੀ ਫਿਲਮਾਂ ਤਿਆਰ ਕਰਨ ਦੀ ਮਨ ਵਿਚ ਇੱਛਾ ਲੈ ਕੇ ਅਮੇਰਿਕਾ ਤੋਂ ਮੁੰਬਈ ਪਰਤੀ ਹੈ। ਇਸ ਵਾਰ ਫਿਲਮਾਂ ਵਿਚ ਕੰਮ ਕਰਨ ਦਾ ਮੌਕਾ ਉਨ੍ਹਾਂ ਦੇ ਪਤੀ ਅਤੇ ਦੋ ਬੇਟਿਆਂ ਨੇ ਦਿੱਤਾ ਹੈ। ਹੁਣ ਵੱਡੇ ਪਰਦੇ 'ਤੇ ਫਿਲਮਾਂ ਤਿਆਰ ਕਰਨ ਦੀ ਪੂਰੀ ਰੂਪਰੇਖਾ ਤਿਆਰ ਕਰ ਲਈ ਹੈ।

ਫਿਲਮ ਅਭਿਨੇਤਰੀ ਮੀਨਾਕਸ਼ੀ ਸ਼ੇਸ਼ਾਦਰੀ ਪਿਛਲੇ ਦਿਨ ਦੇਰ ਸ਼ਾਮ ਅੰਤਰਰਾਸ਼ਟਰੀ ਗੀਤਾ ਮਹੋਤਸਵ ਵਿਚ ਪੱਤਰਕਾਰਾਂ ਨਾਲ ਗਲਬਾਤ ਕਰ ਰਹੀ ਸੀ। ਉਨ੍ਹਾਂ ਨੇ ਕਿਹਾ ਕਿ ਬਾਲੀਵੁੱਡ ਦੇ ਹਰ ਮੁਕਾਮ ਤੱਕ ਪਹੁੰਚਣ ਲਈ ਪਵਿੱਤ ਗ੍ਰੰਥ ਗੀਤਾ ਦੇ ਉਪਦੇਸ਼ ਉਨ੍ਹਾਂ ਦੇ ਸਾਰਥੀ ਬਣੇ, ਉਨ੍ਹਾਂ ਖੂਨ ਵਿਚ ਕਣ-ਕਣ ਵਿਚ ਪਵਿੱਤਰ ਗ੍ਰੰਥ ਗੀਤਾ ਵਾਸ ਕਰਦੀ ਹੈ। ਇਸ ਗੀਤਾ ਸਥਲੀ ਕੁਰੂਕਸ਼ੇਤਰ ਤੋਂ ਜਿਵੇਂ ਹੀ ਅੰਤਰਰਾਸ਼ਟਰੀ ਗੀਤਾ ਮਹੋਤਸਵ ਦਾ ਆਉਣ ਦਾ ਸੱਦਾ ਮਿਲਿਆ ਤਾਂ, ਉਨ੍ਹਾਂ ਦੇ ਮਨ ਵਿਚ ਪਵਿੱਤਰ ਧਰਤੀ ਦੇ ਦਰਸ਼ਨ ਕਰਨ ਦੀ ਲਾਲਸਾ ਪੈਦਾ ਹੋ ਗਈ। ਇਸ ਸੱਦੇ ਦੇ ਬਾਅਦ ਹੀ ਕੁਰੂਕਸ਼ੇਤਰ ਲਈ ਮਹਾਭਾਰਤ 'ਤੇ ਅਧਾਰਿਤ ਦਰੋਪਦੀ ਡਾਂਸ ਡਰਾਮਾ ਤਿਆਰ ਕੀਤਾ। ਇਸ ਡਾਂਸ ਡਰਾਮਾ ਰਾਹੀਂ ਆਪਣੇ ਮਨ ਦੀ ਭਾਵਨਾ ਨੂੰ ਮੰਚ 'ਤੇ ਪੇਸ਼ ਕਰਨ ਦਾ ਯਤਨ ਕੀਤਾ ਹੈ।

ਫਿਲਮ ਅਭਿਨੇਤਰੀ ਨੇ ਕਿਹਾ ਕਿ ਬਾਲੀਵੁੱਡ ਵਿਚ ਦਾਮਿਨੀ ਤੇ ਘਾਤਕ ਵਰਗੀ ਫਿਲਮਾਂ ਵਿਚ ਕੰਮ ਕਰਨ ਦੇ ਬਾਅਦ 1995 ਤੋਂ ਅਮੇਰਿਕਾ ਚੱਲੀ ਗਈ ਅਤੇ ਪੂਰਾ ਟਾਇਮ ਆਪਣੇ ਪਰਿਵਾਰ ਨੂੰ ਦਿੱਤਾ ਅਤੇ ਅਮੇਰਿਕਾ ਰਹਿ ਕੇ ਵੀ ਕ੍ਰਇਏਟੀਵਿਟੀ ਦਾ ਕੰਮ ਕੀਤਾ। ਇਸ ਦੌਰਾਨ ਕਦੀ ਕਦਾਈ ਹੀ ਬਾਲੀਵੁੱਡ ਦੀ ਯਾਦ ਆਈ, ਪੂਰਾ ਸਮੇਂ ਆਪਣੈ ਪਤੀ ਅਤੇ ਬੱਚਿਆਂ ਦੇ ਨਾਲ ਗੁਜਾਰਿਆ। ਹੁਣ ਪਰਿਵਾਰ ਦੇ ਕਹਿਣ 'ਤੇ 3 ਮਹੀਨੇ ਪਹਿਲਾਂ 30 ਸਾਲ ਦੇ ਲੰਬੇ ਅੰਤਰਾਲ ਦੇ ਬਾਅਦ ਮੁੰਬਈ ਆਈ ਹੈ। ਇਕ ਵਾਰ ਫਿਰ ਬਾਲੀਵੁੱਡ ਵਿਚ ਆਪਣੀ ਦੂਜੀ ਪਾਰੀ ਨੂੰ ਸ਼ੁਰੂ ਕਰਨ ਜਾ ਰਹੀ ਹਾਂ। ਇਸ ਨਵੀਂ ਪਾਰੀ ਲਈ ਕਈ ਤਰ੍ਹਾ ਦੇ ਸਕ੍ਰਿਪ ਉਨ੍ਹਾਂ ਦੇ ਸਾਹਮਣੇ ਆਈ ਹੈ। ਇੰਨ੍ਹਾਂ ਸਕ੍ਰਿਪ ਨੂੰ ਦੇਖਣ ਅਤੇ ਪੜਨ ਬਾਅਦ ਦਾਮਿਨੀ ਅਤੇ ਘਾਤਕ ਉਰਗੀ ਫਿਲਮਾਂ ਵਿਚ ਕੰਮ ਕਰਨਾ ਚਾਹੇਗੀ। ਇਕ ਸੁਆਲ ਦੇ ਜਵਾਬ ਦਿੰਦੇ ਹੋਏ ਕਿਹਾ ਕਿ ਹੁਣ ਓਟੀਟੀ ਪਲੇਟਫਾਰਮ ਪੁਰਾਣੇ ਅਤੇ ਨਵੇਂ ਕਲਾਕਾਰਾਂ ਨੂੰ ਬਿਹਤਰੀਨ ਮੰਚ ਉਪਲਬਧ ਕਰਵਾ ਰਿਹਾ ਹੈ। ਜਿਨ੍ਹਾਂ ਨਵੇਂ ਕਲਾਕਾਰਾਂ ਨੂੰ ਮੰਚ ਨਹੀਂ ਮਿਲਦਾ, ਉਨ੍ਹਾਂ ਦੇ ਲਈ ਓਟੀਟੀ ਇਕ ਵਰਦਾਨ ਸਾਬਿਤ ਹੋ ਰਿਹਾ ਹੈ।

ਉਨ੍ਹਾਂ ਨੇ ਇਕ ਸੁਆਲ ਦਾ ਜਵਾਬ ਦਿੰਦੇ ਹੋਏ ਕਿਹਾ ਕਿ ਹਰਿਆਣਾ ਦੀ ਧਰਤੀ ਨੇ ਬਾਲੀਵੁੱਡ ਨੂੰ ਫਿਲਮ ਜਗਤ ਦੀ ਕਈ ਨਾਮੀ ਹਸਤੀਆਂ ਦਿੱਤੀਆਂ ਹਨ। ਇੰਨ੍ਹਾਂ ਕਲਾਕਾਰਾਂ ਨੇ ਹਰਿਆਣਾ ਦਾ ਨਾਂਅ ਅੰਰਰਾਸ਼ਟਰੀ ਪੱਧਰ 'ਤੇ ਰੋਸ਼ਨ ਕੀਤਾ ਹੈ । ਇਸ ਤੋਂ ਸਪਸ਼ਟ ਨਜਰ ਆਉਂਦਾ ਹੈ ਕਿ ਹਰਿਆਣਾ ਦੀ ਮਿੱਟੀ ਵਿਚ ਕਲਾ ਅਤੇ ਕਲਾਕਾਰਾਂ ਦਾ ਅਪਾਰ ਭੰਡਾਰ ਹੈ। ਇਸ ਸਮੇਂ ਦੱਖਣ ਖੇਤਰ ਦੇ ਲੋਕ ਮੌਜੂਦਾ ਦੇ ਦੌਰੇ ਅਨੁਸਾਰ ਬਾਲੀਵੁੱਡ ਵਿਚ ਕੰਮ ਕਰ ਰਹੇ ਹਨ, ਜਿਸ ਦੇ ਕਾਰਨ ਅੱਜ ਸਾਊਥ ਸਿਨੇਮਾ ਸਿਖਰ 'ਤੇ ਪਹੁੰਚ ਗਿਆ ਹੈ।

ਇਕ ਹੋਰ ਸੁਆਲ ਦਾ ਜਵਾਬ ਦਿੰਦੇ ਹੋਏ ਅਭਿਨੇਤਰੀ ਨੇ ਕਿਹਾ ਕਿ ਹਰਿਆਣਾ ਦੇ ਨਾਲ-ਨਾਲ ਉੱਤਰ ਭਾਰਤ ਦੇ ਡੀਐਨਏ ਵਿਚ ਕੁੱਝ ਜਬਰਦਸਤ ਪ੍ਰਭਾਵ ਹੈ, ਇੱਥੇ ਦੀ ਨਾਰੀ ਸ਼ਕਤੀ ਸਮਾਰ ਦੇ ਬਦਲਾਅ ਵਿਚ ਆਪਣਾ ਅਹਿਮ ਯੋਗਦਾਨ ਅਦਾ ਕਰ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਉਮਰ ਕਦੀ ਵੀ ਕਲਾ ਅਤੇ ਕਲਾਕਾਰਾਂ ਦੀ ਤਰੱਕੀ ਵਿਚ ਰੁਕਾਵਟ ਨਹੀਂ ਹੁੰਦੀ। ਕਲਾਕਾਰ ਕਿਸੇ ਵੀ ਉਮਰ ਵਿਚ ਆਪਣਾ ਮੁਕਾਮ ਹਾਸਲ ਕਰ ਸਕਦਾ ਹੈ। ਇੰਨ੍ਹਾਂ ਹੀ ਨਈਂ ਸਾਲ 2025 ਵਿਚ ਓਟੀਟੀ ਨੈਟਵਰਕ 'ਤੇ ਵੀ ਉਹ ਨਜਰ ਆ ਸਕਦੀ ਹੈ। ਇਸ ਲਈ ਵਿਚਾਰ-ਵਟਾਂਦਰਾਂ ਕੀਤਾ ਜਾ ਚੁੱਕਾ ਹੈ।

*ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਦੇ ਕੱਟੇ ਚਲਾਨ*

ਸੁਨਾਮ ਉਧਮ ਸਿੰਘ ਵਾਲਾ (ਰਾਜੂ ਸਿੰਗਲਾ) ਟਰੈਫਿਕ ਪੁਲਿਸ ਸੁਨਾਮ ਵੱਲੋਂ ਟਰੈਫਿਕ ਪੁਲਿਸ ਦੇ ਇੰਚਾਰਜ ਏਐਸਆਈ ਨਿਰਭੈ ਸਿੰਘ ਵੱਲੋਂ ਜੁਗਾੜੂ ਰੇੜੀਆਂ ਦੇ ਚਲਾਨ ਕੱਟੇ ਗਏ। ਇਸ ਦੌਰਾਨ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਦੇ ਚਲਾਨ ਵੀ ਕੱਟੇ ਗਏ। ਏ.ਐਸ.ਆਈ ਨਿਰਭੈ ਸਿੰਘ ਨੇ ਦੱਸਿਆ ਕਿ ਇਸ ਨਾਕੇਬੰਦੀ ਦੌਰਾਨ ਅਧੂਰੇ ਕਾਗਜ਼ਾਤ, ਬਿਨਾਂ ਸੀਟ ਬੈਲਟ, ਬਿਨਾਂ ਨੰਬਰੀ ਵਾਹਨ ਆਦਿ ਦੇ ਚਲਾਨ ਕੱਟੇ ਗਏ। ਜਦੋਂਕਿ ਮਾਮੂਲੀ ਗਲਤੀ ਕਰਨ ਵਾਲਿਆਂ ਨੂੰ ਚਿਤਾਵਨੀ ਦੇ ਕੇ ਛੱਡਿਆ ਗਿਆ ਹੈ। ਉਨ੍ਹਾਂ ਕਿਹਾ ਕਿ ਟ੍ਰੈਫਿਕ ਨਿਯਮਾਂ ਦੀ ਉਲੰਘਣਾ ਕਰਨ 'ਤੇ ਕਿਸੇ ਵੀ ਵਿਅਕਤੀ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਇਸ ਮੌਕੇ ਤੇ 20 ਚਲਾਨ ਕੱਟੇ ਗਏ ।

# ਡੀ.ਸੀ ਵੱਲੋਂ ਗੁਰੂ ਨਾਨਕ ਸਟੇਡੀਅਮ ਵਿੱਚ ਖਿਡਾਰੀਆਂ ਲਈ ਜਿਮ ਦੀ ਕਾਇਆਕਲਪ ਕਰਨ ਦਾ ਐਲਾਨ



**ਲੁਧਿਆਣਾ, 16 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਸ੍ਰੀ ਜਤਿੰਦਰ ਜੋਰਵਾਲ ਨੇ ਵੀਰਵਾਰ ਨੂੰ ਗੁਰੂ ਨਾਨਕ ਸਟੇਡੀਅਮ ਵਿਖੇ ਖਿਡਾਰੀਆਂ ਲਈ ਜਿੰਮ ਦੀ ਕਾਇਆਕਲਪ ਕਰਨ ਦੀ ਯੋਜਨਾ ਦਾ ਐਲਾਨ ਕੀਤਾ। ਜਿਸ ਦਾ ਉਦੇਸ਼ ਖਿਡਾਰੀਆਂ ਦੇ ਫਿਟਨੈਸ ਪੱਧਰ ਨੂੰ ਵਧਾਉਣ ਲਈ ਅਤਿ-ਆਧੁਨਿਕ ਮਸ਼ੀਨਾਂ ਅਤੇ ਉਪਕਰਣ ਸਥਾਪਤ ਕਰਨਾ ਹੈ।

ਜਿੰਮ ਦੇ ਦੌਰੇ ਦੌਰਾਨ ਸ੍ਰੀ ਜਤਿੰਦਰ ਜੋਰਵਾਲ ਇੱਕ ਫਿਟਨੈਸ ਉਤਸ਼ਾਹੀ ਨੇ ਖਿਡਾਰੀਆਂ ਦੀ ਸਿਖਲਾਈ ਲਈ ਵਰਤਮਾਨ ਵਿੱਚ ਵਰਤੇ ਜਾ ਰਹੇ ਪੁਰਾਣੇ ਉਪਕਰਣਾਂ 'ਤੇ ਹੈਰਾਨੀ ਪ੍ਰਗਟ ਕੀਤੀ।

ਮੁੱਖ ਮੰਤਰੀ ਦੇ ਫੀਲਡ ਅਫਸਰ ਮੈਡਮ ਕ੍ਰਿਤਿਕਾ ਗੋਇਲ ਦੇ ਨਾਲ ਡਿਪਟੀ ਕਮਿਸ਼ਨਰ ਨੇ ਖੇਡ ਸੱਭਿਆਚਾਰ ਨੂੰ ਪ੍ਰਫੁੱਲਤ ਕਰਨ ਲਈ ਬਿਹਤਰ ਸਹੂਲਤਾਂ ਪ੍ਰਦਾਨ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਹਨਾਂ ਨੇ ਕਿਹਾ ਕਿ ਬਿਹਤਰ ਸਹੂਲਤਾਂ ਨੌਜਵਾਨ ਪੀੜ੍ਹੀਆਂ ਨੂੰ ਖੇਡਾਂ ਨੂੰ ਕੈਰੀਅਰ ਵਜੋਂ ਅਪਣਾਉਣ ਲਈ ਪ੍ਰੇਰਿਤ ਕਰਨਗੀਆਂ। ਸ੍ਰੀ ਜਤਿੰਦਰ ਜੋਰਵਾਲ ਨੇ ਭਰੋਸਾ ਦਿਵਾਇਆ ਕਿ ਜ਼ਿਲ੍ਹਾ ਪ੍ਰਸ਼ਾਸਨ ਖਿਡਾਰੀਆਂ ਦੀ ਭਲਾਈ ਲਈ ਪੂਰਾ ਸਹਿਯੋਗ ਕਰੇਗਾ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਦੇਸ਼ ਦਾ ਨਾਮ ਰੌਸ਼ਨ ਕਰਨ ਦੀ ਸਮਰੱਥਾ ਵਾਲੇ ਐਥਲੀਟਾਂ ਨੂੰ ਕਿਸੇ ਵੀ ਤਰ੍ਹਾਂ ਦੀਆਂ ਸਹੂਲਤਾਂ ਦੀ ਘਾਟ ਨਹੀਂ ਹੋਣੀ ਚਾਹੀਦੀ। ਉਨ੍ਹਾਂ ਅਧਿਕਾਰੀਆਂ ਨੂੰ ਕੁਝ ਦਿਨਾਂ ਦੇ ਅੰਦਰ ਨਵੀਨੀਕਰਨ ਅਤੇ ਨਵੀਨਤਮ ਉਪਕਰਣਾਂ ਦੀ ਪ੍ਰਾਪਤੀ ਲਈ ਤਜਵੀਜ਼ ਪੇਸ਼ ਕਰਨ ਦੇ ਨਿਰਦੇਸ਼ ਵੀ ਦਿੱਤੇ।

ਜ਼ਿਲ੍ਹਾ ਖੇਡ ਅਫ਼ਸਰ ਸ੍ਰੀ ਕੁਲਦੀਪ ਚੁੱਘ ਨੇ ਕਿਹਾ ਕਿ ਜਿੰਮ ਦਾ ਪਿਛਲੇ ਕਈ ਸਾਲਾਂ ਤੋਂ ਮੁਰੰਮਤ ਨਹੀਂ ਹੋਇਆ ਅਤੇ ਆਧੁਨਿਕ ਸਾਜ਼ੋ-ਸਾਮਾਨ ਨਾਲ ਅੱਪਗ੍ਰੇਡ ਕੀਤੀ ਗਈ ਸਹੂਲਤ ਨਾਲ ਬਾਸਕਟਬਾਲ, ਜੂਡੋ, ਅਥਲੈਟਿਕਸ, ਫੁੱਟਬਾਲ, ਹਾਕੀ, ਕੁਸ਼ਤੀ ਆਦਿ ਸਮੇਤ ਵੱਖ-ਵੱਖ ਖੇਡਾਂ ਵਿੱਚ ਖਿਡਾਰੀਆਂ ਨੂੰ ਫਾਇਦਾ ਹੋਵੇਗਾ।

# ਖਿਡਾਰੀਆਂ ਦੇ ਪ੍ਰੋਤਸਾਹਨ ਅਤੇ ਭਲਾਈ ਲਈ ਹਰ ਖਿਡਾਰੀ ਨੂੰ 20 ਲੱਖ ਰੁਪਏ ਦਾ ਮੈਡੀਕਲ ਬੀਮਾ ਕਵਰ ਦੇਣਗੇ : ਮੁੱਖ ਮੰਤਰੀ

**ਚੰਡੀਗੜ੍ਹ, 16 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸੂਬੇ ਦੇ ਖਿਡਾਰੀਆਂ ਦੀ ਬਦੌਲਤ ਹਰਿਆਣਾ ਦਾ ਨਾਂਅ ਵਿਸ਼ਵ ਦੇ ਖੇਡ ਨਕਸ਼ੇ 'ਤੇ ਚਮਕ ਰਿਹਾ ਹੈ।

ਸੂਬੇ ਵਿਚ ਲਗਾਤਾਰ ਵੱਧ ਰਹੀ ਖੇਡ ਸਭਿਆਚਾਰ ਨੂੰ ਦੇਖਦੇ ਹੋਏ ਸਰਕਾਰ ਨੇ ਖਿਡਾਰੀਆਂ ਦੇ ਪ੍ਰੋਤਸਾਹਨ ਅਤੇ ਭਲਾਈ ਲਈ ਆਪਣੇ ਸੰਕਲਪ ਪੱਤਰ, 2024 ਵਿਚ ਹਰ ਖਿਡਾਰੀ ਨੂੰ 20 ਲੱਖ ਰੁਪਏ ਦੀ ਮੈਡੀਕਲ ਬੀਮਾ ਕਵਰ ਦੇਣ ਦਾ ਸੰਕਲਪ ਲਿਆ ਹੈ। ਇਸੀ ਤਰ੍ਹਾ, ਸੂਬਾ ਪੱਧਰ 'ਤੇ ਪ੍ਰਤੀ ਸਾਲ ਤਿੰਨ ਵਧੀਆ ਅਖਾਡਿਆਂ ਨੂੰ 50 ਲੱਖ ਰੁਪਏ, 30 ਲੱਖ ਰੁਪਏ ਤੇ 20 ਲੱਖ ਰੁਪਏ ਦੀ ਪ੍ਰੋਤਸਾਹਨ ਰਕਮ ਦਿੱਤੀ ਜਾਵੇਗੀ। ਇਸ ਤੋਂ ਇਲਾਵਾ, ਜਿਲ੍ਹਾ ਪੱਧਰ 'ਤੇ ਵੀ ਤਿੰਨ ਵਧੀਆ ਅਖਾੜਿਆਂ ਨੂੰ 15 ਲੱਖ, 10 ਲੱਖ ਅਤੇ 5 ਲੱਖ ਰੁਪਏ ਦੀ ਰਕਮ ਦਿੱਤੀ ਜਾਵੇਗੀ।

ਮੁੱਖ ਮੰਤਰੀ ਅੱਜ ਕੁਰੂਕਸ਼ੇਤਰ ਵਿਚ ਹਰਿਆਣਾ ਕੁਸ਼ਤੀ ਦੰਗਲ ਦੇ ਸਮਾਪਨ ਮੌਕੇ 'ਤੇ ਬੋਲ ਰਹੇ ਸਨ। ਇਸ ਮੌਕੇ 'ਤੇ ਸਾਬਕਾ ਮੰਤਰੀ ਸ੍ਰੀ ਸੁਭਾਸ਼ ਸੁਧਾ ਵੀ ਮੌਜੂਦ ਰਹੇ। ਇਸ ਤੋਂ ਪਹਿਲਾਂ ਮੁੱਖ ਮੰਤਰੀ ਨੇ ਜੇਤੂ ਪਹਿਲਵਾਨਾਂ ਨੂੰ ਸਨਮਾਨਿਤ ਕੀਤਾ ਅਤੇ ਉਨ੍ਹਾਂ ਨੂੰ ਵਧਾਈ ਅਤੇ ਸ਼ੁਭਕਾਮਨਾਵਾਂ ਦਿੱਤੀਆਂ। ਉਨ੍ਹਾਂ ਨੇ ਕਿਹਾ ਕਿ ਪਿਛਲੇ ਦੋ ਦਿਨਾਂ ਤੋਂ ਇਸ ਦੰਗਲ ਵਿਚ ਜਿਲ੍ਹਾ ਅਤੇ ਖੇਤਰੀ ਪੱਧਰ 'ਤੇ 500 ਤੋਂ ਵੱਧ ਪਹਿਲਵਾਨਾਂ ਨੇ ਹਿੱਸਾ ਲਿਆ। ਇਹ ਮਾਣ ਦੀ ਗੱਲ ਹੈ ਕਿ ਅੱਜ ਕੁਸ਼ਤੀ ਦੇ ਵੱਖ-ਵੱਖ ਸ਼੍ਰੇਣੀਆਂ ਦੇ ਫਾਈਨਲ ਰਾਊਂਡ ਵਿਚ ਪਹੁੰਚੇ 32 ਪਹਿਲਵਾਨਾਂ ਵਿੱਚੋਂ 16 ਕੁੜੀਆਂ ਹਨ।

ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਹਰਿਆਣਾ ਖੇਡਾਂ ਦੀ ਧਰਤੀ ਹੈ। ਆਬਾਦੀ ਤੇ ਖੇਤਰਫਲ ਦੀ ਦ੍ਰਿਸ਼ਟੀ ਨਾਲ ਹਰਿਆਣਾ ਬੇਸ਼ੱਕ ਛੋਟਾ ਸੂਬਾ ਹੈ, ਪਰ ਖੇਡ ਦੇ ਖੇਤਰ ਵਿਚ ਸੂਬੇ ਦੀ ਉਪਲਬਧੀਆਂ ਬੇਮਿਸਾਨ ਹਨ। ਹਰਿਆਣਾ ਨੇ ਖੇਡ ਦੇ ਖੇਤਰ ਵਿਚ ਵਧੀਆ ਪ੍ਰਦਰਸ਼ਨ ਕੀਤਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸਾਲ 2014 ਦੇ ਬਾਅਦ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਕੌਮੀ ਪੱਧਰ 'ਤੇ ਖੇਡ ਖੇਤਰ ਵਿਚ ਅਨੇਕ ਬਦਲਾਅ ਹੋਏ ਹਨ।

ਸਪੋਰਟਸ ਇੰਫ੍ਰਾਸਟਕਚਰ , ਚੋਣ ਪ੍ਰਕ੍ਰਿਆ,ਖਿਡਾਰੀਆਂ ਨੂੰ ਆਰਥਕ ਮਦਦ ਦੇਣ ਵਾਲੀ ਯੋਜਨਾਵਾਂ ਅਤੇ ਉਨ੍ਹਾਂ ਨੂੰ ਟ੍ਰੇਨਿੰਗ ਦੇਣ ਵਾਲੀ ਯੋਜਨਾਵਾਂ ਨੂੰ ਪ੍ਰਭਾਵੀ ਬਣਾਇਆ ਗਿਆ ਹੈ। ਇਸੀ ਤੋਂ ਪ੍ਰੇਰਣਾ ਲੈਂਦੇ ਹੋਏ ਹਰਿਆਣਾ ਦੀ ਡਬਲ ਇੰਜਨ ਸਰਕਾਰ ਨੇ ਵੀ ਨਵੀਂ ਖੇਡ ਨੀਤੀ ਲਾਗੂ ਕੀਤੀ ਅਤੇ ਜਮੀਨੀ ਪੱਧਰ ਤੋਂ ਹੀ ਟੈਲੇਂਟ ਦੀ ਖੋਜ ਤੋਂ ਲੈ ਕੇ ਉਨ੍ਹਾਂ ਨੂੰ ਸਿਖਲਾਈ ਪ੍ਰਦਾਨ ਕਰ ਓਲੰਪਿਕ ਤੱਕ ਪਹੁੰਚਾਉਣ ਦਾ ਇਕ ਰੋਡਮੈਪ ਬਣਾਇਆ ਗਿਆ। ਇਸੀ ਦਾ ਨਤੀਜਾ ਹੈ ਕਿ ਅੱਜ ਸੂਬੇ ਵਿਚ ਬਹੁਤ ਆਧੁਨਿਕ ਖੇਡ ਇੰਫ੍ਰਾਸਟਕਚਰ ਵਿਕਸਿਤ ਹੋਇਆ ਹੈ। ਇਸ ਨਵੀਂ ਖੇਡ ਸਭਿਆਚਾ ਨਾਲ ਖਿਡਾਰੀਆਂ ਨੂੰ ਬਹੁਤ ਪ੍ਰੋਤਸਾਹਨ ਮਿਲਿਆ ਹੈ। ਓਲੰਪਿਕ ਤੋਂ ਇਲਾਵਾ, ਏਸ਼ਿਆਈ ਖੇਡਾਂ, ਕਾਮਨਵੈਲਥ ਖੇਡਾਂ ਅਤੇ ਹੋਰ ਕੌਮਾਂਤਰੀ ਖੇਡ ਮੁਕਾਬਲਿਆਂ ਵਿਚ ਵੀ ਸਾਡੇ ਨੌਜੁਆਨਾਂ ਨੇ ਆਪਣੀ ਧਾਕ ਜਮਾਈ ਹੋਈ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸਰਕਾਰ ਨੇ ਵਧੀਆ ਖਿਡਾਰੀਆਂ ਲਈ ਸੁਰੱਖਿਅਤ ਰੁਜਗਾਰ ਯਕੀਨੀ ਕਰਨ ਤਹਿਤ ਹਰਿਆਣਾ ਉਤਕ੍ਰਿਸ਼ਟ ਖਿਡਾਰੀ ਸੇਵਾ ਨਿਯਮ 2021 ਬਣਾਏ ਹਨ। ਇਸ ਦੇ ਤਹਿਤ ਖੇਡ ਵਿਭਾਗ ਵਿਚ 550 ਨਵੇਂਅਹੁਦੇ ਬਣਾਏ ਗਏ। ਇਸ ਤੋਂ ਇਲਾਵਾ, 224 ਖਿਡਾਰੀਆਂ ਨੂੰ ਸਰਕਾਰੀ ਨੌਕਰੀ ਦਿੱਤੀ ਹੈ।

ਖਿਡਾਰੀਆਂ ਦੇ ਲਈ ਗਰੁੱਪ ਏ ਤੋਂ ਗਰੁੱਪ ਡੀ ਤੱਕ ਦੇ ਅਹੁਦਿਆਂ ਦੀ ਸਿੱਧੀ ਭਰਤੀ ਵਿਚ ਰਾਖਵੇਂ ਦਾ ਪ੍ਰਾਵਧਾਨ ਕੀਤਾ ਗਿਆ ਹੈ।

ਉਨ੍ਹਾਂ ਨੇ ਕਿਹਾ ਕਿ ਹਰਿਆਣਾ ਦੇਸ਼ ਦਾ ਪਹਿਲਾ ਸੂਬਾ ਹੈ , ਜੋ ਮੈਡਲ ਜੇਤੂ ਖਿਡਾਰੀਆਂ ਨੂੰ ਸੱਭ ਤੋਂ ਵੱਧ ਨਗਦ ਪੁਰਸਕਾਰ ਦਿੰਦਾ ਹੈ। ਹੁਣ ਤੱਕ ਖਿਡਾਰੀਆਂ ਨੂੰ 593 ਕਰੋੜ ਰੁਪਏ ਦੇ ਨਗਦ ਪੁਰਸਕਾਰ ਦਿੱਤੇ ਹਨ। ਇਸ ਤੋਂ ਇਲਾਵਾ, ਵਧੀਆ ਪ੍ਰਦਰਸ਼ਣ ਕਰਨ ਵਾਲੇ 298 ਖਿਡਾਰੀਆਂ ਨੂੰ ਮਾਣਭੱਤਾ ਵੀ ਦਿੱਤਾਜਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਰਾਜ, ਕੌਮੀ ਅਤੇ ਕੌਮਾਂਤਰੀ ਖੇਡ ਮੁਕਾਬਲਿਆਂ ਵਿਚ ਹਿੱਸਾ ਲੈਣ ਵਾਲੇ ਅਤੇ ਮੈਡਲ ਜਿੱਤਣਵਾਲੇ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਪ੍ਰਦਾਨ ਕੀਤੀ ਜਾ ਰਹੀ ਹੈ। ਸਾਲ 2014 ਤੋਂ ਹੁਣ ਤਕ 29 ਹਜਾਰ ਤੋਂ ਵੱਧ ਵਿਦਿਆਰਥੀਆਂ ਨੂੰ 53 ਕਰੋੜ 45 ਲੱਖ ਰੁਪਏ ਦੀ ਸਕਾਲਰਸ਼ਿਪ ਪ੍ਰਦਾਨ ਕੀਤੀ ਗਈ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਰਾਜ ਵਿਚ ਮਜਬੂਤ ਖੇਡ ਇੰਫ੍ਰਾਸਟਕਚਰ ਤਿਆਰ ਕੀਤਾ ਗਿਆ ਹੈ ਤਾਂ ਜੋ ਖਿਡਾਰੀਆਂ ਨੂੰ ਸਾਰੀ ਆਧੁਨਿਕ ਸਹੂਲਤਾਂ ਪ੍ਰਾਪਤ ਹੋ ਸਕਣ।

ਸੂਬਾ ਸਰਕਾਰ ਨੇ ਖੇਡ ਨਰਸਰੀਆਂ ਖੋਲੀਆਂ ਹਨ ਅਤੇ ਖਿਡਾਰੀਆਂ ਨੂੰ ਮਾਲੀ ਸਹਾਇਤਾ ਦੇ ਨਾਲ-ਨਾਲ ਆਧੁਨਿਕ ਸਿਖਲਾਈ ਦੀ ਵਿਵਸਥਾ ਕੀਤੀ ਹੈ। ਇਸ ਸਮੇਂ ਸੂਬੇ ਵਿਚ 1489 ਖੇਡ ਨਰਸਰੀਆਂ ਕੰਮ ਕਰ ਰਹੀਆਂ ਹਨ। ਇੰਨ੍ਹਾਂ ਵਿਚ 37 ਹਜਾਰ 225 ਖਿਡਾਰੀ ਸਿਖਲਾਈ ਲੈ ਰਹੇ ਹਨ। ਇੰਨ੍ਹਾਂ ਨਰਸਰੀਆਂ ਵਿਚ ਨਾਮਜਦ 8 ਤੋਂ 14 ਸਾਲ ਦੀ ਉਮਰ ਦੇ ਖਿਡਾਰੀਆਂ ਨੂੰ 1500 ਰੁਪਏ ਤਐ 15 ਤੋਂ 19 ਸਾਲ ਦੀ ਉਮਰ ਦੇ ਖਿਡਾਰੀਆਂ ਨੂੰ 2000 ਰੁਪਏ ਪ੍ਰਤੀ ਮਹੀਨਾ ਦਿੱਤੇ ਜਾਂਦੇ ਹਨ।

# ਫਤਿਹਗੜ੍ਹ ਚੂੜੀਆਂ ਦੇ ਸਰਬਪੱਖੀ ਵਿਕਾਸ ਵਿੱਚ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਜਾਵੇਗੀ : ਪੰਨੂੰ



**ਫ਼ਤਿਹਗੜ੍ਹ ਸਾਹਿਬ, 16 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਬਲਬੀਰ ਸਿੰਘ ਪੰਨੂ , ਚੇਅਰਮੈਨ ਪਨਸਪ ਪੰਜਾਬ ਵੱਲੋਂ ਸ਼ਹਿਰ ਫਤਿਹਗੜ੍ਹ ਚੂੜੀਆਂ ਦੇ ਪਾਰਟੀ ਦਫਤਰ ਵਿੱਚ ਲੋਕ ਮਿਲਣੀ ਕੀਤੀ ਗਈ। ਇਸ ਮੌਕੇ ਉਨਾਂ ਨੇ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ ਅਤੇ ਮੌਕੇ ਤੇ ਹੀ ਮੁਸ਼ਕਿਲਾਂ ਨੂੰ ਹੱਲ ਕੀਤਾ। ਚੇਅਰਮੈਨ ਪਨੂੰ ਨੇ ਲੋਕਾਂ ਨੂੰ ਪੂਰਾ ਵਿਸ਼ਵਾਸ ਦਿਵਾਇਆ ਕਿ ਆਉਣ ਵਾਲੇ ਟਾਈਮ ਵਿੱਚ ਕਿਸੇ ਤਰ੍ਹਾਂ ਦਾ ਵੀ ਕੰਮ ਤੁਹਾਡਾ ਰੁਕੇਗਾ ਨਹੀਂ ਅਤੇ ਬਿਨਾਂ ਭੇਦਭਾਵ ਦੇ ਹਰ ਇੱਕ ਦਾ ਕੰਮ ਕੀਤਾ ਜਾਵੇਗਾ ਤਾਂ ਜੋ ਹਲਕਾ ਫਤਿਹਗੜ੍ਹ ਚੂੜੀਆਂ ਦੇ ਪਿੰਡਾਂ ਦਾ ਅਤੇ ਸ਼ਹਿਰ ਦਾ ਸਰਬਪੱਖੀ ਵਿਕਾਸ ਕੀਤਾ ਜਾ ਸਕੇ। ਚੇਅਰਮੈਨ ਪਨੂੰ ਨੇ ਕਿਹਾ ਕਿ ਹਲਕਾ ਫਤਿਹਗੜ੍ਹ ਚੂੜੀਆਂ ਦੇ ਲੋਕਾਂ ਨੂੰ ਹਰ ਤਰ੍ਹਾਂ ਦੀ ਸਰਕਾਰ ਵੱਲੋਂ ਬਣਦੀ ਸੁੱਖ ਸਹੂਲਤ ਮੁਹੱਈਆ ਕਰਵਾਉਣ ਵਿੱਚ ਕੋਈ ਕਸਰ ਬਾਕੀ ਨਹੀ ਰਹਿਣ ਦਿੱਤੀ ਜਾਵੇਗੀ।

ਇਸ ਮੌਕੇ ਪ੍ਰਧਾਨ ਤੇਜਵਿੰਦਰ ਸਿੰਘ, ਯੂਥ ਪ੍ਰਧਾਨ ਮਾਧਵ ਬੇਦੀ, ਬਲਾਕ ਪ੍ਰਧਾਨ ਸ਼ਮਸ਼ੇਰ ਸਿੰਘ, ਬਲਾਕ ਪ੍ਰਧਾਨ ਹਰਦੀਪ ਸਿੰਘ, ਨਵੀਸ਼ ਨੰਦਾ ,ਡਾਕਟਰ ਮੰਗਲ ਸਿੰਘ, ਸਰਪੰਚ ਸੁਖਦੇਵ ਸਿੰਘ ਝੰਜੀਆਂ, ਸਰਪੰਚ ਅਵਤਾਰ ਸਿੰਘ ਕਾਲਾ ਅਫਗਾਨਾ, ਸਰਪੰਚ ਹਰਦੀਪ ਸਿੰਘ ਦਮੋਦਰ ,ਸਰਪੰਚ ਮੇਜਰ ਸਿੰਘ ਕਾਸਤੀਵਾਲ, ਸਰਪੰਚ ਸੁਖਦੇਵ ਸਿੰਘ ਖੋਖਰ, ਸਰਪੰਚ ਪ੍ਰੇਮ ਸਿੰਘ, ਲੱਡੂ ਸਰਪੰਚ ਹਰਭੇਜ ਸਿੰਘ ਸਰਪੰਚ ਰਾਜਬੀਰ ਸਿੰਘ ਬੱਦੋਵਾਲ, ਸਰਪੰਚ ਸਚਿਨਦੀਪ ਸਿੰਘ ,ਸਰਪੰਚ ਪਰਗਟ ਸਿੰਘ, ਸਰਪੰਚ ਕਰਨ ਬਾਠ ,ਸਰਪੰਚ ਗੁਰਮੇਜ ਸਿੰਘ ਖਹਿਰਾ ਕਲਾਂ, ਸਰਪੰਚ ਸੁਰਜਨ ਸਿੰਘ ਚੰਦੂ ਮੰਝ, ਅਮਨਦੀਪ ਸਿੰਘ ਗੋਪੀ, ਸਰਪੰਚ ਰਾਜ ਦਵਿੰਦਰ ਸਿੰਘ ਮੰਜਿਆਂਵਾਲੀ, ਸਰਪੰਚ ਅਵਤਾਰ ਸਿੰਘ , ਸਰਪੰਚ ਪ੍ਰੇਮ ਸਿੰਘ ਲੱਡੂ, ਸਰਪੰਚ ਜਗਜੀਤ ਸਿੰਘ ਕਾਣੇ ਗਿੱਲ, ਜਤਿੰਦਰ ਸਿੰਘ ਭੁੱਲਰ, ਜਗਨੂਰ ਸਿੰਘ, ਰਣਜੀਤ ਸਿੰਘ ਰਾਣਾ ,ਹਰਪ੍ਰੀਤ ਸਿੰਘ, ਨਵਦੀਪ ਸਿੰਘ ਬੇਦੀ ਜਤਿੰਦਰ ਸਿੰਘ ਅਵਾਨ ਗੁਰਵਿੰਦਰ ਸਿੰਘ ਕੋਟਲੀ ਢਾਡੀਆਂ ਬਰਨਾਟ ਮਸੀਹੀ, ਸ਼ਮਸ਼ੇਰ ਸਿੰਘ , ਅਨੂਪ ਬਿੰਦਰਾ ,ਸਰਪੰਚ ਕੁਲਬੀਰ ਸਿੰਘ, ਗੁਰਦੇਵ ਔਜਲਾ ਮਲਜਿੰਦਰ ਸਿੰਘ ਪੁਰੀਆ, ਹਰਪ੍ਰੀਤ ਸਿੰਘ, ਜਗਜੀਤ ਸਿੰਘ ਜੱਗਾ, ਗੁਰ ਪ੍ਰਤਾਪ ਸਿੰਘ ਆਦਿ ਹਾਜ਼ਰ ਸਨ।

# ਬਟਾਲਾ ਪੁਲਿਸ ਦੇ ਸ਼ਕਤੀ ਹੈਲਪਡੈਸਕ ਵੱਲੋਂ ਗਰੀਨਡੇਲਸ ਪਬਲਿਕ ਸਕੂਲ ਚੀਮਾ ਖੁੱਡੀ ਵਿਖੇ ਜਾਗਰੂਕਤਾ ਸੈਮੀਨਾਰ



**ਬਟਾਲਾ, 16 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਐਸ.ਐਸ.ਪੀ ਬਟਾਲਾ, ਸ੍ਰੀ ਸੁਹੇਲ ਕਾਸਿਮ ਮੀਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਬਟਾਲਾ ਪੁਲਿਸ ਦੇ ਸ਼ਕਤੀ ਹੈਲਪਡੈਸਕ ਵੱਲੋਂ ਗਰੀਨਡੇਲਸ ਪਬਲਿਕ ਸਕੂਲ ਚੀਮਾ ਖੁੱਡੀ ਵਿਖੇ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਨੂੰ ਗੁੱਡ ਟੱਚ, ਬੈਡ ਟਚ, ਚਾਈਲਡ ਐਬਿਊਜ਼ ਅਤੇ ਹੈਲਪਲਾਈਨ ਨੰਬਰ 112 ਅਤੇ 1098 ਬਾਰੇ ਜਾਗਰੂਕ ਕੀਤਾ ਗਿਆ।

ਇਸ ਮੌਕੇ ਸ੍ਰੀਮਤੀ ਜਸਵੰਤ ਕੌਰ, (ਐਸ.ਪੀ.ਐੱਚ) ਬਟਾਲਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਬੱਚਿਆਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਲਈ ਸੈਮੀਨਾਰ ਲਗਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਨਸ਼ਾ ਇਕ ਮਾਨਸਿਕ ਰੋਗ ਹੈ ਜੋ ਇਨਸਾਨ ਨੂੰ ਸਰੀਰਕ, ਮਾਨਸਿਕ ਤੇ ਆਰਥਿਕ ਤੌਰ ਤੇ ਕਮਜ਼ੋਰ ਕਰ ਦਿੰਦਾ ਹੈ, ਇਸ ਲਈ ਸਾਨੂੰ ਕਿਸੇ ਵੀ ਕਿਸਮ ਦਾ ਨਸ਼ਾ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

ਉਨਾਂ ਦੱਸਿਆ ਕਿ ਜੇਕਰ ਕੋਈ ਵਿਅਕਤੀ ਕਿਸੇ ਕਾਰਨ ਨਸ਼ਿਆਂ ਦੀ ਦਲਦਲ ਵਿੱਚ ਫਸਦਾ ਹੈ ਤਾਂ ਇਸਦਾ ਇਲਾਜ ਵੀ ਸੰਭਵ ਹੈ ਤੇ ਉਸਦਾ ਇਹ ਇਲਾਜ ਸਰਕਾਰ ਵੱਲੋਂ ਨਸ਼ਾ ਛਡਾਊ ਕੇਂਦਰਾਂ, ਓਟ ਕਲੀਨਿਕਾਂ ਅਤੇ ਮੁੜ ਵਸੇਬਾ ਕੇਂਦਰਾਂ ਵਿੱਚ ਬਿਲਕੁਲ ਮੁਫਤ ਕੀਤਾ ਜਾ ਰਿਹਾ ਹੈ।

ਉਨਾਂ ਦੱਸਿਆ ਕਿ ਬਟਾਲਾ ਪੁਲਿਸ ਵਲੋਂ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਗਰੂਕ ਕਰਨ ਦੇ ਨਾਲ ਖੇਡਾਂ ਵੱਲ ਉਤਸ਼ਾਹਿਤ ਕੀਤਾ ਜਾ ਰਿਹਾ ਹੈ ਅਤੇ ਨੌਜਵਾਨਾਂ ਵਲੋਂ ਪੂਰੇ ਉਤਸ਼ਾਹ ਨਾਲ ਖੇਡਾਂ ਵਿੱਚ ਸਮੂਲੀਅਤ ਕੀਤੀ ਜਾ ਰਹੀ ਹੈ।

# ਅਨਿਲ ਵਿਜ ਨੇ ਵਨ ਨੇਸ਼ਨ-ਵਨ ਇਲੈਕਸ਼ਨ ਦੇ ਫੈਸਲੇ ਦਾ ਕੀਤਾ ਸਵਾਗਤ

**ਚੰਡੀਗੜ੍ਹ, 16 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਟ੍ਰਾਂਸਪੋਰਟ ਮੰਤਰੀ ਸ੍ਰੀ ਅਨਿਲ ਵਿਜ ਨੇ ਵਨ ਨੇਸ਼ਨ-ਵਨ ਇਲੈਕਸ਼ਨ 'ਤੇ ਅੱਜ ਚੰਡੀਗੜ੍ਹ ਸਥਿਤ ਆਪਣੇ ਦਫਤਰ ਵਿਚ ਪੱਤਰਕਾਰਾਂ ਨਾਲ ਗਲਬਾਤ ਕਰਦੇ ਹੋਏ ਇਸ ਨੂੰ ਸਵਾਗਤਯੋਗ ਫੈਸਲਾ ਦਸਿਆ। ਉਨ੍ਹਾਂ ਨੇ ਕਿਹਾ ਕਿ ਇਹ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੀ ਰਾਸ਼ਟਰਵਿਆਪੀ ਸੋਚ ਦਾ ਨਤੀਜਾ ਹੈ।

ਇਹ ਫੈਸਲਾ ਆਜਾਦੀ ਦੇ ਤੁਰੰਤ ਬਾਅਦ ਲਿਆ ਜਾਣਾ ਚਾਹੀਦਾ ਸੀ, ਪਹਿਲਾਂ ਦੀ ਸਰਕਾਰਾਂ ਨੇ ਇਸ ਨੂੰ ਨਜਰਅੰਦਾਜ ਕੀਤਾ ਸੀ, ਜਦੋਂ ਕਿ ਮੋਦੀ ਜੀ ਨੇ ਹੁਣ ਇਸ ਨੂੰ ਦੇਸ਼ ਹਿੱਤ ਵਿਚ ਲਾਗੂ ਕਰਨ ਦੀ ਦਿਸ਼ਾ ਵਿਚ ਕਦਮ ਚੁਕਿਆ ਹੈ।

ਸ੍ਰੀ ਵਿਜ ਨੇ ਦਸਿਆ ਕਿ ਮੌਜੂਦਾ ਵਿਚ ਹਰ ਸਾਲ ਚੋਣ ਹੁੰਦੇ ਰਹਿੰਦੇ ਹਨ ਹਾਲ ਹੀ ਵਿਚ ਲੋਕਸਭਾ ਅਤੇ ਹਰਿਆਣਾ ਤੇ ਮਹਾਰਾਸ਼ਟਰ ਦੇ ਵਿਧਾਨਸਭਾ ਚੋਣ ਹੋਏ ਅਤੇ ਹੁਣ ਦਿੱਲੀ ਵਿਚ ਚੋਣ ਹੋਣੇ ਹਨ। ਚੋਣਾਂ ਵਿਚ ਚੋਣ ਜਾਬਤਾ ਲਗਾਉਣ ਦੇ ਕਾਰਨ ਵਿਕਾਸ ਕੰਮਾਂ ਵਿਚ ਰੁਕਾਵਟ ਆਉਂਦੀ ਹੈ, ਇਸ ਫੈਸਲੇ ਨਾਲ ਵਿਕਾਸ ਦੇ ਕੰਮ ਲਗਾਤਾਰ ਚੱਲਦੇ ਰਹਿਣਗੇ।

ਉਨ੍ਹਾਂ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਦਾ ਉਦੇਸ਼ ਭਾਰਤ ਨੂੰ ਵਿਕਸਿਤ ਰਾਸ਼ਟਰ ਬਨਾਉਣਾ ਹੈ। ਹਰ ਭਾਰਤੀ ਨਾਗਰਿਕ ਨੂੰ ਇਸ ਦਾ ਸਵਾਗਤ ਅਤੇ ਸਮਰਥਨ ਕਰਨਾ ਚਾਹੀਦਾ ਹੈ। ਵਿਰੋਧੀ ਪਾਰਟੀਆਂ ਵੱਲੋਂ ਇਸ ਦਾ ਵਿਰੋਧ ਸਿਰਫ ਸੱਤਾ ਦੀ ਲਾਲਸਾ ਅਤੇ ਅਗਿਆਨਤਾ ਦਾ ਹੀ ਨਤੀਜਾ ਹੈ ਅਤੇ ਉਨ੍ਹਾਂ ਦਾ ਦੇਸ਼ ਤੋਂ ਕੋਈ ਲੇਣਾ-ਦੇਣਾ ਨਹੀਂ ਹੈ। ਅਵਿਸ਼ਵਾਸ ਪ੍ਰਸਤਾਵ 'ਤੇ ਬੋਲਦੇ ਹੋਏ ਸ੍ਰੀ ਵਿਜ ਨੇ ਕਿਹਾ ਕਿ ਅੱਜ ਤੋਂ ਪਹਿਲਾਂ ਉੱਪ ਰਾਸ਼ਟਰਪਤੀ ਦੇ ਖਿਲਾਫ ਅਵਿਸ਼ਵਾਸ ਪ੍ਰਸਤਾਵ ਕਿਸੇ ਵੀ ਪਾਰਟੀ ਵੱਲੋਂ ਨਹੀਂ ਲਿਆਇਆ ਗਿਆ ਸੀ। ਇਹ ਅਵਿਸ਼ਵਾਸ ਪ੍ਰਸਤਾਵ ਵਿਰੋਧੀ ਪਾਰਟੀਆਂ ਵੱਲੋਂ ਜੋਰਜ ਸੋਰਸ ਦੇ ਮੁੱਦੇ ਨੂੰ ਲੁਕਾਉਣ ਲਈ ਲਿਆਇਆ ਗਿਆ ਹੈ।

# ਨਵਾਂਗਾਓਂ ਨਗਰ ਕੌਂਸਲ ਦੇ ਵਾਰਡ-16 ਦੀ ਉਪ ਚੋਣ ਲਈ ਅਕਾਲੀ ਉਮੀਦਵਾਰ ਮੁਕੇਸ਼ ਚੁਨਾਲੀਆ ਨੇ ਨਾਮਜ਼ਦਗੀ ਦਾਖ਼ਲ ਕੀਤੀ

**ਚੰਡੀਗੜ੍ਹ, 16 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਅਤੇ ਹਲਕਾ ਖਰੜ ਦੇ ਮੁੱਖ ਸੇਵਾਦਾਰ ਸਰਦਾਰ ਰਣਜੀਤ ਸਿੰਘ ਗਿੱਲ ਨੇ ਦੱਸਿਆ ਕਿ ਨਵਾਂਗਾਓਂ ਨਗਰ ਕੌਂਸਲ ਦੀ ਵਾਰਡ-16 ਦੀ ਉਪ ਚੋਣ ਲਈ ਸ਼੍ਰੋਮਣੀ ਅਕਾਲੀ ਦਲ ਨੇ ਵਾਰਡ ਨੰ: 16 ਤੋਂ ਉਮੀਦਵਾਰ ਮੁਕੇਸ਼ ਚਨਾਲੀਆ ਨੂੰ ਮੈਦਾਨ ਵਿੱਚ ਉਤਾਰਿਆ ਹੈ ਜੋ ਇਮਾਨਦਾਰ ਵਿਕਾਸ ਨੂੰ ਤਰਜੀਹ ਦੇਣ ਵਾਲਾ 9

ਸਰਦਾਰ ਰਾਣਾ ਗਿੱਲ ਜੀ ਨੇ ਕਿਹਾ ਕਿ ਮੁਕੇਸ਼ ਚਨਾਲੀਆ ਜੀ ਬਹੁਤ ਹੀ ਮਿਲਣਸਾਰ ਇਨਸਾਨ ਹਨ ਅਤੇ ਹਰ ਇੱਕ ਦੇ ਦੁੱਖ-ਸੁੱਖ ਵਿੱਚ ਮਦਦ ਕਰਦੇ ਹਨ।

ਉਮੀਦਵਾਰ ਮੁਕੇਸ਼ ਚਨਾਲੀਆ ਨੇ ਆਪਣੇ ਨਾਮਜ਼ਦਗੀ ਪੱਤਰ ਰਿਟਰਨਿੰਗ ਅਫਸਰ ਸ੍ਰੀ ਤਰੁਣ ਗੁਪਤਾ ਐਸ.ਡੀ.ਓ ਖੁਰਦ ਕੋਲ ਦਾਖਲ



ਕੀਤੇ। ਉਨ੍ਹਾਂ ਨਾਲ ਕਿ ਮੁਕੇਸ਼ ਚਨਾਲੀਆ ਜੀ ਬਹੁਤ ਹੀ ਮਿਲਣਸਾਰ ਇਨਸਾਨ ਹਨ ਅਤੇ ਹਰ ਇੱਕ ਦੇ ਦੁੱਖ-ਸੁੱਖ ਵਿੱਚ ਮਦਦ ਕਰਦੇ ਹਨ।

ਉਮੀਦਵਾਰ ਮੁਕੇਸ਼ ਚਨਾਲੀਆ ਨੇ ਆਪਣੇ ਨਾਮਜ਼ਦਗੀ ਪੱਤਰ ਰਿਟਰਨਿੰਗ ਅਫਸਰ ਸ੍ਰੀ ਤਰੁਣ ਗੁਪਤਾ ਐਸ.ਡੀ.ਓ ਖੁਰਦ ਕੋਲ ਦਾਖਲਕੌਂਸਲਰ ਗੁਰਬਚਨ ਸਿੰਘ, ਰਾਜੂ ਸੇਮੂਲ, ਅਨਿਲ ਕੁਮਾਰ, ਰਵੀ ਬਿਸਤ, ਸੂਰਜਪਾਲ, ਹਵਾ ਸਿੰਘ, ਚੰਦਰਪਾਲ, ਕਰਨ, ਪੰਨਾਪਾਲ, ਰੇਸ਼ੀਪਾਲ ਅਤੇ ਹੋਰ ਵਰਕਰ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਸੰਸਦ ਮੈਂਬਰ ਮੀਤ ਹੇਅਰ ਨੇ ਡਿਜਾਸਟਰ ਮੈਨੇਜਮੈਂਟ ਸੋਧ ਬਿੱਲ ਬਾਰੇ ਸੰਸਦ ਵਿੱਚ ਉਠਾਏ ਅਹਿਮ ਮੁੱਦੇ

**ਚੰਡੀਗੜ੍ਹ, 16 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਗੁਰਮੀਤ ਸਿੰਘ ਮੀਤ ਹੇਅਰ ਨੇ ਵੀਰਵਾਰ ਨੂੰ ਸੰਸਦੀ ਸੈਸ਼ਨ ਵਿੱਚ ਆਪਦਾ ਪ੍ਰਬੰਧਨ ਫ਼ੰਡ ਅਲਾਟਮੈਂਟ ਅਤੇ ਅੰਤਰਰਾਜੀ ਵਿਵਾਦਾਂ ਕਾਰਨ ਪੰਜਾਬ ਵਿੱਚ ਕਿਸਾਨਾਂ ਨੂੰ ਪੇਸ਼ ਆ ਰਹਿਆਂ ਚੁਣੌਤੀਆਂ ਸੰਬੰਧੀ ਗੰਭੀਰ ਮੁੱਦਿਆਂ ਨੂੰ ਉਠਾਈਆਂ। ਇੱਕ ਨਿਰਪੱਖ ਅਤੇ ਪਾਰਦਰਸ਼ੀ ਪਹੁੰਚ ਦੀ ਲੋੜ ਨੂੰ ਉਜਾਗਰ ਕਰਦੇ ਹੋਏ, ਮੀਤ ਹੇਅਰ ਨੇ ਡੀਜਾਸਟਰ ਪ੍ਰਬੰਧਨ ਫ਼ੰਡ ਅਲਾਟਮੈਂਟ ਵਿੱਚ ਰਾਜ ਦੀ ਪ੍ਰਤੀਨਿਧਤਾ ਦੀ ਮੰਗ ਕੀਤੀ।

ਮੀਤ ਹੇਅਰ ਨੇ ਕਿਹਾ ਕਿ ਰਾਜਾਂ ਦੀ ਢੁਕਵੀਂ ਪ੍ਰਤੀਨਿਧਤਾ ਨਾਲ ਡਿਜਾਸਟਰ ਮੈਨੇਜਮੈਂਟ ਫ਼ੰਡ ਅਲਾਟ ਕੀਤੇ ਜਾਣੇ ਚਾਹੀਦੇ ਹਨ। ਪਿਛਲੀਆਂ ਘਟਨਾਵਾਂ ਵੱਲ ਧਿਆਨ ਦਿਵਾਉਂਦੇ ਹੋਏ, ਉਨ੍ਹਾਂ ਕਿਹਾ ਕਿ 2023 ਵਿੱਚ, ਹੜ੍ਹਾਂ ਨੇ ਪੰਜਾਬ, ਹਿਮਾਚਲ ਪ੍ਰਦੇਸ਼ ਅਤੇ ਬਿਹਾਰ ਵਿੱਚ ਵਿਆਪਕ ਤਬਾਹੀ ਮਚਾਈ ਸੀ, ਫਿਰ ਵੀ ਵਿਸ਼ੇਸ਼ ਰਾਹਤ ਪੈਕੇਜ ਸਿਰਫ਼ ਬਿਹਾਰ ਨੂੰ ਹੀ ਦਿੱਤਾ ਗਿਆ।

ਇਹ ਅਸਮਾਨਤਾ ਫ਼ੰਡ ਦੇ ਵੰਡ ਦੇ ਫ਼ੈਸਲਿਆਂ ਵਿੱਚ ਰਾਜ ਦੀ ਪ੍ਰਤੀਨਿਧਤਾ ਨੂੰ ਯਕੀਨੀ ਬਣਾਉਣ ਲਈ ਇੱਕ ਵਿਧੀ (ਵਿਵਸਥਾ) ਦੀ ਲੋੜ ਨੂੰ ਉਜਾਗਰ ਕਰਦੀ ਹੈ।

ਹਾਲੀਆ ਆਫ਼ਤਾਂ ਨਾਲ ਨਜਿੱਠਣ ਦੀ ਮਹੱਤਤਾ 'ਤੇ ਜ਼ੋਰ ਦਿੰਦੇ ਹੋਏ, ਹੇਅਰ ਨੇ ਕੇਂਦਰ ਸਰਕਾਰ ਨੂੰ 2023 ਦੇ ਹੜ੍ਹਾਂ ਦੌਰਾਨ ਹੋਏ ਨੁਕਸਾਨ ਲਈ ਪੰਜਾਬ ਨੂੰ ਮੁਆਵਜ਼ਾ ਦੇਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਨਵੇਂ ਮਾਪਦੰਡਾਂ ਤਹਿਤ, ਸਰਕਾਰ ਨੂੰ ਪੰਜਾਬ ਵਿੱਚ ਹੋਏ 1,600 ਕਰੋੜ ਰੁਪਏ ਦੀ ਜਨਤਕ ਜਾਇਦਾਦ ਦੇ ਨੁਕਸਾਨ ਦਾ ਜਵਾਬ ਦੇਣਾ ਪਵੇਗਾ। ਉਨ੍ਹਾਂ ਕਿਹਾ ਕਿ ਬੁਨਿਆਦੀ ਢਾਂਚੇ ਦਾ ਮੁੜ ਨਿਰਮਾਣ ਕਰਨਾ ਅਤੇ ਪ੍ਰਭਾਵਿਤ ਭਾਈਚਾਰਿਆਂ ਦੀ ਸਹਾਇਤਾ ਕਰਨਾ ਮਹੱਤਵਪੂਰਨ ਹੈ।

ਸੰਸਦ ਮੈਂਬਰ ਨੇ ਧਿਆਨ ਦਿਵਾਇਆ ਕਿ ਪਸ਼ੂਆਂ ਦੀਆਂ ਬਿਮਾਰੀਆਂ, ਜਿਵੇਂ ਕਿ ਲੰਪੀ ਚਮੜੀ ਦੀ ਬਿਮਾਰੀ ਜਿਸ ਦੇ ਨਤੀਜੇ ਵਜੋਂ ਪੰਜਾਬ ਵਿੱਚ 18,000 ਗਾਵਾਂ ਦੀ ਮੌਤ ਹੋ ਗਈ, ਨੂੰ ਡਿਜਾਸਟਰ ਮੈਨੇਜਮੈਂਟ ਦੇ ਅਧੀਨ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਇਸ ਪਹਿਲੂ ਨੂੰ ਨਜ਼ਰਅੰਦਾਜ਼ ਕਰਨਾ ਰਾਜ ਦੀ ਖੇਤੀਬਾੜੀ ਜੋ ਕਿ ਰੀੜ੍ਹ ਦੀ ਹੱਡੀ ਹੈ, ਨੂੰ ਕਮਜ਼ੋਰ ਕਰਦਾ ਹੈ।

ਆਪਣੇ ਸੰਬੋਧਨ ਦੌਰਾਨ, ਮੀਤ ਹੇਅਰ ਨੇ ਪਸ਼ੂਆਂ ਦੇ ਨੁਕਸਾਨ ਲਈ ਮੁਆਵਜ਼ੇ ਦੀਆਂ ਦਰਾਂ ਵਿੱਚ ਸਪੱਸ਼ਟ ਅਸਮਾਨਤਾ ਨੂੰ ਉਜਾਗਰ ਕੀਤਾ। ਉਨ੍ਹਾਂ ਦੱਸਿਆ ਕਿ ਪੰਜਾਬ ਵਿੱਚ ਇੱਕ ਮੱਝ ਦਾ ਬਜ਼ਾਰ ਵਿਚ ਮੁੱਲ ਲਗਭਗ 1 ਲੱਖ ਰੁਪਏ ਹੈ। ਡਿਜਾਸਟਰ ਮੈਨੇਜਮੈਂਟ ਨਿਯਮਾਂ ਤਹਿਤ ਮੁਆਵਜ਼ਾ ਸਿਰਫ਼ 37,500 ਰੁਪਏ ਹੈ। ਉਨ੍ਹਾਂ ਕਿਹਾ ਕਿ ਇਹ ਪੁਰਾਣੀ ਦਰ ਕਿਸਾਨਾਂ ਦੇ ਅਸਲ ਆਰਥਿਕ ਨੁਕਸਾਨ ਨੂੰ ਧਿਆਨ ਵਿੱਚ ਨਹੀਂ ਰੱਖਦੀ ਹੈ। ਪ੍ਰਭਾਵਿਤ ਕਿਸਾਨਾਂ ਲਈ ਨਿਆਂ ਯਕੀਨੀ ਬਣਾਉਣ ਲਈ ਕੇਂਦਰ ਸਰਕਾਰ ਲਈ ਇਹ ਜ਼ਰੂਰੀ ਹੈ ਕਿ ਉਹ ਇਹਨਾਂ ਨਿਯਮਾਂ ਨੂੰ ਸੋਧੇ ਅਤੇ ਮੁਆਵਜ਼ੇ ਦੀਆਂ ਦਰਾਂ ਨੂੰ ਮੌਜੂਦਾ ਬਾਜ਼ਾਰ ਮੁੱਲ ਨਾਲ ਜੋੜਿਆ ਜਾਵੇ।

ਪੰਜਾਬ ਦੇ ਦਰਿਆਈ ਪ੍ਰਣਾਲੀਆਂ – ਰਾਵੀ, ਸਤਲੁਜ, ਬਿਆਸ ਅਤੇ ਘੱਗਰ ਦੇ ਨਾਲ ਮਜ਼ਬੂਤ ਬੁਨਿਆਦੀ ਢਾਂਚੇ ਦੀ ਲੋੜ ਨੂੰ ਉਜਾਗਰ ਕਰਦੇ ਹੋਏ – ਹੇਅਰ ਨੇ ਕੰਢਿਆਂ ਦੇ ਨਿਰਮਾਣ ਅਤੇ ਹੜ੍ਹ ਕੰਟਰੋਲ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ ਤੁਰੰਤ ਸੰਘੀ ਸਹਾਇਤਾ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ 180 ਕਰੋੜ ਰੁਪਏ ਦੇ ਪ੍ਰਾਜੈਕਟ ਲਈ ਕੇਂਦਰ ਸਰਕਾਰ ਨੂੰ ਪਹਿਲਾਂ ਹੀ ਪ੍ਰਸਤਾਵ ਸੌਂਪਿਆ ਹੈ, ਜਿਸ ਵਿੱਚ 40 ਫ਼ੀਸਦੀ ਫ਼ੰਡ ਪੰਜਾਬ ਵੱਲੋਂ ਸਾਂਝੇ ਕੀਤੇ ਜਾਣਗੇ।

ਘੱਗਰ ਦਰਿਆ ਦੇ ਲੰਬੇ ਸਮੇਂ ਤੋਂ ਚੱਲ ਰਹੇ ਮੁੱਦੇ 'ਤੇ ਚਰਚਾ ਕਰਦਿਆਂ ਹੇਅਰ ਨੇ ਕਿਹਾ ਕਿ ਪੰਜਾਬ ਦੇ ਕਿਸਾਨਾਂ ਨੂੰ ਹਰ ਸਾਲ ਹੜ੍ਹਾਂ ਕਾਰਨ ਭਾਰੀ ਨੁਕਸਾਨ ਹੁੰਦਾ ਹੈ। ਉਨ੍ਹਾਂ ਨੇ ਇਸ ਦਾ ਕਾਰਨ ਹਰਿਆਣਾ ਵੱਲੋਂ ਘੱਗਰ 'ਤੇ ਬੰਨ੍ਹ (ਧੁੱਸੀ ਬੰਨ੍ਹ) ਬਣਾਉਣ ਲਈ ਜ਼ਰੂਰੀ ਐਨ.ਓ.ਸੀ. ਦੇਣ ਤੋਂ ਇਨਕਾਰ ਕਰਨਾ ਦੱਸਿਆ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਇਸ ਮੁੱਦੇ ਨੂੰ ਸੁਲਝਾਉਣ ਲਈ ਪੰਜਾਬ ਅਤੇ ਹਰਿਆਣਾ ਦਰਮਿਆਨ ਵਿਚੋਲਗੀ ਕਰਨੀ ਚਾਹੀਦੀ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਖਨੌਰੀ ਅਤੇ ਸੰਗਰੂਰ ਵਰਗੇ ਖੇਤਰਾਂ ਦੇ ਹਜ਼ਾਰਾਂ ਕਿਸਾਨ ਹੁਣ ਕੁਦਰਤ ਦੇ ਰਹਿਮ 'ਤੇ ਨਹੀਂ ਰਹੇ।

ਆਪਣੇ ਸੰਬੋਧਨ ਦੀ ਸਮਾਪਤੀ ਕਰਦੇ ਹੋਏ, ਮੀਤ ਹੇਅਰ ਨੇ ਕੇਂਦਰ ਸਰਕਾਰ ਨੂੰ ਅਪੀਲ ਕੀਤੀ ਕਿ ਉਹ ਸਮਾਨ ਡਿਜਾਸਟਰ ਮੈਨੇਜਮੈਂਟ ਨੀਤੀਆਂ ਨੂੰ ਤਰਜੀਹ ਦੇਵੇ, ਅੰਤਰਰਾਜੀ ਵਿਵਾਦਾਂ ਨੂੰ ਹੱਲ ਕਰੇ ਅਤੇ ਜਨਤਕ ਅਤੇ ਖੇਤੀਬਾੜੀ ਹਿੱਤਾਂ ਦੀ ਰਾਖੀ ਲਈ ਸਮੇਂ ਸਿਰ ਫ਼ੰਡਾਂ ਦੀ ਵੰਡ ਨੂੰ ਯਕੀਨੀ ਬਣਾਏ।

# ਨਿਗਮ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀ ਹੋਵੇਗੀ ਵੱਡੀ ਜਿੱਤ - ਅਮਨ ਅਰੋੜਾ

**ਲੁਧਿਆਣਾ, 16 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ (ਆਪ) ਨੂੰ ਲੁਧਿਆਣਾ ਵਿੱਚ ਇੱਕ ਹੋਰ ਮਜਬੂਤੀ ਮਿਲੀ ਹੈ। ਆਤਮ ਨਗਰ ਦੇ ਸਾਬਕਾ ਕਾਂਗਰਸ ਹਲਕਾ ਇੰਚਾਰਜ ਅਤੇ ਭਾਜਪਾ ਦੇ ਮੌਜੂਦਾ ਆਗੂ ਕਮਲਜੀਤ ਸਿੰਘ ਕੜਵਲ ਵੀਰਵਾਰ ਨੂੰ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ।



ਕਮਲਜੀਤ ਸਿੰਘ ਦੇ ਨਾਲ ਕਈ ਹੋਰ ਕਾਂਗਰਸੀ ਅਤੇ ਭਾਜਪਾ ਆਗੂ ਵੀ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ। ਇਸ ਮੌਕੇ ਸਾਬਕਾ ਕਾਂਗਰਸੀ ਕੌਂਸਲਰ ਗੁਰਪ੍ਰੀਤ ਸਿੰਘ ਗੋਪੀ, ਕਾਂਗਰਸੀ ਆਗੂ ਸੁਖਵਿੰਦਰ ਸਿੰਘ ਕੋਛੜ, ਬਲਜਿੰਦਰ ਸਿੰਘ ਕਾਲੋ, ਲੋਕ ਇਨਸਾਫ਼ ਪਾਰਟੀ ਦੇ ਆਗੂ ਵਿਕਰਾਂਤ ਸ਼ਰਮਾ, ਸਾਬਕਾ ਭਾਜਪਾ ਕੌਂਸਲਰ ਰਣਜੀਤ ਸਿੰਘ ਉੱਭੀ, ਬਲਜਿੰਦਰ ਸਿੰਘ ਕਾਹਲੋ, ਮੌਜੂਦਾ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਜਗਜੀਤ ਸਿੰਘ ਭਾਮ ਅਤੇ ਭਾਜਪਾ ਆਗੂ ਦਵਿੰਦਰ ਸਿੰਘ ਵਾਲੀਆ, ਸੁਖਵੰਤ ਸਿੰਘ ਉੱਭੀ, ਰਵੀ ਸ਼ਰਮਾ ਨੀਟਾ, ਰਣਵੀਰ ਸਿੰਘ ਉੱਭੀ ਪ੍ਰੀਤ ਗੁਡਾਣੀ ਵੀ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ।

ਸਾਰੇ ਆਗੂਆਂ ਨੂੰ ਆਮ ਆਦਮੀ ਪਾਰਟੀ ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਨੇ ਚੰਡੀਗੜ੍ਹ ਪਾਰਟੀ ਦਫ਼ਤਰ ਵਿਖੇ ਰਸਮੀ ਤੌਰ 'ਤੇ ਪਾਰਟੀ 'ਚ ਸ਼ਾਮਲ ਕੀਤਾ ਅਤੇ ਉਨ੍ਹਾਂ ਦਾ 'ਆਪ' ਪਰਿਵਾਰ 'ਚ ਸਵਾਗਤ ਕੀਤਾ। ਇਸ ਮੌਕੇ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆਂ, ਪਾਰਟੀ ਦੇ ਕਾਰਜਕਾਰੀ ਪ੍ਰਧਾਨ ਅਮਨਸ਼ੇਰ ਸਿੰਘ ਸ਼ੈਰੀ ਕਲਸੀ, ਵਿਧਾਇਕ ਦੇਵ ਮਾਨ, ਆਪ ਆਗੂ ਡਾ.ਸਨੀ ਆਹਲੂਵਾਲੀਆ ਅਤੇ ਪਾਰਟੀ ਦੇ ਸੀਨੀਅਰ ਬੁਲਾਰੇ ਨੀਲ ਗਰਗ ਹਾਜ਼ਰ ਸਨ।

ਅਮਨ ਅਰੋੜਾ ਨੇ ਸਮੂਹ ਆਗੂਆਂ ਦਾ ਪਾਰਟੀ ਵਿੱਚ ਸਵਾਗਤ ਕਰਦਿਆਂ ਕਿਹਾ ਕਿ ਨਗਰ ਨਿਗਮ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੂੰ ਹਰ ਪਾਸੇ ਲੋਕਾਂ ਵੱਲੋਂ ਚੰਗਾ ਹੁੰਗਾਰਾ ਮਿਲ ਰਿਹਾ ਹੈ। ਵੱਖ-ਵੱਖ ਪਾਰਟੀਆਂ ਦੇ ਆਗੂਆਂ ਦਾ ਆਮ ਆਦਮੀ ਪਾਰਟੀ ਵਿੱਚ ਲਗਾਤਾਰ ਸ਼ਾਮਲ ਹੋਣਾ ਦਰਸਾਉਂਦਾ ਹੈ ਕਿ ਨਗਰ ਨਿਗਮ ਚੋਣਾਂ ਵਿੱਚ ਆਮ ਆਦਮੀ ਪਾਰਟੀ ਦੀ ਵੱਡੀ ਜਿੱਤ ਹੋਣ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਸਾਰੇ ਮੈਂਬਰਾਂ ਨੂੰ ਪਾਰਟੀ ਵਿੱਚ ਬਣਦਾ ਮਾਣ ਸਤਿਕਾਰ ਦਿੱਤਾ ਜਾਵੇਗਾ।

# ਕੂੜਾ ਡੰਪ ਚੁੱਕਵਾਉਣ ਲਈ ਮੋਮਬੱਤੀ ਮਾਰਚ



**ਜਲੰਧਰ, 16 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅਰਬਨ ਅਸਟੇਟ ਫੇਜ਼ 1, ਫੇਜ਼ 2 ਦੇ ਵੱਡੀ ਗਿਣਤੀ ਵਸਨੀਕਾਂ ਅਤੇ ਅਰਬਨ ਅਸਟੇਟ ਮਾਰਕੀਟ ਐਸੋਸੀਏਸ਼ਨ ਦੇ ਮੈਂਬਰਾਂ ਨੇ ਅੱਜ ਸ਼ਾਮ ਨੂੰ ਮੋਮਬੱਤੀ ਮਾਰਚ ਕੱਢ ਕੇ ਮਾਰਕੀਟ ਖੇਤਰ ਵਿੱਚ ਕੂੜਾ ਡੰਪ ਨੂੰ ਸਥਾਈ ਤੌਰ 'ਤੇ ਬੰਦ ਕਰਨ ਦੀ ਮੰਗ ਕੀਤੀ। ਇਹ ਰੋਸ ਮੁਜ਼ਾਹਰਾ ਫੇਜ਼-2 ਸਥਿਤ ਚੌਹਾਨ ਮੋਟਰ ਗੈਰੇਜ ਤੋਂ ਸ਼ੁਰੂ ਹੋ ਕੇ ਬਜ਼ਾਰ ਖੇਤਰ ਵਿੱਚੋਂ ਲੰਘ ਕੇ ਉਸੇ ਥਾਂ 'ਤੇ ਜਾ ਕੇ ਸਮਾਪਤ ਹੋਇਆ। ਉਨ੍ਹਾਂ ਕਿਹਾ ਕਿ ਡੰਪ ਕਾਰਨ ਪੈਦਾ ਹੋਏ ਸਿਹਤ ਖਤਰਿਆਂ ਅਤੇ ਵਾਤਾਵਰਨ ਦੇ ਖਤਰਿਆਂ ਨੂੰ ਲੈ ਕੇ ਨਿਰਾਸ਼ਾ ਵਧ ਰਹੀ ਹੈ ਜਿਸ ਕਾਰਨ ਇਸ ਖੇਤਰ ਦੇ ਵਾਸੀ ਸਾਲਾਂ ਤੋਂ ਪ੍ਰੇਸ਼ਾਨ ਹਨ।

ਮੋਮਬੱਤੀਆਂ ਅਤੇ ਤਖ਼ਤੀਆਂ ਫੜ ਕੇ ਪ੍ਰਦਰਸ਼ਨਕਾਰੀਆਂ ਨੇ ਮੰਗਾਂ ਪੂਰੀਆਂ ਨਾ ਹੋਣ 'ਤੇ ਸੰਘਰਸ਼ ਤੇਜ਼ ਕਰਨ ਦਾ ਅਹਿਦ ਲਿਆ। ਉਨ੍ਹਾਂ ਨੇ ਲੋੜ ਪੈਣ 'ਤੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅਤੇ ਨੈਸ਼ਨਲ ਗ੍ਰੀਨ ਟ੍ਰਿਬਿਊਨਲ (ਐਨਜੀਟੀ) ਤੱਕ ਪਹੁੰਚ ਕਰਕੇ ਇਸ ਮਾਮਲੇ ਨੂੰ ਕਾਨੂੰਨੀ ਤੌਰ 'ਤੇ ਵਧਾਉਣ ਦੀਆਂ ਯੋਜਨਾਵਾਂ ਦਾ ਐਲਾਨ ਕੀਤਾ। ਵਸਨੀਕਾਂ ਨੇ ਇਹ ਵੀ ਚਿਤਾਵਨੀ ਦਿੱਤੀ ਕਿ ਜੇਕਰ ਡੰਪ ਨੂੰ ਪੱਕੇ ਤੌਰ 'ਤੇ ਬੰਦ ਨਾ ਕੀਤਾ ਗਿਆ ਤਾਂ ਵੱਡੇ ਪੱਧਰ 'ਤੇ ਵਿਰੋਧ ਪ੍ਰਦਰਸ਼ਨ ਕੀਤੇ ਜਾਣਗੇ। ਮਾਰਚ ਵਿੱਚ ਸ਼ਾਮਲ ਹੋਣ ਵਾਲਿਆਂ ਵਿੱਚ ਪ੍ਰੋਫੈਸਰ ਕੰਵਰ ਸਰਤਾਜ ਸਿੰਘ, ਅਮਰਜੀਤ ਸਿੰਘ, ਕਰਨਬੀਰ ਸਿੰਘ, ਡਾ: ਜੰਗਪ੍ਰੀਤ, ਡਾ: ਸੱਚਰ ਅਤੇ ਹੋਰ ਇਲਾਕਾ ਨਿਵਾਸੀ ਸ਼ਾਮਲ ਸਨ, ਜਿਨ੍ਹਾਂ ਨੇ ਸਰਕਾਰ ਦੀ ਅਣਗਹਿਲੀ ਬਾਰੇ ਚਿੰਤਾ ਪ੍ਰਗਟ ਕੀਤੀ। ਪ੍ਰੋ: ਕੰਵਰ ਸਰਤਾਜ ਨੇ ਕਿਹਾ ਕਿ ਡੰਪ ਇੱਕ ਗੰਭੀਰ ਸਿਹਤ ਅਤੇ ਵਾਤਾਵਰਨ ਸੰਕਟ ਵਿੱਚ ਬਦਲ ਗਿਆ ਹੈ ਜਿਸ ਦਾ ਤੁਰੰਤ ਹੱਲ ਚਾਹੀਦਾ ਹੈ।

# ਨਗਰ ਕੌਂਸਲ ਨਵਾਂਗਾਓਂ ਦੇ ਵਾਰਡ-16 ਦੀ ਜ਼ਿਮਨੀ ਚੋਣ: ਐਸਸੀ ਰਾਖਵੀਂ ਸੀਟ ਲਈ ਬਣਾਏ ਗਏ ਦੋ ਪੋਲਿੰਗ ਬੂਥ

**ਚੰਡੀਗੜ੍ਹ, 16 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਨਵਾਂਗਾਓਂ ਨਗਰ ਕੌਂਸਲ ਦੀ ਉਪ ਚੋਣ ਲਈ ਵਾਰਡ-16, ਜਨਤਾ ਕਲੋਨੀ, ਆਸਮਾ ਪਬਲਿਕ ਸਕੂਲ ਵਿੱਚ ਐਸਸੀ ਰਾਖਵੀਆਂ ਸੀਟਾਂ ਲਈ ਦੋ ਪੋਲਿੰਗ ਬੂਥ ਬਣਾਏ ਗਏ ਸਨ। ਇਨ੍ਹਾਂ ਪੋਲਿੰਗ ਬੂਥਾਂ 'ਤੇ ਵਾਰਡ ਨੰ:-16 ਦੇ ਕੁੱਲ 1864 ਲੋਕ ਕੌਂਸਲਰ ਚੋਣਾਂ ਲਈ ਆਪਣੀ ਵੋਟ ਦਾ ਇਸਤੇਮਾਲ ਕਰਨਗੇ।

ਕੌਂਸਲਰ ਦੀ ਚੋਣ ਲਈ ਵੋਟਾਂ 21 ਦਸੰਬਰ, 2024 ਨੂੰ ਸਵੇਰੇ 7:00 ਵਜੇ ਤੋਂ ਸ਼ਾਮ 4:00 ਵਜੇ ਤੱਕ ਆਸਮਾ ਪਬਲਿਕ ਸਕੂਲ, ਜਨਤਾ ਕਲੋਨੀ ਦੇ ਦੋਵੇਂ ਪੋਲਿੰਗ ਬੂਥਾਂ 30 ਅਤੇ 31 'ਤੇ ਪੈਣਗੀਆਂ। ਵਾਰਡ ਨੰ:- 16 ਦੇ ਕੁੱਲ 1864 ਵੋਟਰਾਂ ਵਿੱਚੋਂ 1039 ਪੁਰਸ਼ ਅਤੇ 825 ਔਰਤਾਂ ਆਪਣੇ ਵੋਟ ਦਾ ਇਸਤੇਮਾਲ ਕਰਨਗੇ। ਵਾਰਡ ਨੰਬਰ -16 ਦੀ ਨਗਰ ਕੌਂਸਲ ਦੀ ਉਪ ਚੋਣ ਲਈ ਹੁਣ ਤੱਕ ਚਾਰ ਪਾਰਟੀਆਂ ਨੇ ਉਮੀਦਵਾਰ ਖੜ੍ਹੇ ਕੀਤੇ ਹਨ, ਜਿਨ੍ਹਾਂ ਵਿੱਚ ਭਾਜਪਾ ਵੱਲੋਂ ਵਿਸ਼ਾਲ ਮਨਸ਼ਾ ਪਾਸੀ, ਅਕਾਲੀ ਦਲ ਵੱਲੋਂ ਮੁਕੇਸ਼ ਚਲਾਨੀਆ, ਕਾਂਗਰਸ ਵੱਲੋਂ ਨਿਰਮਲਾ ਦੇਵੀ ਨੇ ਕੌਂਸਲਰ ਦੀ ਚੋਣ ਲਈ ਉਮੀਦਵਾਰ ਖੜ੍ਹੇ ਕੀਤੇ ਹਨ ਪੰਜਾਬ ਵਿੱਚ ਆਮ ਆਦਮੀ ਪਾਰਟੀ ਨੇ ਲਾਲ ਸਿੰਘ ਦੀ ਪਤਨੀ ਸੰਤੋਸ਼ ਦੇਵੀ ਨੂੰ ਆਪਣਾ ਉਮੀਦਵਾਰ ਐਲਾਨਿਆ ਹੈ। ਹੁਣ ਸਿਰਫ਼ ਇੱਕ ਸੀਟ ਲਈ ਚਾਰ ਉਮੀਦਵਾਰ ਮੈਦਾਨ ਵਿੱਚ ਹਨ।

# ਲੁੱਟਾਂ-ਖੋਹਾਂ ਦੇ ਦੋਸ਼ ਹੇਠ 9 ਕਾਬੂ

**ਜਲੰਧਰ, 16 ਦਸੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿਹਾਤੀ ਪੁਲੀਸ ਨੇ ਨਕੋਦਰ ਸਬ ਡਿਵੀਜ਼ਨਾਂ ਵਿੱਚ ਚਾਰ ਵੱਖ-ਵੱਖ ਅਪਰੇਸ਼ਨਾਂ ਵਿੱਚ 9 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਅਤੇ ਉਨ੍ਹਾਂ ਕੋਲੋਂ ਚੋਰੀ ਦੇ 7 ਮੋਬਾਈਲ ਫੋਨ, ਇੱਕ ਸਕੂਟਰ ਸਮੇਤ 8 ਚੋਰੀ ਦੇ ਵਾਹਨ ਅਤੇ ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ।

ਮੁਲਜ਼ਮਾਂ ਦੀ ਪਛਾਣ ਗੁਰਪ੍ਰੀਤ ਸਿੰਘ ਉਰਫ ਬੱਗਾ, ਮਨਦੀਪ ਸਿੰਘ ਉਰਫ ਮਨੀ, ਰਾਹੁਲ ਗਿੱਲ ਉਰਫ ਗਿਆਨੀ, ਨਵਜੋਤ ਸਿੰਘ ਉਰਫ ਰਵੀ, ਨਿੰਦਰ ਕੁਮਾਰ, ਰੋਹਿਤ ਧੀਰ ਉਰਫ ਚਾਰੀਆ, ਦਰਬਾਰਾ ਰਾਮ ਉਰਫ ਬਾਰਾ, ਵਿਜੇ ਕੁਮਾਰ, ਰਾਜਨ, ਅਤੇ ਵਿਜੇ ਸਾਰੇ ਨਿਵਾਸੀ ਨਵਾਂਸ਼ਹਿਰ, ਨਕੋਦਰ, ਤੇ ਮਹਿਤਪੁਰ ਖੇਤਰਾਂ ਵਜੋਂ ਹੋਈ ਹੈ। ਐਸਐਸਪੀ ਹਰਮਨਪ੍ਰੀਤ ਸਿੰਘ ਖੱਖ ਨੇ ਦੱਸਿਆ ਕਿ ਡੀਐਸਪੀ ਨਕੋਦਰ ਦੀ ਅਗਵਾਈ ਵਿੱਚ ਪੁਲੀਸ ਟੀਮ ਨੇ ਰਹਿਮਾਨਪੁਰਾ ਚੌਕ ਨੇੜੇ ਦੋ ਮੋਟਰਸਾਈਕਲਾਂ 'ਤੇ ਸਵਾਰ ਚਾਰ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ 260 ਨਸ਼ੀਲੀਆਂ ਗੋਲੀਆਂ ਬਰਾਮਦ ਕੀਤੀਆਂ ਹਨ। ਇੱਕ ਹੋਰ ਕਾਰਵਾਈ ਵਿੱਚ, ਨਕੋਦਰ ਪੁਲੀਸ ਨੇ ਜਲੰਧਰ, ਨਕੋਦਰ, ਮਹਿਤਪੁਰ ਅਤੇ ਸ਼ਾਹਕੋਟ ਖੇਤਰਾਂ ਵਿੱਚ ਲੁੱਟਾਂ-ਖੋਹਾਂ ਅਤੇ ਲੜੀਵਾਰ ਚੋਰੀ ਦੀਆਂ ਵਾਰਦਾਤਾਂ ਵਿੱਚ ਸ਼ਾਮਲ ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ।

